# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 44 | 08 November to 14 November October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਗੁਰਤਾਗੱਦੀ ਦਿਵਸ ਸਬੰਧੀ ਯੂਬਾਸਿਟੀ ਵਿਚ ਵਿਸ਼ਾਲ ਨਗਰ ਕੀਰਤਨ

*ਖਾਲਸਾਈ ਰੰਗ ਵਿੱਚ ਰੰਗਿਆ ਗਿਆ ਪੰਜਾਬੀਆਂ ਦੀ ਭਰਵੀਂ ਵੱਸੋਂ ਵਾਲਾ ਪੇਂਡੂ ਸ਼ਹਿਰ*



### ਆਤਿਸ਼ਬਾਜ਼ੀ, ਅੰਮ੍ਰਿਤ ਸੰਚਾਰ, ਨਿਸ਼ਾਨ ਸਾਹਿਬ ਸੇਵਾ, ਕੀਰਤਨ ਦਰਬਾਰ ਤੇ ਵਿਸ਼ੇਸ਼ ਸੈਮੀਨਾਰ ਕਰਵਾਏ

**ਯੂਬਾ ਸਿਟੀ/ਹੁਸਨ ਲੜੋਆ ਬੰਗਾ :** ਵਿਸ਼ਵ ਪੱਧਰੀ ਨਗਰ ਕੀਰਤਨਾਂ ਵਿਚ ਆਪਣਾ ਨਾਂ ਸੁਮਾਰ ਕਰਨ ਵਾਲੇ ਯੂਬਾ ਸਿਟੀ ਨਗਰ ਕੀਰਤਨ ਨੇ ਐਤਕਾਂ ਵੀ ਕਈ ਦਿਸਹੱਦੇ ਪੈਦਾ ਕੀਤੇ। ਗੁਰਤਾਗੱਦੀ ਦਿਵਸ ਸਬੰਧੀ ਯੂਬਾਸਿਟੀ 'ਚ ਕੀਤੇ ਜਾਂਦੇ ਸਾਲਾਨਾ ਵਿਸ਼ਾਲ ਨਗਰ ਕੀਰਤਨ 'ਚ ਐਤਕੀ ਵੀ ਸਿੱਖੀ ਬਾਣੇ ਵਾਲੀਆਂ ਸੰਗਤਾਂ ਦੀ ਭਰਵੀਂ ਸ਼ਮੂਲੀਅਤ ਨਾਲ ਪੰਜਾਬੀਆਂ ਦੀ ਭਰਵੀਂ ਵੱਸੋਂ ਵਾਲਾ ਇਹ ਪਿੰਡ ਨੁਮਾ ਸ਼ਹਿਰ ਖਾਲਸਾਈ ਰੰਗ ਵਿੱਚ ਰੰਗਿਆ ਨਜ਼ਰੀਂ ਪੈਂਦਾ ਸੀ।

ਐਤਵਾਰ ਸਵੇਰੇ ਅਮਰੀਕਨ ਤੇ ਸਿੱਖ ਆਗੂਆਂ ਨੂੰ ਦਿੱਤੇ ਸਨਮਾਨਾਂ ਤੋਂ ਬਾਅਦ ਅਰਦਾਸ ਹੋਣ ਬਾਅਦ ਨਗਰ ਕੀਰਤਨ ਦੀ ਅਰੰਭਤਾ ਹੋਈ ਜਿਸ ਦੀ ਅਗਵਾਈ ਪੰਜਾਂ ਪਿਆਰਾਂ ਇਲਾਵਾ ਅਮਰੀਕਨ ਸਮੁੰਦਰੀ ਸੈਨਾ ਤੇ ਹਵਾਈ ਸੈਨਾ ਦੀ ਟੁੱਕੜੀ ਨੇ ਬੈਂਡ ਤੇ ਪਰੇਡ ਨਾਲ ਕੀਤੀ।

ਬਾਕੀ ਸਫ਼ਾ 33 'ਤੇ

## 'ਆਪ' 'ਚ ਆਪਾਧਾਪੀ ਦਾ ਆਲਮ ਉਭਰ ਕੇ ਸਾਹਮਣੇ ਆਇਆ

- ਸੁਖਪਾਲ ਖਹਿਰਾ ਵਲੋਂ ਸੱਦੀ ਮੀਟੰਗ ਵਿਚ 14 ਵਿਧਾਇਕ ਤੇ ਬੈਂਸ ਭਰਾ ਪੁੱਜੇ
- ਲੋਕ ਸਭਾ ਮੈਂਬਰ ਭਗਵੰਤ ਮਾਨ ਸਮੇਤ ਛੇ ਵਿਧਾਇਕ ਰਹੇ ਗ਼ੈਰ-ਹਾਜ਼ਰ
- ਵਿਰੋਧੀ ਸੁਰ ਵਾਲੇ ਵਿਧਾਇਕਾਂ ਤੇ ਹੋਰਾਂ ਵਿਰੁੱਧ ਕੀਤੀ ਜਾਵੇਗੀ ਅਨੁਸ਼ਾਸਨੀ ਕਾਰਵਾਈ

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਨਸ਼ਾ ਤਸਕਰੀ ਮਾਮਲੇ ਵਿੱਚ ਅਦਾਲਤ ਤੋਂ ਸੰਮਨ ਜਾਰੀ ਹੋਣ ਬਾਅਦ ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ 'ਚ ਆਪਾਧਾਪੀ ਦਾ ਆਲਮ ਉਭਰ ਕੇ ਸਾਹਮਣੇ ਆਇਆ। ਮਾਮਲਾ ਗਰਮਾ ਜਾਣ ਬਾਅਦ ਜਿੱਥੇ ਸੱਤਾਧਾਰੀ ਕਾਂਗਰਸ ਪਾਰਟੀ, ਅਕਾਲੀ ਦਲ (ਬਾਦਲ) ਤੇ ਭਾਜਪਾ ਵਾਲੇ ਸੁਖਪਾਲ ਸਿੰਘ ਖਹਿਰਾ ਦਾ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਅਹੁਦੇ ਤੋਂ ਅਸਤੀਫ਼ਾ ਮੰਗ ਰਹੇ ਹਨ ਉੱਥੇ ਪਾਰਟੀ ਦੀ ਉਪ ਨੇਤਾ ਸਰਬਜੀਤ ਕੌਰ ਮਾਣੂੰ ਕੇ, ਸੀਨੀਅਰ ਵਿਧਾਇਕਾ ਪ੍ਰੋ; ਬਲਜਿੰਦਰ ਕੌਰ ਸਮੇਤ ਹੋਰਨਾਂ ਵਿਧਾਇਕਾਂ ਤੇ ਸੀਨੀਅਰ ਆਗੂਆਂ ਨੇ ਵੀ ਖਹਿਰਾ ਵਿਰੁਧ ਮੋਰਚਾ ਖੋਲ੍ਹ ਦਿੱਤਾ ਹੈ।

(ਇਸ ਸਬੰਧੀ ਵਿਸਥਾਰ ਵਿੱਚ ਖ਼ਬਰਾਂ ਅੰਦਰ ਸਫ਼ਾ 11 ਉੱਤੇ)

ਕੁੜਿਕੀ ਵਿੱਚ ਫਸੇ ਸੁਖਪਾਲ ਖਹਿਰਾ ਵੱਲੋਂ ਮੰਗਲਵਾਰ ਨੂੰ ਇਥੇ ਸੱਦੀ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਦਲ ਦੀ ਮੀਟਿੰਗ ਨੇ ਪਾਰਟੀ ਵਿਚਲੀ ਖਾਨਾਜੰਗੀ ਨੂੰ ਹੋਰ ਤੇਜ ਕੀਤਾ ਹੈ। ਇੱਥੇ ਹੋਈ ਮੀਟਿੰਗ ਵਿਚੋਂ ਪਾਰਟੀ ਪ੍ਰਧਾਨ ਭਗਵੰਤ ਸਿੰਘ ਮਾਨ

ਬਾਕੀ ਸਫ਼ਾ 33 'ਤੇ

### ਨਸ਼ਿਆਂ ਸਬੰਧੀ ਕੇਸ 'ਚ ਸੁਖਪਾਲ ਖਹਿਰਾ ਨੂੰ ਹਾਈਕੋਰਟ ਨੂੰ ਮਿਲੀ ਆਰਜ਼ੀ ਰਾਹਤ

**ਚੰਡੀਗੜ੍ਹ/ਬਿਊਰੋ ਨਿਊਜ਼:** ਨਸ਼ਿਆਂ ਸਬੰਧੀ ਕੇਸ 'ਚ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਜਾਰੀ ਗ਼ੈਰ-ਜ਼ਮਾਨਤੀ ਵਾਰੰਟਾਂ ਦੀ ਕਾਰਵਾਈ 'ਤੇ ਰੋਕ ਲਾਉਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਫ਼ਾਜ਼ਿਲਕਾ ਦੇ ਐਡੀਸ਼ਨਲ ਸੈਸ਼ਨ ਜੱਜ ਵੱਲੋਂ ਇਸ ਕੇਸ ਵਿੱਚ



ਸ੍ਰੀ ਖਹਿਰਾ ਨੂੰ ਸਹਿ-ਮੁਲਜ਼ਮ ਵਜੋਂ ਮੁਕੱਦਮੇ ਦਾ ਸਾਹਮਣਾ ਕਰਨ ਲਈ ਸੰਮਨ ਜਾਰੀ ਕੀਤੇ ਜਾਣ ਦੇ ਤਕਰੀਬਨ ਹਫ਼ਤੇ ਬਾਅਦ ਜਸਟਿਸ ਏ ਬੀ ਚੌਧਰੀ ਨੇ ਇਹ ਹੁਕਮ ਜਾਰੀ ਕੀਤੇ ਹਨ। ਜਸਟਿਸ ਚੌਧਰੀ ਨੇ ਇਸ ਕੇਸ 'ਚ ਅੰਤਿਮ ਬਹਿਸ ਲਈ 9 ਨਵੰਬਰ 'ਤੇ ਸੁਣਵਾਈ ਪਾਈ ਹੈ। ਇਸ ਨੂੰ 'ਰਾਜਸੀ ਬਦਲਾਖੋਰੀ ਦੀ ਕਲਾਸਿਕ ਉਦਾਹਰਣ' ਦੱਸਦਿਆਂ ਸ੍ਰੀ ਖਹਿਰਾ ਨੇ ਹਾਈ ਕੋਰਟ 'ਚ ਪਹੁੰਚ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦਾ ਅਕਸ ਖ਼ਰਾਬ ਕਰਨ ਅਤੇ ਜਨਤਾ ਦੇ ਵਿਚਾਰ ਪ੍ਰਭਾਵਿਤ ਕਰਨ ਖ਼ਾਤਰ ਉਸ ਨੂੰ ਇਸ ਕੇਸ 'ਚ ਮੁਲਜ਼ਮ ਬਣਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਜਲਾਲਾਬਾਦ ਦੇ ਥਾਣਾ ਸਦਰ ਵਿੱਚ 5 ਮਾਰਚ, 2015 ਨੂੰ ਦਰਜ ਹੋਏ ਕੇਸ 'ਚ ਸ੍ਰੀ ਖਹਿਰਾ ਨੂੰ ਸਹਿ-ਮੁਲਜ਼ਮ ਵੱਲੋਂ ਸੰਮਨ ਕੀਤੇ ਗਏ ਸਨ। ਆਪਣੇ ਆਪ ਨੂੰ ਦੋ ਵਾਰ ਦਾ ਵਿਧਾਇਕ, ਨਿੱਡਰ ਸਿਆਸਤਦਾਨ ਤੇ ਕਈ ਬੁਰਾਈਆਂ ਖ਼ਿਲਾਫ਼ ਲੜਨ ਵਾਲਾ ਕਾਰਕੁਨ ਦੱਸਦਿਆਂ ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਡਰੱਗ ਤੇ ਖਣਨ ਮਾਫੀਆ ਤੋਂ ਇਲਾਵਾ ਭ੍ਰਿਸ਼ਟਾਚਾਰ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਕਿਹਾ ਕਿ ਆਪਣੇ ਸਾਫ-ਸੁਥਰੇ ਤੇ ਨਿੱਡਰ ਆਗੂ ਵਾਲੇ

ਬਾਕੀ ਸਫ਼ਾ 33 'ਤੇ

## ਸਿਰਫਿਰੇ ਬੰਦੂਕਧਾਰੀ ਵਲੋਂ ਟੈਕਸਸ ਦੇ ਗਿਰਜਾਘਰ 'ਚ ਗੋਲੀਬਾਰੀ ਨਾਲ ਬੱਚਿਆਂ ਅਤੇ ਬਜ਼ੁਰਗਾਂ ਸਮੇਤ 26 ਲੋਕ ਮਾਰੇ ਗਏ

**ਹਿਊਸਟਨ/ਬਿਊਰੋ ਨਿਊਜ਼:** ਅਮਰੀਕੀ ਹਵਾਈ ਫੌਜ ਦੇ ਸਾਬਕਾ ਏਅਰਮੈਨ ਨੇ ਟੈਕਸਸ ਦੇ ਗਿਰਜਾਘਰ ਵਿੱਚ ਐਤਵਾਰ ਦੀ ਪ੍ਰਾਰਥਨਾ ਵਿੱਚ ਪੁੱਜੇ ਸ਼ਰਧਾਲੂਆਂ ਉਤੇ ਗੋਲੀਬਾਰੀ ਕਰ ਕੇ ਘੱਟੋ ਘੱਟ 26 ਜਣਿਆਂ ਦੀ ਜਾਨ ਲੈ ਲਈ ਅਤੇ 20 ਹੋਰਾਂ ਨੂੰ ਜ਼ਖ਼ਮੀ ਕਰ ਦਿੱਤਾ। ਅਧਿਕਾਰੀਆਂ ਨੇ ਕਿਹਾ ਕਿ ਸਦਰਲੈਂਡ ਸਪਰਿੰਗਜ਼ ਵਿੱਚ 'ਫਸਟ ਬੈਪਟਿਸਟ ਚਰਚ' ਵਿੱਚ ਜਿਉਂ ਹੀ ਐਤਵਾਰ ਸਵੇਰ ਦੀ ਪ੍ਰਾਰਥਨਾ ਸ਼ੁਰੂ ਹੋਈ ਤਾਂ ਕਾਲੇ ਕੱਪੜਿਆਂ ਵਿੱਚ ਆਏ ਸ਼ੱਕੀ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਸ ਕੋਲ ਫੌਜੀ ਸ਼ੈਲੀ ਦੀ ਰਗਰ ਰਾਈਫਲ ਸੀ। ਪੀੜਤਾਂ ਦੀ ਉਮਰ 5 ਤੋਂ 72 ਸਾਲ ਵਿਚਕਾਰ ਹੈ ਅਤੇ ਇਨ੍ਹਾਂ ਵਿੱਚ ਕਈ ਬੱਚੇ, ਇਕ ਗਰਭਵਤੀ ਔਰਤ ਅਤੇ ਪਾਦਰੀ ਦੀ 14 ਸਾਲਾ ਧੀ ਸ਼ਾਮਲ ਹੈ। ਟੈਕਸਸ ਦੇ ਇਤਿਹਾਸ ਵਿੱਚ ਇਹ ਸਭ ਤੋਂ ਭਿਆਨਕ ਗੋਲੀਬਾਰੀ ਹੈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਉਮਰ ਦੇ 20ਵਿਆਂ ਵਾਲਾ ਹਮਲਾਵਰ ਗੋਰਾ ਸੀ

ਬਾਕੀ ਸਫ਼ਾ 33 'ਤੇ

### ਹੋਬੋਕੇਨ ਸ਼ਹਿਰ ਦਾ ਰਵਿੰਦਰ ਸਿੰਘ ਭੱਲਾ ਬਣਿਆ ਅਮਰੀਕਾ 'ਚ ਪਹਿਲਾ ਸਿੱਖ ਮੇਅਰ

**ਨਿਊਯਾਰਕ/ਬਿਊਰੋ ਨਿਊਜ਼:** ਸ. ਰਵਿੰਦਰ ਸਿੰਘ ਭੱਲਾ ਨੂੰ ਅਮਰੀਕਾ ਵਿਚ ਨਿਊਜਰਸੀ ਦੇ ਹੋਬੋਕੇਨ ਸ਼ਹਿਰ ਦਾ ਪਹਿਲਾ ਸਿੱਖ ਮੇਅਰ ਹੋਣ ਮਾਣ ਪ੍ਰਾਪਤ ਹੋਇਆ ਹੈ। ਇਹ ਇਕ ਬੇਹਦ ਸਖ਼ਤ ਮੁਕਾਬਲਾ ਸੀ, ਜਿਸ ਨੇ ਬਾਅਦ ਵਿਚ ਭੈੜਾ ਰੂਪ ਧਾਰਨ ਕਰ ਲਿਆ ਜਦੋਂ ਰਵਿੰਦਰ ਸਿੰਘ ਭੱਲਾ ਨੂੰ ਅੱਤਵਾਦੀ ਤੱਕ ਕਿਹਾ ਗਿਆ... *(ਪੂਰੀ ਖ਼ਬਰ ਸਫ਼ਾ 8 'ਤੇ )*



## ਹਿੰਦੂ ਆਗੂਆਂ ਸਣੇ ਛੇ ਕਤਲ ਕੇਸ ਸੁਲਝਾਉਣ ਦਾ ਦਾਅਵਾ

*ਚਾਰ ਮੁਲਜ਼ਮ ਗ੍ਰਿਫ਼ਤਾਰ; ਮੁਲਜ਼ਮਾਂ 'ਚ ਬਦਨਾਮ ਗੈਂਗਸਟਰ ਵੀ ਸ਼ਾਮਲ*

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਪੁਲੀਸ ਨੇ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਆਰ.ਆਰ.ਐਸ.ਪੰਜਾਬ ਦੇ ਮੀਤ ਪ੍ਰਧਾਨ ਜਗਦੀਸ਼ ਗਗਨੇਜਾ, ਆਰ.ਐਸ.ਐਸ. ਨੇਤਾ ਰਾਵਿੰਦਰ ਗੋਸਾਈਂ ਅਤੇ ਪਾਦਰੀ ਸੁਲਤਾਨ ਮਸੀਹ ਸਮੇਤ ਮਿੱਥ ਕੇ ਕੀਤੇ ਗਏ ਛੇ ਕਤਲਾਂ ਦੇ ਮਾਮਲੇ ਹੱਲ ਕਰਨ ਦਾ ਦਾਅਵਾ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਤਲਾਂ ਦੇ ਵੱਡੇ ਮਾਮਲੇ ਹੱਲ ਕਰਨ ਲਈ ਪੰਜਾਬ ਪੁਲੀਸ ਦੀ ਪਿਠ ਥਾਪੜਦਿਆਂ ਐਲਾਨ ਕੀਤਾ ਕਿ ਇਹ ਸਫਲਤਾ ਹਾਸਲ ਕਰਨ ਵਾਲੇ ਪੁਲੀਸ ਅਧਿਕਾਰੀਆਂ ਦਾ



ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਕਤਲ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੇ ਹੋਰ ਮੁਲਕਾਂ ਵਿੱਚ ਆਪਣੇ ਨੈੱਟਵਰਕ ਰਾਹੀਂ ਸੂਬੇ ਦੀ ਸਦਭਾਵਨਾ ਨੂੰ ਭੰਗ ਕਰਕੇ ਅਸਥਿਰਤਾ ਪੈਦਾ ਕਰਨ ਲਈ ਕਰਵਾਏ ਸਨ। ਪਿਛਲੀ ਅਕਾਲੀ

ਬਾਕੀ ਸਫ਼ਾ 30 'ਤੇ


For Advertisements in Quomantry Amritsar Times Please Call :
Jai Singh
510-677-2777















ੴ ਸਤਿਗੁਰ ਪ੍ਰਸਾਦਿ ॥
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥



# ਹੌਲੀਵੁੱਡ ਸਿੱਖ ਟੈਂਪਲ

## ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 548ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ

**18 ਨਵੰਬਰ, 2017 , ਸ਼ਨਿੱਚਰਵਾਰ**
**ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ**

**ਸਥਾਨ: ਫਰੈਂਡਸ਼ਿਪ ਆਡੀਟੋਰੀਅਮ, 3201 ਰਿਵਰਸਾਈਡ ਡਰਾਈਵ, ਲਾਸ ਏਂਜਲਸ, ਕੈਲੀਫੋਰਨੀਆ 90027**



## ਭਾਈ ਇੰਦਰਜੀਤ ਸਿੰਘ ਜੀ

*ਸ੍ਰੀ ਦਰਬਾਰ ਸਾਹਿਬ ਵਾਲੇ ਅਤੇ ਹੋਰ*



ਹਜੂਰੀ ਰਾਗੀ ਜਥਾ ਭਾਈ ਅਜੀਤ ਸਿੰਘ ਜੀ ਅਤੇ ਭਾਈ ਮਨਜੀਤ ਸਿੰਘ ਜੀ
5 ਰਾਗੀ ਜਥੇ ਇਕੱਠੇ ਕੀਰਤਨ ਕਰਨਗੇ।
ਗੁਰਦੁਆਰਾ ਜਥਾ ਅਤੇ ਗੁਰਦੁਆਰਾ ਸਕੂਲੀ ਬੱਚੇ ਕੀਰਤਨ ਕਰਨਗੇ।
ਸਿਟੀ, ਸਟੇਟ ਅਧਿਕਾਰੀਆਂ ਦਾ ਸਨਮਾਨ ਕੀਤਾ ਜਾਵੇਗਾ।
ਸਿੱਖ ਬੁੱਧੀਜੀਵੀ ਅਤੇ ਆਗੂ ਹਿੱਸਾ ਲੈ ਰਹੇ ਹਨ।





*ਸਮਾਗਮ ਵਿਚ ਸ਼ਾਮਲ ਹੋ ਰਹੇ ਗੁਰੂਘਰ : ਗੁਰਦੁਆਰਾ ਵਾਲਨਟ, ਆਈ.ਆਈ.ਜੀ.ਐਸ., ਗੁਰਦੁਆਰਾ ਬਿਓਨਾ ਪਾਰਕ ਸਟੈਨਟਨ ਰੋਡ, ਗੁਰਦੁਆਰਾ ਏ.ਵੀ. ਸਿੱਖ ਸੈਂਟਰ ਲੈਂਕਾਸਟਰ, ਗੁਰਦੁਆਰਾ ਰਿਵਰਸਾਈਡ, ਗੁਰਦੁਆਰਾ ਵੈਂਤੂਰੇ, ਗੁਰਦੁਆਰਾ ਸਰਬ ਸਾਂਝਾ ਦਰਬਾਰ (ਕੇ.ਸੀ.ਐਫ.), ਸਿੱਖ ਸੈਂਟਰ ਆਫ਼ ਰਿਵਰਸਾਈਡ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ, ਗੁਰਦੁਆਰਾ ਨਾਨਕ ਸਦਨ, ਗੁਰੂ ਰਾਮ ਦਾਸ ਆਸ਼ਰਮ, ਗੁਰਦੁਆਰਾ ਵੈਲੀ ਸਿੱਖ ਟੈਂਪਲ, ਗੁਰਦੁਆਰਾ ਲੈਂਕਰਸ਼ਿਮ, ਗੁਰਦੁਆਰਾ ਸਿੰਘ ਸਭਾ ਬਿਓਨਾ ਪਾਰਕ ਔਰੈਂਜਥਰੋਪ ਰੋਡ ਅਤੇ ਹੋਰ।*

**ਰਾਗੀ ਜਥੇ ਕਿਰਪਾ ਕਰਕੇ ਸ. ਸੰਤੋਖ ਸਿੰਘ (310-569-9506), ਸ. ਬਲਦੇਵ ਸਿੰਘ ਜੌਹਲ (661-965-5937) ਨਾਲ ਸੰਪਰਕ ਕਰ ਸਕਦੇ ਹਨ।**

ਪੰਜਾਬੀ ਬਾਜ਼ਾਰ ਲਈ ਸ. ਭੁਪਿੰਦਰ ਸਿੰਘ ਢਿਲੋਂ (323-514-6347),
ਸ. ਬਲਜਿੰਦਰ ਸਿੰਘ ਮੁਲਤਾਨੀ (213-249-8099),
ਸ. ਗੁਰਦੇਵ ਸਿੰਘ (323-304-4871) ਨਾਲ ਸੰਪਰਕ ਕਰ ਸਕਦੇ ਹਨ।
(ਸਟਾਲ ਲਗਾਉਣ ਵਾਲੇ ਆਪਣੀਆਂ ਛਤਰੀਆਂ ਨਾਲ ਲੈ ਕੇ ਆਉਣ।
ਮੇਜ ਸਾਡੇ ਵਲੋਂ ਮੁਹੱਈਆ ਕਰਵਾਏ ਜਾਣਗੇ।)

ਲੰਗਰ ਸੇਵਾ ਲਈ ਸੰਪਰਕ ਕਰੋ : ਸ. ਅਮਰਜੀਤ ਸਿੰਘ 310-291-4835
ਮੀਡੀਆ ਕੋ-ਆਰਡੀਨੇਟਰ : ਸ. ਮਨਜਿੰਦਰ ਪੀ. ਸਿੰਘ :818-268-3213
ਭਾਈ ਘਨੱਈਆ ਜੀ ਸੇਵਾ ਦਲ ਵਲੋਂ ਨਾਸ਼ਤੇ ਦੀ ਸੇਵਾ ਕੀਤੀ ਜਾਵੇਗੀ। ਬਾਬਾ ਸਵੀਟਸ ਵਲੋਂ ਜਲੇਬੀਆਂ ਦਾ ਲੰਗਰ ਲਾਇਆ ਜਾਵੇਗਾ। ਗੁਰੂ ਕਾ ਲੰਗਰ ਸਾਰਾ ਦਿਨ ਚੱਲੇਗਾ।
ਵੀਡੀਓ ਫੋਟੋਗ੍ਰਾਫ਼ੀ ਮਨਜਿੰਦਰ ਸੱਗੂ ਵਲੋਂ ਕੀਤੀ ਜਾਵੇਗੀ।

*ਅਖੰਡ ਪਾਠ ਸਾਹਿਬ ਦੇ ਭੋਗ 18 ਨਵੰਬਰ,2017, ਸ਼ਨਿੱਚਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਪਾਏ ਜਾਣਗੇ।*
*ਸਾਨੂੰ ਵਾਲੰਟੀਅਰਾਂ ਤੇ ਸੇਵਾਦਾਰਾਂ ਦੀ ਲੋੜ ਹੈ। ਇਸ ਸਬੰਧੀ ਸਾਡੇ ਨਾਲ ਸੰਪਰਕ ਕਰੋ।*
*ਅਸੀਂ ਆਡੀਟੋਰੀਅਮ ਵਿਖੇ ਵੈਲਿੱਡ ਪਾਰਕਿੰਗ ਘੱਟ ਚਾਰਜ 'ਤੇ ਮੁਹੱਈਆ ਕਰਵਾ ਰਹੇ ਹਾਂ।*
*ਗੁਰਦੁਆਰਾ ਸਾਹਿਬ ਤੋਂ ਫਰੈਂਡਸ਼ਿਪ ਆਡੀਟੋਰੀਅਮ ਤਕ ਸ਼ਟਲ ਸਵੇਰੇ 9.00 ਵਜੇ ਤੋਂ ਸ਼ਾਮ 5.30 ਵਜੇ ਤੱਕ ਮੁਹੱਈਆ ਕਰਵਾਈ ਜਾਵੇਗੀ।*

**ਮੈਨੇਜਮੈਂਟ ਕਮੇਟੀ :** ਡਾ. ਅਮਰਜੀਤ ਸਿੰਘ ਮਰਵਾਹ (ਚੇਅਰਮੈਨ), ਸ. ਬਲਦੇਵ ਸਿੰਘ ਜੌਹਲ (ਪ੍ਰਧਾਨ), ਸ. ਭੁਪਿੰਦਰ ਸਿੰਘ ਢਿਲੋਂ(ਮੀਤ ਪ੍ਰਧਾਨ), ਸ. ਸੰਤੋਖ ਸਿੰਘ (ਜਨਰਲ ਸਕੱਤਰ), ਸ. ਰੌਣਕ ਸਿੰਘ (ਵਧੀਕ ਸਕੱਤਰ), ਸ. ਬਲਜਿੰਦਰ ਸਿੰਘ ਮੁਲਤਾਨੀ (ਮੀਤ ਪ੍ਰਧਾਨ ਵਿਤ), ਸ. ਗੁਰਦੇਵ ਸਿੰਘ (ਖਜਾਨਚੀ), ਸ. ਗੁਲਬਾਗ ਸਿੰਘ (ਵਧੀਕ ਖਜਾਨਚੀ), ਮਨਜੀਤ ਸਿੰਘ ਖਾਲੀਲ (ਧਾਰਮਿਕ ਮਾਮਲੇ), ਸ. ਅਮਰਜੀਤ ਸਿੰਘ (ਲੰਗਰ ਇੰਚਾਰਜ), ਸ. ਹਰਮਿੰਦਰ ਸਿੰਘ ਚੌਹਾਨ (ਮੇਨਟੇਨਸ ਇੰਚਾਰਜ)

**ਦਾਨ ਕਮੇਟੀ :** ਜਵਾਹਰ ਲਾਲ ਸੈਣੀ, ਇਕਬਾਲ ਸਿੰਘ ਢਿਲੋਂ, ਸੁਰਿੰਦਰ ਸਿੰਘ ਗਿੱਲ, ਦਰਸ਼ਨ ਸਿੰਘ, ਇਕਬਾਲ ਸਿੰਘ ਸਮਰਾ ਐਂਡ ਬਰਦਰਜ਼, ਡਾ. ਜਸਵੰਤ ਸਿੰਘ ਢਿਲੋਂ, ਸੰਤ ਸਿੰਘ, ਬਲਵੰਤ ਸਿੰਘ, ਮੇਜਰ ਗੁਰਜੀਤ ਸਿੰਘ, ਹਰਜਿੰਦਰ ਸਿੰਘ ਮਲ੍ਹੀ, ਅਵਤਾਰ ਸਿੰਘ, ਹਰਭਜਨ ਸਿੰਘ, ਮਨਜੀਤ ਸਿੰਘ (ਪੱਪੀ), ਗੁਰਚਰਨ ਸਿੰਘ (ਬੱਲੀ), ਸਤਨਾਮ ਸਿੰਘ ਥਿਆੜਾ, ਗੁਰਸ਼ਰਨ ਨੱਤ (ਕਾਕਾ), ਮਨਜੀਤ ਸਿੰਘ ਪੰਧੇਰ, ਨਿਰਮਲ ਸੈਂਹਬੀ, ਹਰਭਜਨ ਸਿੰਘ ਸਮਰਾ, ਸਵਰਨਜੀਤ ਸਿੰਘ ਸਾਹਨੀ, ਗੁਰਦਾਸ ਸਿੰਘ ਕੇਹਲ, ਸਰਬਜੀਤ ਸਿੰਘ ਸੋਢੀ, ਗੁਰਦੇਵ ਸਿੰਘ ਨੌਲੀ, ਮਲਕੀਤ ਸਿੰਘ ਸੋਗੀ, ਅਵਤਾਰ ਸਿੰਘ ਭੋਗਲ, ਵੜੈਚ ਬਰਦਰਜ਼, ਸੰਤੋਖ ਸਿੰਘ ਖਿੰਡਾ ਬਰਦਰਜ਼, ਮੋਹਿੰਦਰ ਸਿੰਘ ਜੌਹਲ, ਹਰਨੇਕ ਸਿੰਘ ਥਿਆੜਾ, ਕੀਰਤਨ ਸਿੰਘ ਖਾਲਸਾ, ਰਾਮ ਸਿੰਘ, ਜਸਵਿੰਦਰ ਧਾਲੀਵਾਲ, ਹਰਜਿੰਦਰ ਸਿੰਘ ਰੰਧਾਵਾ, ਹਰਨਾਮ ਸਿੰਘ।

ਹੋਰ ਵਧੇਰੇ ਜਾਣਕਾਰੀ ਲਈ ਸ. ਬਲਦੇਵ ਸਿੰਘ ਜੌਹਲ (661-965-5937), ਮਨਜਿੰਦਰ ਪਾਲ ਸਿੰਘ (818-268-3213) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

Find us on Facebook

**ਸਾਡੀ ਵੈੱਬਸਾਈਟ 'ਤੇ ਜਾਣ ਲਈ : www.hollywoodsikhtemple.com**

# ਯੁਗ ਪੁਰਸ਼ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਖੁਸ਼ੀਆਂ ਨਾਲ ਮਨਾਇਆ

**ਮਿਲਪੀਟਸ/ਬਿਊਰੋ ਨਿਊਜ਼:** ਕਲਿਯੁਗ ਦੇ ਅਵਤਾਰ ਅਤੇ ਸਿਖ ਧਰਮ ਦੇ ਬਾਨੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਗੁਰੂ ਦਰਬਾਰ ਬੇ ਏਰੀਆ ਮਿਲਪੀਟਸ ਵਿਖੇ ਬੜੀ ਸ਼ਰਧਾ ਤੇ ਖੁਸ਼ੀਆਂ ਨਾਲ ਮਨਾਇਆ ਗਿਆ ।ਸੰਗਤਾਂ ਬੜੇ ਚਾਅ ਅਤੇ ਸ਼ਰਧਾ ਨਾਲ ਬਾਬੇ ਨਾਨਕ ਦੀ ਸੋਚ ਅਤੇ ਫਲਸਫੇ ਦੇ ਪਹਿਰਾ ਦਿੰਦਿਆ ਹੋਈਆਂ ਗੁਰੂ ਘਰ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਈਆਂ ।ਸਵੇਰ ਤੋਂ ਹੀ ਸੰਗਤਾਂ ਨੇ ਗੁਰੂ ਘਰ ਵਿਖੇ ਹਾਜਰੀ ਲਗਵਾਈ ।ਇਸ ਖਾਸ ਮੌਕੇ ਤੇ ਸ. ਮਨਪ੍ਰੀਤ ਸਿੰਘ ਬਦੇਸ਼ਾ, ਸ. ਬਲਿਹਾਰ ਸਿੰਘ , ਸ. ਰਜਿੰਦਰ ਸਿੰਘ ਰਣੀਆ ਅਤੇ ਸ. ਗੁਰਵਿੰਦਰ ਸਿੰਘ ਵਲੋਂ

ਬਾਕੀ ਸਫ਼ਾ 30 'ਤੇ





# ਨਵੰਬਰ 1984 ਦੇ ਸਿੱਖ ਨਸਲਘਾਤ ਵਿਚੋਂ ਹੀ ਅਜ਼ਾਦ ਸਿੱਖ ਰਾਜ ਦੀ ਮੰਗ ਪੈਦਾ ਹੋਈ : ਡਾ.ਇਕਤਿਦਾਰ ਚੀਮਾ

## *ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਸਬੰਧੀ ਵਿਸ਼ੇਸ਼ ਵਿਚਾਰ ਗੋਸ਼ਟੀ*

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ:**
ਸਿੱਖ ਕੌਮ ਦੇ ਰਚਨਹਾਰੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਮੌਕੇ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਇਕ ਵਿਸ਼ੇਸ਼ ਵਿਚਾਰ ਗੋਸ਼ਟੀ ਕਰਵਾਈ ਗਈ ਜਿਸ ਵਿਚ ਦੋ ਪ੍ਰਮੁੱਖ ਵਿਦਵਾਨਾਂ ਇੰਗਲੈਂਡ ਤੋਂ ਪੁੱਜੇ ਡਾਕਟਰ ਇਕਤਿਦਾਰ ਕਰਾਮਾਤ ਚੀਮਾ 'ਅਤੇ ਸਿੱਖ ਸੰਸਾਰ ਵਿਚ ਸਿੱਖ ਬੀਬੀਆਂ ਦੇ ਮਸਲਿਆਂ ਬਾਰੇ ਵਿਸ਼ੇਸ਼ ਚਰਚਾ ਕਰਨ ਵਾਲੇ ਡਾਕਟਰ ਹਰਸ਼ਿੰਦਰ ਕੌਰ ਪਟਿਆਲਾ ਸਾਂਮਲ ਸਨ। ਦੋਵੇਂ ਵਿਦਵਾਨ ਆਪਣੇ ਆਪਣੇ ਖੇਤਰਾਂ ਵਿਚ ਚੰਗੀ ਮੁਹਾਰਤ ਰਖਦੇ ਹਨ।
ਸਭ ਤੋਂ ਪਹਿਲਾਂ ਡਾਕਟਰ ਹਰਸ਼ਿੰਦਰ ਕੌਰ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਸਿੱਖ ਬੀਬੀਆਂ ਦੀ ਅਸਲ ਕਹਾਣੀ ਬਾਰੇ ਚਰਚਾ ਕੀਤੀ ਕਿ ਕਿਵੇਂ ਪੁਰਾਤਨ ਰੂੜੀਵਾਦੀ ਪਿਛਾਂਹ ਖਿਚੂ ਸਮਾਜ ਦੀ ਦਲਦਲ ਵਿਚੋਂ ਔਰਤਾਂ ਦੀ ਹਾਲਤ ਬਦਲੀ ਜਾਣੀ ਚਾਹੀਦੀ ਹੈ,ਬਦਲ ਰਹੀ ਹੈ ਤੇ ਬੀਬੀਆਂ ਆਪ ਹਿੰਮਤ ਕਰਕੇ ਬਰਾਬਰਤਾ ਦਾ ਹੱਕ ਖੋਹਣ ਉਤੇ ਆਮਦਾ ਹਨ। ਪਰ ਆਦਮੀ ਪ੍ਰਧਾਨ ਸਮਾਜ ਵਿਚ ਇਹ ਕੋਈ ਸੌਖੀ ਗੱਲ ਨਹੀਂ। ਸੋਸ਼ਲ ਮੀਡੀਏ ਕਰਕੇ ਪ੍ਰਚਾਰ ਦੇ ਹੜ ਵਿਚ ਬੀਬੀਆਂ ਵੀ ਆਪਣੀ

ਬਾਕੀ ਸਫ਼ਾ 33 'ਤੇ















CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

## ਨਾਭਾ ਜੇਲ੍ਹ ਤੋਂ ਲਿਆਂਦੇ ਸਿੱਖ ਦਾ ਲੁਧਿਆਣਾ ਪੁਲਿਸ ਨੂੰ ਮਿਲਿਆ ਦੋ ਦਿਨ ਦਾ ਰਿਮਾਂਡ

**ਲੁਧਿਆਣਾ/ਸਿੱਖ ਸਿਆਸਤ ਬਿਊਰੋ** : ਲੁਧਿਆਣਾ ਪੁਲਿਸ ਨੇ 6 ਨਵੰਬਰ ਨੂੰ ਨਾਭਾ ਜੇਲ੍ਹ 'ਚ ਬੰਦ ਹਰਬਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਰਤਾਪ ਨਗਰ (ਅੰਮ੍ਰਿਤਸਰ) ਨੂੰ ਸਥਾਨਕ ਅਦਾਲਤ 'ਚ ਐਫ.ਆਈ.ਆਰ. 271/17 (ਥਾਣਾ ਡਿਵੀਜਨ ਨੰ: 7) ਤਹਿਤ ਪੇਸ਼ ਕਰਕੇ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰ ਲਿਆ।

ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਸਿੱਖ ਸਿਆਸਤ ਨਿਊਜ਼ ਨੂੰ ਦੱਸਿਆ ਕਿ ਹਰਬਿੰਦਰ ਸਿੰਘ ਨੂੰ ਜੂਨ 2017 'ਚ ਮੋਹਾਲੀ ਪੁਲਿਸ ਵਲੋਂ ਦਰਜ ਐਫ.ਆਈ.ਆਰ. 110/17 ਤਹਿਤ ਨਾਭਾ ਜੇਲ੍ਹ ਵਿਚ ਬੰਦ ਕੀਤਾ ਗਿਆ ਸੀ। ਐਡਵੋਕੇਟ ਮੰਝਪੁਰ ਨੇ ਦੱਸਿਆ, "ਉਕਤ ਮੁਕੱਦਮਾ (ਐਫ. ਆਈ.ਆਰ. 110/17) ਹਾਲ ਹੀ 'ਚ ਡਿਵੀਜਨ ਨੰ: 7 (ਲੁਧਿਆਣਾ) ਪੁਲਿਸ ਵਲੋਂ ਸਿੱਖ ਨੌਜਵਾਨਾਂ ਦੀ ਗ੍ਰਿਫਤਾਰੀ ਵਾਲਾ ਹੈ।"

ਉਨ੍ਹਾਂ ਦੱਸਿਆ, "ਪੁਲਿਸ ਨੇ ਅੰਮ੍ਰਿਤਪਾਲ ਕੌਰ ਵਾਸੀ ਲੁਧਿਆਣਾ ਦੇ ਵਾਰੰਟ ਵੀ ਅਦਾਲਤ 'ਚ ਪੇਸ਼ ਕੀਤੇ ਸਨ ਪਰ ਉਸਦੀ ਜੇਲ੍ਹ ਪਟਿਆਲਾ ਕੇਂਦਰੀ ਜੇਲ੍ਹ ਬਦਲ ਜਾਣ ਕਾਰਨ ਉਸਨੂੰ ਪੇਸ਼ ਨਹੀਂ ਕੀਤਾ ਜਾ ਸਕਿਆ। ਹੋ ਸਕਦਾ ਕਿ ਪੁਲਿਸ ਆਉਣ ਵਾਲੇ ਦਿਨਾਂ 'ਚ ਉਸਨੂੰ ਇਸ ਮੁਕੱਦਮੇ 'ਚ ਜੇਲ੍ਹ 'ਚੋਂ ਲਿਆਵੇ।"

ਇਥੇ ਇਹ ਧਿਆਨਦੇਣ ਯੋਗ ਹੈ ਕਿ ਪੰਜਾਬ 'ਚ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਸਿੱਖ ਨੌਜਵਾਨਾਂ ਵਿਰੁੱਧ ਕਈ ਮੁਕੱਦਮੇ ਦਰਜ ਕੀਤੀ ਗਏ ਹਨ। ਪੁਲਿਸ ਦੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਮੁਕੱਦਮੇ ਪੰਜਾਬ ਪੁਲਿਸ ਵਲੋਂ 'ਸੋਸ਼ਲ ਮੀਡੀਆ ਗਤੀਵਿਧੀਆਂ' 'ਤੇ ਆਧਾਰਿਤ ਹਨ।

## ਰਾਜਸੀ ਵਿਰੋਧੀਆਂ ਖਿਲਾਫ਼ 'ਪਕੋਕਾ' ਦੀ ਹੋਵੇਗੀ ਦੁਰਵਰਤੋਂ: ਦਲ ਖਾਲਸਾ

**ਅੰਮ੍ਰਿਤਸਰ/ਬਿਊਰੋ ਨਿਊਜ਼:**

ਦਲ ਖਾਲਸਾ ਨੇ ਪੰਜਾਬ ਅੰਦਰ ਸੰਗਠਿਤ ਹਿੰਸਾ ਤੇ ਗੈਂਗਸਟਾਰ ਵਾਰ ਦੀ ਰੋਕਥਾਮ ਲਈ ਪੰਜਾਬ ਸਰਕਾਰ ਵਲੋਂ ਬਣਾਏ ਜਾ ਰਹੇ ਨਵੇਂ ਪਕੋਕਾ ਕਾਨੂੰਨ 'ਤੇ ਚਿੰਤਾ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪੱਖਪਾਤੀ ਸਿਸਟਮ ਅਤੇ ਪੁਲਿਸ ਦੇ ਰਾਜਨੀਤੀਕਰਨ ਕਾਰਨ 'ਦੇਸ਼ ਧ੍ਰੋਹ' ਵਰਗੇ ਕਾਨੂੰਨ ਵਾਂਗ ਇਸ ਦੀ ਵੀ ਦੁਰਵਰਤੋਂ ਰਾਜਨੀਤਿਕ ਵਿਰੋਧੀਆਂ ਅਤੇ ਭਾਰਤੀ ਨਿਜਾਮ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਖਿਲਾਫ ਕੀਤੀ ਜਾਵੇਗੀ।

ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਡੀ.ਜੀ.ਪੀ ਵੱਲੋਂ ਜਾਰੀ ਕੀਤੇ ਬਿਆਨ 'ਤੇ ਤਿੱਖਾ ਪ੍ਰਤੀਕਰਮ ਕਰਦਿਆਂ ਕਿਹਾ ਕਿ ਇਸ ਕਾਨੂੰਨ ਦੇ ਖਰੜੇ ਅਨੁਸਾਰ ਇੱਕ ਡੀ. ਆਈ. ਜੀ ਰੈਂਕ ਦੇ ਅਫਸਰ ਕੋਲ ਇਸ ਨੂੰ ਲਾਗੂ ਕਰਨ ਦਾ ਅਧਿਕਾਰ ਦੇਣਾ ਖਤਰਨਾਕ ਹੈ। ਉਹਨਾਂ ਮੁੱਖ ਮੰਤਰੀ ਨੂੰ ਪੁਛਿਆ ਕਿ ਕੌਣ ਇਸ ਗੱਲ ਨੂੰ ਯਕੀਨੀ ਬਣਾਵੇਗਾ ਕਿ ਡੀ.ਆਈ.ਜੀ ਰੈਂਕ ਦਾ ਅਫਸਰ ਕਿਸੇ ਸਤੱਧਾਰੀ ਦੇ ਪ੍ਰਭਾਵ ਹੇਠ ਇਸ ਐਕਟ ਦੀ ਦੁਰਵਰਤੋਂ ਨਹੀਂ ਕਰੇਗਾ।

ਪਾਰਟੀ ਪ੍ਰਧਾਨ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਹ ਵੀ ਚਾਹੁੰਦੇ ਹਨ ਕਿ ਪੰਜਾਬ ਵਿਚ ਸ਼ਾਂਤੀ ਹੋਵੇ ਅਤੇ ਪੰਜਾਬ ਸੰਗਠਿਤ ਹਿੰਸਾ ਅਤੇ ਗੈਂਗਵਾਰ ਤੋ ਮੁਕਤ ਹੋਵੇ। ਉਹਨਾਂ ਸਵਾਲ ਕਰਦਿਆਂ ਪੁਛਿਆ ਕਿ ਕੀ ਪੰਜਾਬ ਨੂੰ ਗੈਂਗਵਾਰ ਰੋਕਣ ਲਈ ਅਜਿਹੇ ਕਾਲੇ ਕਾਨੂੰਨ ਦੀ ਲੋੜ ਵੀ ਹੈ ? ਕੀ ਮੌਜੂਦਾ ਕਾਨੂੰਨ ਸੰਗਠਿਤ ਹਿੰਸਾ ਰੋਕਣ ਵਿੱਚ ਅਸਮਰਥ ਹਨ ? ਕੀ ਸਰਕਾਰ ਨੇ ਪਕੋਕਾ ਵਿੱਚ ਇਸ ਦੀ ਦੁਰਵਰਤੋਂ ਰੋਕਣ ਲਈ ਕੋਈ ਵਿਵਸਥਾ ਰੱਖੀ ਹੈ ?

ਦਲ ਖਾਲਸਾ ਆਗੂ ਦਾ ਮੰਨਣਾ ਹੈ ਕਿ ਇੱਕ ਵਾਰ



ਪਕੋਕਾ ਬਣ ਗਿਆ ਤਾਂ ਫਿਰ ਇਸ ਦੀ ਦੁਰਵਰਤੋਂ ਕੋਈ ਨਹੀਂ, ਇਸਨੂੰ ਘੜਨ ਵਾਲਾ ਵੀ ਨਹੀਂ ਰੋਕ ਸਕਦਾ। ਉਹਨਾਂ ਸਰਕਾਰ ਨੂੰ ਜਲਦਬਾਜ਼ੀ ਵਿਚ ਕੋਈ ਵੀ ਕਦਮ ਇਸ ਸੰਦਰਭ ਵਿਚ ਪੁੱਟਣ ਤੋਂ ਵਰਜਦਿਆਂ ਕਿਹਾ ਕਿ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਖੇਤਰ ਵਿਚ ਕੰਮ ਕਰਦੀਆਂ ਸੰਸਥਾਵਾਂ ਕੋਲੋਂ ਰਾਏ ਲਈ ਜਾਵੇ ਅਤੇ ਉਹਨਾਂ ਵੱਲੋਂ ਪ੍ਰਗਟ ਕੀਤੀਆਂ ਜਾਣ ਵਾਲੀਆਂ ਚਿੰਤਾਵਾਂ ਦਾ ਖਿਆਲ ਰਖਿਆ ਜਾਵੇ। ਉਹਨਾਂ ਕਿਹਾ ਕਿ ਕਿਸੇ ਵੀ ਪੱਧਰ ਦੇ ਪੁਲਿਸ ਅਧਿਕਾਰੀ ਹੱਥ ਇੱਕਲੇ ਪਕੋਕਾ ਲਾਗੂ ਕਰਨ ਦਾ ਅਧਿਕਾਰ ਦੇਣਾ ਖਤਰੇ ਦਾ ਸੂਚਕ ਹੈ।

ਉਹਨਾਂ ਕਿਹਾ ਕਿ ਬੀਤੇ ਸਮੇਂ ਵਿਚ ਪੰਜਾਬ ਦੇ ਲੋਕਾਂ ਨੇ ਵੱਖ-ਵੱਖ ਮੌਕਿਆਂ ਉਪਰ ਸਰਕਾਰਾਂ ਵੱਲੋਂ ਠੋਸੇ ਗਏ ਕਾਲੇ ਕਾਨੂੰਨਾਂ ਦੀ ਮਾਰ ਅਤੇ ਜਲਾਲਤ ਝੱਲੀ ਹੈ। ਸ. ਚੀਮਾ ਨੇ ਕਿਹਾ ਕਿ ਖਰੜੇ ਅਨੁਸਾਰ ਪਕੋਕਾ ਵਿੱਚ ਐਸ.ਪੀ. ਰੈਂਕ ਅਫਸਰ ਅੱਗੇ ਕੀਤਾ ਇੰਕਸ਼ਾਫ ਅਦਾਲਤ ਵਿੱਚ ਸਬੂਤ ਵਜੋਂ ਮੰਨਿਆ ਜਾਵੇਗਾ। ਉਹਨਾਂ ਕਿਹਾ ਕਿ ਜ਼ਾਹਿਰ ਹੈ ਕਿ ਇਸ ਨਾਲ ਪੁਲਿਸ ਅਧਿਕਾਰੀਆਂ ਨੂੰ ਪੁੱਛਤਾਛ ਮੌਕੇ ਸਰੀਰਕ ਤਸ਼ਦੱਦ ਕਰਨ ਦੀ ਹੋਰ ਖੁੱਲ੍ਹ ਮਿਲੇਗੀ।

ਪਾਰਟੀ ਬੁਲਾਰੇ ਸ. ਕੰਵਰਪਾਲ ਸਿੰਘ ਨੇ ਕਿਹਾ ਕਿ ਟਾਡਾ, ਪੋਟਾ, ਯੂ.ਏ.ਪੀ.ਏ ਵਰਗੇ ਖਤਰਨਾਕ ਕਾਨੂੰਨਾਂ ਦੀ ਦੁਰਵਰਤੋਂ ਨੇ ਲੋਕਾਂ ਅੰਦਰ ਹਥਿਆਰ ਚੁੱਕਣ ਦੇ ਡਰ ਨਾਲੋਂ ਹੋਰ ਬਾਗੀ ਪੈਦਾ ਕੀਤੇ ਹਨ। ਉਹਨਾਂ ਅਫਸੋਸ ਜਿਤਾਉਦਿਆਂ ਕਿਹਾ ਕਿ ਇਹ ਸਾਰੇ ਕਾਨੂੰਨ ਇਕ ਖਾਸ ਮੌਕੇ, ਖਾਸ ਸਥਿਤੀ ਵਿੱਚ ਇੱਕ ਖਾਸ ਵਰਗ ਨੂੰ ਨਿਸ਼ਾਨਾ ਬਣਾਉਣ ਲਈ ਬਣਾਏ ਗਏ ਅਤੇ ਅਮਨ ਕਾਨੂੰਨ ਦੇ ਨਾਂ ਹੇਠ ਰਾਜਨੀਤਕ ਅੰਦੋਲਨ ਦਬਾਉਣ ਲਈ ਵਰਤੇ ਗਏ।

## ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਸਮਾਗਮ ਫਰਿਜਨੋ ਅਤੇ ਸਾਨਫਰਾਂਸਿਸਕੋ ਵਿਚ ਮਨਾਏ ਜਾਣਗੇ

### ਸਭਨਾਂ ਨੂੰ 12 ਤੇ 18 ਨਵੰਬਰ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦਾ ਖੁਲ੍ਹਾ ਸੱਦਾ

**ਫਰਿਜਨੋ/ਬਿਊਰੋ ਨਿਓਜ਼:**

ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਜਾਨਾਂ ਨਿਛਾਵਰ ਕਰਨ ਵਾਲਿਆਂਵਿਚੋਂ ਸਭ ਤੋਂ ਛੋਟੀ ਉਮਰ ਦੇ ਮਹਾਨ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਤ ਦੋ ਸਮਾਗਮ ਕਰਵਾਏ ਜਾ ਰਹੇ ਹਨ। ਇੰਡੋ ਅਮੇਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੀ ਇੱਥੇ ਹੋਈ ਮੀਟਿੰਗ ਵਿਚ ਇਨਾਂ ਪ੍ਰੋਗਰਾਮਾ ਦੀ ਤਿਆਰੀ ਦਾ ਜਾਇਜਾ ਲਿਆ ਗਿਆ। ਪਹਿਲਾ ਸਮਾਗਮ ਇੰਡੋ ਅਮੇਰੀਕਨ ਹੈਰੀਟੇਜ਼ ਫੋਰਮ ਵਲੋਂ ਫਰਿਜਨੋ ਏਰੀਏ ਦੇ ਸ਼ਹਿਰ ਕਰਮਨ ਵਿਚ ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ 12 ਨਵੰਬਰ ਐਤਵਾਰ ਨੂੰ ਦੁਪਿਹਰ ਬਾਅਦ 1:00 ਵਜੋ ਤੋਂ ਸ਼ਾਮ 5:00 ਵਜੇ ਤੱਕ ਕਰਮਨ ਸ਼ਹਿਰ ਦੇ ਕਮਿਉਨਿਟੀ ਸ਼ੈਟਰ ਦੇ ਹਾਲ ਵਿਚ ਕਰਵਾਇਆ ਜਾ ਰਿਹਾ ਹੈ। ਇਸ ਹਾਲ ਦਾ ਪਤਾ 15101 ਵੈਸਟ ਕਰਨੀ ਬੁਲੇਵਾਰਡ, ਕਰਮਨ ਹੈ। ਇਸ ਪ੍ਰੋਗਰਾਮ ਵਿਚ ਕਰਮਨ ਪੰਜਾਬੀ ਸਕੂਲ ਦੇ ਵਿਦਿਆਰਥੀ ਅਤੇ ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ ਦੇ ਵਿਦਿਆਰਥੀ ਗਿਧਾ ਭੰਗੜਾ ਪੇਸ਼ ਕਰਨਗੇ। ਦੇਸ਼ ਭਗਤੀ ਦੇ ਗੀਤਾਂ ਅਤੇ ਬੋਲੀਆਂ ਨਾਲ ਸਜਾਈਆਂ ਇਹ ਆਈਟਮਾਂ ਮਾਹਿਰ ਕੋਚਾਂ ਵਲੋਂ ਖਾਸ ਤੌਰ ਤੇ ਇਸ ਪ੍ਰੋਗਰਾਮ ਲਈ ਤਿਆਰ ਕਰਵਾਈਆ ਹਨ।



ਇਸ ਤੋਂ ਇਲਾਵਾ ਧਰਮਵੀਰ ਧਾਂਦੀ, ਰਾਜ ਬਰਾੜ ਅਤੇ ਦਿਲਦਾਰ ਗਰੁਪ ਕੈਲੇਫੋਰਨੀਆ ਦੇ ਗਾਇਕ ਗਦਰੀ ਸੂਰਬੀਰਾ ਅਤੇ ਹੋਰ ਦੇਸ਼ ਭਗਤਾ ਦੇ ਗੀਤਾ ਨਾਲ ਹਾਜ਼ਰੀ ਲਗਵਾਉਣਗੇ।ਇਸ ਪ੍ਰੋਗਰਾਮ ਲਈ ਇਲਾਕੇ ਭਰ ਵਿਚ ਅਤੇ ਖਾਸ ਕਰ ਕਰਮਨ ਵਿਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਕਿਸੇ ਕਿਸਮ ਦੀ ਜਾਣਕਾਰੀ ਲਈ ਸੁੰਰਿਦਰ ਮੰਢਾਲੀ (559-473-9269), ਨਵਦੀਪ ਸਿੰਘ ਧਾਲੀਵਾਲ (559-287-0822) ਜਾਂ ਕੁਲਵੰਤ ਸਿੰਘ ਧਾਲੀਆ (559-473-9264) ਨੂੰ ਸਪੰਰਕ ਕਰ ਸਕਦੇ ਹੋ।

ਇੰਡੋ ਅਮੇਰੀਕਨ ਹੈਰੀਟੇਜ ਫੋਰਮ ਫਰਿਜਨੋ ਵਲੋਂ ਹੋਰ ਭਾਈਵਾਲ ਸੰਸਥਾਵਾਂ ਨਾਲ ਮਿਲ ਕੇ ਪਿਛਲੇ ਕਈ ਸਾਲਾਂ ਦੀ ਤਰ੍ਹਾਂ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਤ ਇਕ ਹੋਰ ਸਮਾਗਮ ਗਦਰ ਸਮਾਰਕ ਸਾਂਨਫਰਾਂਸਿਸਕੋ ਵਿਖੇ 18 ਨਵੰਬਰ ਨੂੰ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਜਗ੍ਹਾ 5 ਵੁਡ ਸਟਰੀਟ ਸਾਨਫਰਾਂਸਿਸਕੋ ਵਿਚ ਸਥਿਤ ਹੈ ਅਤੇ ਇਸ ਨੂੰ ਯੁਗਾਂਤਰ ਆਸ਼ਰਮ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਥਾਂ ਤੋਂ ਕਦੇ ਕਰਤਾਰ ਸਿੰਘ ਸਰਾਭਾ ਅਤੇ ਹੋਰ ਗਦਰੀ ਯੋਧਿਆ ਨੇ ਰਲ ਕੇ 'ਗਦਰ ਦੀ ਗੂੰਜ' ਨਾਂ ਦਾ ਪਰਚਾ ਕੱਢ ਕੇ ਦੁਨੀਆ ਦੇ ਕਿੰਨੇ ਹੀ ਮੁਲਕਾਂ ਵਿਚ ਪਹੁੰਚਾਇਆ ਜਾਦਾ ਸੀ।

ਪ੍ਰਬੰਧਕਾਂ ਵਲੋਂ ਸਮੂਹ ਭਾਰਤੀ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿਚ ਪਹੂੰਚਣ ਦਾ ਸੱਦਾ ਦਿਤਾ ਜਾਦਾਂ ਹੈ। ਫਰਿਜਨੋ ਤੋ ਜਾਣ ਵਾਲੇ ਦੋਸਤਾਂ ਲਈ ਰਾਈਡ ਦਾ ਵੀ ਪ੍ਰਬੰਧ ਹੈ। ਕਿਸੇ ਤਰਾਂ ਦੀ ਜਾਣਕਾਰੀ ਲਈ ਹਰਜਿੰਦਰ ਢੇਸੀ (559-618-0156), ਗੁਰਦੀਪ ਸਿੰਘ ਗਿਲ (559-360-4248), ਬਲਵੀਰ ਸਿੰਘ ਜੌਹਲ (408-592-4044) ਜਾਂ ਕੁਲਦੀਪ ਅਟਵਾਲ (209-725-1313) ਤੇ ਸਪੰਰਕ ਕੀਤਾ ਜਾ ਸਕਦਾ ਹੈ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਸਮੂਹ ਭਾਈਚਾਰੇ ਤੋਂ ਭਰਪੂਰ ਸਹਿਯੋਗ ਦੀ ਆਸ ਕਰਦਿਆ ਸਾਰਿਆਂ ਨੂੰ ਇਨਾਂ ਦੋਨਾਂ ਪ੍ਰੋਗਰਾਮਾਂ ਵਿਚ ਪਹੁੰਚ ਕਿ ਸ਼ਹੀਦਾਂ ਦੀ ਸੋਚ ਪਰਤੀ ਆਪਣੇ ਅਹਿਦ ਨੂੰ ਦੁਹਰਾਉਣ ਦਾ ਸੱਦਾ ਦਿੰਦਾ ਹੈ।






## ਡਾ. ਇਕਵਿੰਦਰ ਸਿੰਘ ਗਿੱਲ ਦੇ ਜਵਾਨ ਪੁੱਤਰ ਦੀ ਮੌਤ ਕਾਰਨ ਗਿੱਲ ਪਰਿਵਾਰ ਨੂੰ ਅਸਹਿ ਸਦਮਾ

**ਸੈਨਹੋਜ਼ੇ/ਤਰਲੋਚਨ ਸਿੰਘ ਦੁਪਾਲਪੁਰ:** ਪ੍ਰਵਾਸੀ ਪੰਜਾਬੀਆਂ ਦੀਆਂ ਸਮਾਜਿਕ ਧਾਰਮਿਕ ਅਤੇ ਸਿਆਸੀ ਸਰਗਰਮੀਆਂ ਵਿਚ ਮੋਹਰੀ ਰੋਲ ਅਦਾ ਕਰਨ ਵਲੋ ਅਤੇ ਆਪ ਵਲੰਟੀਅਰਜ਼ ਯੂ ਐਸ ਏ ਦੇ ਸੀਨੀਅਰ ਮੈਂਬਰ ਡਾ. ਇਕਵਿੰਦਰ ਸਿੰਘ



ਗਿੱਲ ਨੂੰ ਨੌਜਵਾਨ ਪੁੱਤਰ ਦੀ ਮੌਤ ਕਾਰਨ ਅਸਹਿ ਸਦਮਾ ਪਹੁੰਚਿਆ ਹੈ। ਡਾ. ਗਿੱਲ ਅਤੇ ਬੀਬੀ ਜਗਮੋਹਨ ਕੌਰ ਗਿੱਲ ਦੇ ਪੁੱਤਰ ਕਾਕਾ ਸੁਮੀਤ ਗਿੱਲ ਦੀ ਬੀਤੇ 31 ਅਕਤੂਬਰ ਨੂੰ ਮੌਤ ਹੋ ਗਈ। ਗਿੱਲ ਪਰਿਵਾਰ ਦੇ ਨਿਕਟਵਰਤੀ ਸ੍ਰੀ ਜਸਵਿੰਦਰ ਸਿੰਘ ਗਿੱਲ (ਜੱਸੀ ਗਿੱਲ) ਵੱਲੋਂ ਭੇਜੀ ਗਈ ਦੁਖਦਾਈ ਸੂਚਨਾ ਅਨੁਸਾਰ ਅਣਵਿਆਹਿਆ ਸੁਮੀਤ, ਪਰਿਵਾਰ, ਸਕੇ ਸਬੰਧੀਆਂ ਅਤੇ ਮਿੱਤਰਾਂ ਦੋਸਤਾਂ ਨੂੰ ਰੋਂਦਾ ਕੁਰਲਾਉਂਦਾ ਛੱਡ ਗਿਆ ਹੈ। ਸੁਮੀਤ ਗਿੱਲ ਦਾ ਅੰਤਮ ਸੰਸਕਾਰ 11 ਨਵੰਬਰ ਸ਼ਨੀਵਾਰ ਨੂੰ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਦੌਰਾਨ Spangler Mortuary 174-N Sunnyvale Ave CA 94086 ਵਿਖੇ ਕੀਤਾ ਜਾਵੇਗਾ। ਵਿਛੜੀ ਆਤਮਾ ਲਈ ਅੰਤਿਮ ਅਰਦਾਸ ਵੀ ਉਸੇ ਦਿਨ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਕੀਤੀ ਜਾਵੇਗੀ। ਦੁਖੀ ਪਰਿਵਾਰ ਦਾ ਦੁੱਖ ਵੰਡਾਉਣ ਲਈ ਫੋਨ ਨੰਬਰ 408-667-6879 ਅਤੇ 209-598-6980 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਰੇਸ਼ਾਨ ਭਾਰਤ ਨੇ ਯੂਕੇ ਨੂੰ ਕਿਹਾ; ਅਜ਼ਾਦੀ ਪਸੰਦ ਸਿੱਖਾਂ ਅਤੇ ਕਸ਼ਮੀਰੀਆਂ ਨੂੰ ਸਰਗਰਮੀਆਂ ਕਰਨ ਤੋਂ ਰੋਕੇ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:**

ਮੀਡੀਆ ਰਿਪੋਰਟਾਂ ਮੁਤਾਬਕ ਭਾਰਤ ਨੇ ਯੂ.ਕੇ. ਨੂੰ ਕਿਹਾ ਕਿ ਉਹ ਅਜ਼ਾਦੀ ਪਸੰਦ, ਖੁਦਮੁਖਤਿਆਰੀ ਦੇ ਹੱਕ ਵਿਚ ਕੰਮ ਕਰਨ ਵਾਲੇ ਕਾਰਜਕਰਤਾਵਾਂ ਕਸ਼ਮੀਰੀਆਂ ਅਤੇ ਸਿੱਖਾਂ ਨੂੰ ਆਪਣੀ ਧਰਤੀ ਤੋਂ ਸਰਗਰਮੀਆਂ ਕਰਨ ਤੋਂ ਰੋਕੇ।

ਅੰਗ੍ਰੇਜ਼ੀ ਹਫਤਾਵਾਰੀ 'ਚ ਛਪੀ ਖ਼ਬਰ ਮੁਤਾਬਕ ਬਰਤਾਨੀਆ ਦੇ ਪ੍ਰਵਾਸੀ ਮਾਮਲਿਆਂ ਦੇ ਗ੍ਰਹਿ ਰਾਜ ਮੰਤਰੀ ਬ੍ਰੈਂਡਨ ਲੇਵਿਸ ਦੀ ਆਪਣੇ ਹਮਰੁਤਬਾ ਭਾਰਤੀ ਮੰਤਰੀ ਕਿਰਨ ਰਿਜਿਜੂ ਨੇ ਮੁਲਾਕਾਤ ਸਮੇਂ "ਭਾਰਤੀ ਚਿੰਤਾ" ਦਾ ਇਜ਼ਹਾਰ ਕੀਤਾ ਕਿ ਉਹ ਕਸ਼ਮੀਰੀਆਂ ਅਤੇ ਸਿੱਖਾਂ ਦੀਆਂ ਅਜ਼ਾਦੀ ਪਸੰਦ ਸਰਗਰਮੀਆਂ ਨੂੰ ਰੋਕੇ, ਕਿਉਂਕਿ ਇਹ ਭਾਰਤ ਦੀ "ਪ੍ਰਭੂਸੱਤਾ" ਨੂੰ ਗੰਭੀਰ ਖ਼ਤਰਾ ਹਨ।

ਇਸ ਤੋਂ ਅਲਾਵਾ ਭਾਰਤੀ ਮੰਤਰੀ ਕਿਰਨ ਰਿਜਿਜੂ ਨੇ ਭਾਰਤ ਸਰਕਾਰ ਵਲੋਂ ਬਰਤਾਨੀਆ ਨਾਲ 13 ਐਕਸਟ੍ਰਾਡੀਸ਼ਨ ਸਮਝੌਤੇ ਵੀ ਕੀਤੇ। ਅਤੇ ਯੂ.ਕੇ. 'ਚ ਕਤਲ ਕੇਸ 'ਚ ਲੁੜੀਂਦੇ ਮੁਹੰਮਦ ਅਬਦੁਲ ਸ਼ੱਕੂਰ ਨੂੰ ਬਰਤਾਨੀਆ ਦੇ ਹਵਾਲੇ ਕਰਨ 'ਚ ਮਦਦ ਦਾ ਵਾਅਦਾ ਕੀਤਾ।

ਬਰਤਾਨਵੀ ਮੰਤਰੀ ਲੇਵਿਸ ਨੇ ਇਹ ਵੀ ਕਿਹਾ ਕਿ ਭਾਰਤ ਅਤੇ ਯੂ.ਕੇ. 'ਚ ਹਰ 6 ਮਹੀਨਿਆਂ ਬਾਅਦ ਦੁਵੱਲੀ ਗੱਲਬਾਤ ਹੋਇਆ ਕਰੇਗੀ।

# ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਹਵਾਰਾ ਨੇ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਦਾ ਕੀਤਾ ਐਲਾਨ

### *ਵਿਦੇਸ਼ਾਂ ਵਿੱਚੋਂ 150 ਪ੍ਰਤੀਨਿਧਾਂ ਦੀ ਚੋਣ ਲਈ ਬਣਾਈ 15 ਮੈਂਬਰੀ ਤਾਲਮੇਲ ਕਮੇਟੀ 'ਚ ਡਾ. ਅਮਰਜੀਤ ਸਿੰਘ ਤੇ ਹਿੰਮਤ ਸਿੰਘ ਸ਼ਾਮਲ*

**ਚੰਡੀਗੜ੍ਹ/ਬਿਊਰੋ ਨਿਊਜ਼:**

ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਹੱਤਿਆ ਕਾਂਡ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਤੇ ਸਰਬੱਤ ਖ਼ਾਲਸਾ ਵੱਲੋਂ ਥਾਪੇ ਅਕਾਲ ਤਖ਼ਤ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੇ ਵਰਲਡ ਸਿੱਖ ਪਾਰਲੀਮੈਂਟ (ਡਬਲਿਊਐੱਸਪੀ) ਬਣਾਉਣ ਦਾ ਐਲਾਨ ਕੀਤਾ ਹੈ। ਡਬਲਿਊਐੱਸਪੀ ਭਾਰਤ ਅਤੇ ਵਿਦੇਸ਼ਾਂ ਦੇ 150-150 ਪ੍ਰਤੀਨਿਧਾਂ 'ਤੇ ਆਧਾਰਿਤ ਹੋਵੇਗੀ ਅਤੇ 25 ਨਵੰਬਰ ਤੱਕ ਵਿਦੇਸ਼ਾਂ ਦੇ ਪ੍ਰਤੀਨਿਧਾਂ ਦੀ ਚੋਣ ਪਿੱਛੋਂ ਭਾਰਤ 'ਚੋਂ ਸਮੂਹ ਪੰਥ ਹਿਤੈਸ਼ੀ ਸੰਸਥਾਵਾਂ ਦੇ 150 ਪ੍ਰਤੀਨਿਧ ਚੁਣੇ ਜਾਣਗੇ।



ਭਾਈ ਜਗਤਾਰ ਸਿੰਘ ਹਵਾਰਾ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਦਾ ਐਲਾਨ ਕਰਦੇ ਹੋਏ।

ਇਸ ਐਲਾਨ ਤੋਂ ਸਪੱਸ਼ਟ ਸੰਕੇਤ ਦਿੱਤੇ ਗਏ ਹਨ ਕਿ ਡਬਲਿਊਐੱਸਪੀ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਸਿਆਸੀ ਚੁਣੌਤੀ ਹੋਵੇਗੀ। ਹਵਾਰਾ ਦੀ 7 ਮੈਂਬਰੀ ਨਿੱਜੀ ਸਲਾਹਕਾਰ ਕਮੇਟੀ ਦੇ ਚਾਰ ਮੈਂਬਰਾਂ ਸੀਨੀਅਰ ਵਕੀਲ ਅਮਰ ਸਿੰਘ ਚਾਹਲ, ਗਿਆਨੀ ਗੁਰਚਰਨ ਸਿੰਘ, ਹਰਮਿੰਦਰ ਸਿੰਘ ਦਿੱਲੀ ਤੇ ਬਗੀਚਾ ਸਿੰਘ ਰੱਤਾਖੇੜਾ ਨੇ ਸੋਮਵਾਰ ਨੂੰ ਇੱਥੇ ਇਹ ਐਲਾਨ ਕਰਦਿਆਂ ਕਿਹਾ ਕਿ ਡਬਲਿਊਐੱਸਪੀ ਰਾਹੀਂ ਸਿੱਖ ਕੌਮ 'ਤੇ ਹੋ ਰਹੇ ਹਮਲਿਆਂ ਦਾ ਹਰੇਕ ਪੱਖੋਂ ਮੁਕਾਬਲਾ ਕੀਤਾ ਜਾਵੇਗਾ। ਸਰਬੱਤ ਖ਼ਾਲਸਾ ਵੱਲੋਂ ਥਾਪੇ ਹੋਰ ਜਥੇਦਾਰਾਂ ਦੀ ਥਾਂ ਸ੍ਰੀ ਹਵਾਰਾ ਵੱਲੋਂ ਇਹ ਅਹਿਮ ਐਲਾਨ ਆਪਣੇ ਨਿੱਜੀ ਸਲਾਹਕਾਰਾਂ ਰਾਹੀਂ ਕਰਵਾਉਣ 'ਤੇ ਕਈ ਤਰ੍ਹਾਂ ਦੇ ਸਵਾਲ ਵੀ ਉਠਾਏ ਜਾ ਰਹੇ ਹਨ। ਯਾਦ ਰਹੇ ਕਿ ਪਹਿਲਾਂ ਵੀ ਸ੍ਰੀ ਹਵਾਰਾ ਅਤੇ ਹੋਰ ਜਥੇਦਾਰਾਂ ਵਿਚਾਲੇ ਕੁਝ ਮੁੱਦਿਆਂ 'ਤੇ ਮਤਭੇਦ ਹੋ ਚੁੱਕੇ ਸਨ। ਸ੍ਰੀ ਹਵਾਰਾ ਦੀ ਸਲਾਹਕਾਰ ਕਮੇਟੀ ਦੇ ਚਾਰ ਮੈਂਬਰ ਇਹ ਐਲਾਨ ਜਥੇਦਾਰਾਂ ਰਾਹੀਂ ਨਾ ਕਰਵਾਉਣ ਦੇ ਸਵਾਲ ਦਾ ਕੋਈ ਸਪੱਸ਼ਟ ਜਵਾਬ ਨਹੀਂ ਦੇ ਸਕੇ। ਉਨ੍ਹਾਂ ਤਿਹਾੜ ਜੇਲ੍ਹ 'ਚੋਂ ਸ੍ਰੀ ਹਵਾਰਾ ਵੱਲੋਂ ਭੇਜਿਆ ਸੰਦੇਸ਼ ਦੱਸਦਿਆਂ ਕਿਹਾ ਕਿ ਸਿੱਖ ਪਾਰਲੀਮੈਂਟ ਕੌਮ ਦੇ ਮਸਲਿਆਂ ਦੇ ਸਦੀਵੀ ਹੱਲ ਲਈ ਬਣਾਈ ਜਾ ਰਹੀ ਹੈ, ਜੋ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਚੱਲੇਗੀ। ਉਨ੍ਹਾਂ ਆਪਣੇ ਸੰਦੇਸ਼ ਵਿੱਚ ਮੰਨਿਆ ਹੈ ਕਿ ਸਿੱਖ ਪਾਰਲੀਮੈਂਟ ਬਾਰੇ ਥੋੜ੍ਹੀ ਮੁਸ਼ਕਲ ਤੋਂ ਬਾਅਦ ਸਰਬ ਸਹਿਮਤੀ ਹੋ ਗਈ ਹੈ।

ਵਿਦੇਸ਼ਾਂ ਵਿੱਚੋਂ ਸਿੱਖ ਪਾਰਲੀਮੈਂਟ ਲਈ 150 ਪ੍ਰਤੀਨਿਧਾਂ ਦੀ ਚੋਣ ਕਰਨ ਲਈ 15 ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਯੂਐੱਸਏ ਤੋਂ ਹਿੰਮਤ ਸਿੰਘ ਤੇ ਡਾ. ਅਮਰਜੀਤ ਸਿੰਘ, ਕੈਨੇਡਾ ਤੋਂ ਭਗਤ ਸਿੰਘ ਤੇ ਮਹਿੰਦਰਪਾਲ ਸਿੰਘ, ਯੂ.ਕੇ. ਤੋਂ ਜੋਗਾ ਸਿੰਘ, ਮਨਪ੍ਰੀਤ ਸਿੰਘ, ਅਮਰੀਕ ਸਿੰਘ ਤੇ ਦਬਿੰਦਰਜੀਤ ਸਿੰਘ, ਜਰਮਨ ਤੋਂ ਗੁਰਮੀਤ ਸਿੰਘ, ਸੁਖਦੇਵ ਸਿੰਘ, ਜਸਵਿੰਦਰ ਸਿੰਘ ਤੇ ਰੇਸ਼ਮ ਸਿੰਘ ਅਤੇ ਆਸਟਰੇਲੀਆ ਤੋਂ ਸ਼ਾਮ ਸਿੰਘ ਤੇ ਗੁਰਵਿੰਦਰ ਸਿੰਘ ਸ਼ਾਮਲ ਹਨ। ਸ੍ਰੀ ਚਾਹਲ ਨੇ ਦੱਸਿਆ ਕਿ ਹੁਣ ਦਿੱਲੀ ਵਿੱਚ ਸ੍ਰੀ ਹਵਾਰਾ ਵਿਰੁੱਧ ਕੋਈ ਕੇਸ ਪੈਂਡਿੰਗ ਨਾ ਹੋਣ ਕਾਰਨ ਉਨ੍ਹਾਂ ਨੂੰ ਤਿਹਾੜ ਜੇਲ੍ਹ ਵਿੱਚ ਰੱਖਣਾ ਸਰਾਸਰ ਗ਼ਲਤ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲਣ ਦੇ ਬਾਵਜੂਦ ਸ੍ਰੀ ਹਵਾਰਾ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਨਹੀਂ ਕੀਤਾ ਗਿਆ। ਹਰਮਿੰਦਰ ਸਿੰਘ ਦਿੱਲੀ ਨੇ ਦੱਸਿਆ ਕਿ ਤਿਹਾੜ ਜੇਲ੍ਹ ਦਾ ਪ੍ਰਸ਼ਾਸਨ ਸ੍ਰੀ ਹਵਾਰਾ ਦੀ ਰੀੜ ਦੀ ਹੱਡੀ ਦਾ ਇਲਾਜ ਕਰਵਾਉਣ ਤੋਂ ਵੀ ਇਨਕਾਰੀ ਹੈ।


Hassle Free Buying and Selling!

Real EstateWe can Help to Buy and Sell Your Home.

Statewide REALTY & MORTGAGE

BRE# 01929644

For People Who Believe In Home!!!!
Real Estate, Loans

ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



2161 SQ Feet home Natomas Sacramento
3 BR 2.5 bath with loft available for $389,000



Kulwinder Kaur K.D.
Cell 916-212-0123
e-mail kdkaur9@yahoo.com



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com

## ਨੋਟਬੰਦੀ ਦੀ ਵਰ੍ਹੇਗੰਢ ਮੌਕੇ ਕਾਂਗਰਸ ਤੇ ਸਰਕਾਰ 'ਚ ਤਲ਼ਖ਼ੀ

# ਡਾ. ਮਨਮੋਹਨ ਸਿੰਘ ਨੇ ਫਿਰ ਕਿਹਾ : ਸੰਗਠਿਤ ਲੁੱਟ ਹੈ ਨੋਟਬੰਦੀ

**ਅਹਿਮਦਾਬਾਦ/ਬਿਊਰੋ ਨਿਊਜ਼:**
ਵਿਸ਼ਵ ਪ੍ਰਸਿੱਧ ਅਰਥ ਸ਼ਾਸ਼ਤਰੀ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਨੋਟਬੰਦੀ ਅਤੇ ਜੀਐਸਟੀ ਦੀ 'ਦੋਹਰੀ ਮਾਰ' ਨੇ ਮੁਲਕ ਦੀ ਆਰਥਿਕਤਾ 'ਬਿਲਕੁਲ ਤਬਾਹ' ਕਰ ਦਿੱਤੀ ਹੈ। ਉਨ੍ਹਾਂ ਨੇ ਇਨ੍ਹਾਂ 'ਯਾਦਗਾਰੀ ਗਲਤੀਆਂ' ਤੋਂ ਕੋਈ ਸਬਕ ਨਾ ਸਿੱਖਣ ਲਈ ਮੋਦੀ ਸਰਕਾਰ ਦੀ ਕੰਡ ਝਾੜ ਕੀਤੀ। ਨੋਟਬੰਦੀ ਦੀ ਪਹਿਲੀ ਵਰ੍ਹੇਗੰਢ ਤੋਂ ਇਕ ਦਿਨ ਪਹਿਲਾਂ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਡਾ. ਮਨਮੋਹਨ ਨੇ ਸਰਕਾਰ ਦੇ ਉਤਸ਼ਾਹੀ ਬੁਲੇਟ ਟਰੇਨ ਪ੍ਰਾਜੈਕਟ, ਜਿਸ ਤਹਿਤ ਮੁੰਬਈ ਤੇ ਅਹਿਮਦਾਬਾਦ ਨੂੰ ਜੋੜਿਆ ਜਾਣਾ ਹੈ, ਦੇ ਪਰਖੱਚੇ ਉਡਾਉਂਦਿਆਂ ਇਸ ਨੂੰ 'ਦਿਖਾਵੇ ਵਾਲੀ ਕਾਰਵਾਈ' ਦੱਸਿਆ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਜੋ ਪਹਿਲਾਂ ਕਿਹਾ ਸੀ ਉਸ ਨੂੰ ਦੁਹਰਾ ਰਹੇ ਹਨ ਕਿ ਨੋਟਬੰਦੀ 'ਸੰਗਠਿਤ ਲੁੱਟ ਅਤੇ ਕਾਨੂੰਨੀ ਡਾਕਾ' ਸੀ। ਉਨ੍ਹਾਂ ਨੇ ਇਸ ਨੂੰ 'ਜਲਦਬਾਜ਼ੀ ਵਾਲਾ ਕਦਮ' ਅਤੇ 'ਤਬਾਹਕੁਨ ਨੀਤੀ' ਦੱਸਿਆ, ਜੋ ਪ੍ਰਚਾਰੇ ਟੀਚੇ ਹਾਸਲ ਕਰਨ 'ਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਵਸਤਾਂ ਤੇ ਸੇਵਾਵਾਂ ਕਰ (ਜੀਐਸਟੀ) ਨੂੰ



ਕਾਹਲੀ ਵਿੱਚ ਲਾਗੂ ਕੀਤਾ ਗਿਆ।
ਦੱਸਣਯੋਗ ਹੈ ਕਿ ਅਗਲੇ ਮਹੀਨੇ ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਕਾਂਗਰਸ ਨੇ ਮੋਦੀ ਦੇ ਗ੍ਰਹਿ ਰਾਜ 'ਚ ਛੋਟੇ ਤੇ ਦਰਮਿਆਨੇ ਵਪਾਰੀਆਂ, ਜੋ ਜੀਐਸਟੀ ਨਾਲ ਆ ਰਹੀਆਂ ਸਮੱਸਿਆਵਾਂ ਕਾਰਨ ਸਰਕਾਰ ਖ਼ਿਲਾਫ਼ ਬਾਹਾਂ ਚੜ੍ਹਾਈ ਫਿਰ ਰਹੇ ਹਨ, ਦੇ ਇਕੱਠ ਦੌਰਾਨ ਪ੍ਰਧਾਨ ਮੰਤਰੀ 'ਤੇ ਹਮਲੇ ਲਈ ਉੱਘੇ ਅਰਥਸ਼ਾਸਤਰੀ ਮਨਮੋਹਨ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ। ਇਸ ਬਾਅਦ ਸਾਬਕਾ ਪ੍ਰਧਾਨ ਮੰਤਰੀ ਨੇ ਨਿਊਜ਼ ਕਾਨਫਰੰਸ ਦੌਰਾਨ ਕਿਹਾ ਕਿ ਸ੍ਰੀ ਮੋਦੀ ਦਾ ਸਾਲ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਯੋਜਨਾ ਵੀ ਇਕ ਚੋਣ ਜੁਮਲਾ ਬਣ ਕੇ ਰਹਿ ਜਾਵੇਗੀ। ਕਾਂਗਰਸ ਵੱਲੋਂ ਕਰਾਏ ਸਮਾਗਮ ਦੌਰਾਨ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਨੋਟਬੰਦੀ ਅਤੇ ਜੀਐਸਟੀ ਨੇ ਵਪਾਰੀ ਭਾਈਚਾਰੇ ਵਿੱਚ 'ਕਰ ਦਹਿਸ਼ਤ ਦੇ ਖ਼ੌਫ ਦੀ ਡੂੰਘੀ' ਜੜ੍ਹ ਲਗਾ ਦਿੱਤੀ ਹੈ। ਉਨ੍ਹਾਂ ਕਿਹਾ, 'ਨੋਟਬੰਦੀ ਸਪੱਸ਼ਟ ਤੌਰ 'ਤੇ ਕਰ ਨਾ ਦੇਣ ਤੇ ਕਾਲੇ ਧਨ ਦੀ ਸਮੱਸਿਆ ਦੇ ਖ਼ਾਤਮੇ ਦਾ ਰਾਹ ਨਹੀਂ ਸੀ। ਨੋਟਬੰਦੀ ਮਹਿਜ਼ ਸਿਆਸੀ ਲਾਹੇ ਵਾਲਾ ਕਦਮ ਸਾਬਿਤ ਹੋਈ ਹੈ ਅਤੇ ਅਸਲ ਦੋਸ਼ੀ ਬਚ ਗਏ ਹਨ।'
ਉਨ੍ਹਾਂ ਕਿਹਾ, 'ਸ੍ਰੀ ਮੋਦੀ ਨੂੰ ਦੋ ਮਹਾਨ ਗੁਜਰਾਤੀਆਂ ਮਹਾਤਮਾ ਗਾਂਧੀ ਅਤੇ ਸਰਦਾਰ ਪਟੇਲ ਤੋਂ ਪ੍ਰੇਰਣਾ ਲੈਣੀ ਚਾਹੀਦੀ ਸੀ। ਚੰਗੇ ਪ੍ਰਸ਼ਾਸਨ 'ਚ ਦਿਮਾਗ ਤੇ ਦਿਲ ਸ਼ਾਮਲ ਹੁੰਦਾ ਹੈ। ਮੈਨੂੰ ਇਹ ਕਹਿੰਦਿਆਂ ਦੁੱਖ ਹੁੰਦਾ ਹੈ ਕਿ ਕੇਂਦਰ ਸਰਕਾਰ ਇਨ੍ਹਾਂ ਦੋਵੇਂ ਫਰੰਟਾਂ 'ਤੇ ਆਪਣਾ ਫ਼ਰਜ਼ ਨਿਭਾਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਵਿਕਾਸ ਦਰ ਡਿੱਗਣ ਕਾਰਨ ਲੋਕਾਂ ਕੋਲੋਂ ਰੁਜ਼ਗਾਰ ਤੇ ਨੌਜਵਾਨਾਂ ਕੋਲੋਂ ਮੌਕੇ ਖੁੱਸ ਗਏ ਹਨ। ਕਾਰੋਬਾਰ ਠੱਪ ਹੋ ਗਏ ਹਨ। ਉਪਰੋਂ ਸਰਕਾਰ ਵੱਲੋਂ ਇਸ ਇਤਿਹਾਸਕ ਭੁੱਲ ਤੋਂ ਕੋਈ ਸਬਕ ਨਾ ਲੈਣਾ ਇਸ ਤੋਂ ਵੀ ਭਿਆਨਕ ਹੈ।'

## ਸੰਗਠਿਤ ਲੁੱਟ ਤਾਂ ਮਨਮੋਹਨ ਸਿੰਘ ਵੇਲੇ ਹੋਈ: ਜੇਤਲੀ

**ਨਵੀਂ ਦਿੱਲੀ/ਬਿਊਰੋ ਨਿਊਜ਼**, ਨੋਟਬੰਦੀ ਨੂੰ 'ਸੰਗਠਿਤ ਲੁੱਟ' ਦੱਸਣ ਲਈ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ 'ਤੇ ਹੱਲਾ ਬੋਲਦਿਆਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਹ 'ਨੈਤਿਕ ਮੁਹਿੰਮ ਅਤੇ ਇਖ਼ਲਾਕੀ ਕਦਮ' ਸੀ ਜਦੋਂਕਿ 'ਲੁੱਟ' ਤਾਂ ਡਾ. ਮਨਮੋਹਨ ਦੇ ਕਾਰਜਕਾਲ ਵਿੱਚ 2ਜੀ, ਰਾਸ਼ਟਰਮੰਡਲ ਖੇਡਾਂ ਅਤੇ ਕੋਲਾ ਬਲਾਕ ਵੰਡ ਘੁਟਾਲਿਆਂ ਦੇ ਰੂਪ 'ਚ ਹੋਈ ਸੀ। ਨੋਟਬੰਦੀ ਦੇ ਫ਼ੈਸਲੇ ਨਾਲ ਆਰਥਿਕਤਾ ਦਾ ਵਿਸਥਾਰ ਤੇ ਸਫ਼ਾਈ ਹੋਣ ਤੋਂ ਇਲਾਵਾ ਕਰ ਆਧਾਰ ਵਧਣ ਦਾ ਦਾਅਵਾ ਕਰਦਿਆਂ ਸ੍ਰੀ ਜੇਤਲੀ ਨੇ ਕਿਹਾ ਕਿ ਸਰਕਾਰ ਆਪਣੇ ਇਸ ਫ਼ੈਸਲੇ 'ਤੇ ਸਾਲ ਬਾਅਦ ਵੀ ਡਟ ਕੇ ਖੜ੍ਹੀ ਹੈ। ਉਨ੍ਹਾਂ ਨੇ ਇਸ ਨੂੰ ਭਾਰਤੀ ਆਰਥਿਕਤਾ ਦਾ 'ਇਤਿਹਾਸਕ ਪਲ' ਦੱਸਿਆ ਹੈ। ਭਾਜਪਾ ਦੀ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਜੇਤਲੀ ਨੇ ਕਿਹਾ ਕਿ ਨੈਤਿਕਤਾ ਦੇ ਮੁੱਦੇ 'ਤੇ ਕਾਂਗਰਸ ਨਾਲੋਂ ਉਨ੍ਹਾਂ ਦੀ ਪਾਰਟੀ ਦਾ ਵੱਖਰਾ ਦ੍ਰਿਸ਼ਟੀਕੋਣ ਹੈ ਕਿਉਂਕਿ ਉਨ੍ਹਾਂ ਦੀ ਤਰਜੀਹ ਮੁਲਕ ਦੀ ਸੇਵਾ ਹੈ ਜਦੋਂਕਿ ਵਿਰੋਧੀ ਧਿਰ ਲਈ ਇਹ ਇਕ ਪਰਿਵਾਰ ਦੀ ਸੇਵਾ ਹੈ। ਉਨ੍ਹਾਂ ਨੇ ਡਾ. ਮਨਮੋਹਨ ਸਿੰਘ ਨੂੰ 2014 ਤੋਂ ਪਹਿਲਾਂ ਅਤੇ 2014 ਬਾਅਦ ਭਾਰਤੀ ਆਰਥਿਕਤਾ ਦੀ ਭਰੋਸੇਯੋਗਤਾ ਦੀ ਤੁਲਨਾ ਕਰਨ ਲਈ ਕਿਹਾ। ਵਿੱਤ ਮੰਤਰੀ ਨੇ ਕਿਹਾ, 'ਤੁਹਾਡੇ ਸਮੇਂ ਨੀਤੀਗਤ ਖੜ੍ਹੋਤ ਕਾਰਨ ਆਰਥਿਕਤਾ ਅਸਰਅੰਦਾਜ਼ ਹੋਈ ਸੀ। ਤੁਸੀਂ ਆਲਮੀ ਮੰਚ ਤੋਂ ਗਾਇਬ ਸੀ। ਅੱਜ ਇਕ ਵੀ ਅਜਿਹੀ ਕੌਮਾਂਤਰੀ ਏਜੰਸੀ ਨਹੀਂ ਹੈ, ਜੋ ਭਾਰਤ 'ਚ ਕੀਤੇ ਗਏ ਢਾਂਚਾਗਤ ਸੁਧਾਰਾਂ ਦੀ ਪ੍ਰਸੰਸਾ ਨਾ ਕਰਦੀ ਹੋਵੇ। ਕਾਲੇ ਧਨ ਖ਼ਿਲਾਫ਼ ਮੁਹਿੰਮ ਇਖ਼ਲਾਕੀ ਮੁਹਿੰਮ ਹੈ। ਲੁੱਟ ਤਾਂ 2ਜੀ, ਰਾਸ਼ਟਰਮੰਡਲ ਖੇਡਾਂ ਅਤੇ ਕੋਲਾ ਬਲਾਕ ਵੰਡ 'ਚ ਹੋਈ ਸੀ।' ਸ੍ਰੀ ਜੇਤਲੀ ਨੇ ਕਿਹਾ ਕਿ ਨੋਟਬੰਦੀ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੈ ਪਰ ਇਸ ਫ਼ੈਸਲੇ ਨੇ ਏਜੰਡਾ ਤਬਦੀਲ ਕਰਨ ਤੋਂ ਇਲਾਵਾ ਘੱਟ-ਨਕਦੀ ਵਾਲੀ ਆਰਥਿਕਤਾ ਦੀ ਨੀਂਹ ਰੱਖੀ, ਕਰਦਾਤਾਵਾਂ ਦੀ ਗਿਣਤੀ ਵਧਾਈ ਅਤੇ ਅਤਿਵਾਦ ਫੰਡਿੰਗ ਨੂੰ ਲਗਾਮ ਪਾਈ ਹੈ। ਉਨ੍ਹਾਂ ਕਿਹਾ ਕਿ ਕਾਲੇ ਧਨ ਖ਼ਿਲਾਫ਼ ਇਕ ਵੀ ਵੱਡਾ ਕਦਮ ਨਾ ਚੁੱਕਣ ਦਾ ਕਾਂਗਰਸ ਦਾ ਇਤਿਹਾਸ ਹੈ।



## ਹਾਈ ਕੋਰਟ ਨੇ ਮੂਰਥਲ ਮਾਮਲੇ 'ਚ ਪੁਲੀਸ ਅਫ਼ਸਰਾਂ ਦੀਆਂ ਟੈਲੀਫੋਨ ਕਾਲਾਂ ਦੇ ਵੇਰਵੇ ਮੰਗੇ

**ਚੰਡੀਗੜ੍ਹ/ਬਿਊਰੋ ਨਿਊਜ਼**, ਕਰੀਬ ਦੋ ਸਾਲ ਪਹਿਲਾਂ ਸੀਨੀਅਰ ਪੁਲੀਸ ਅਫ਼ਸਰਾਂ ਵੱਲੋਂ 'ਜਾਦੂਮਈ ਢੰਗ ਨਾਲ' ਮੂਰਥਲ ਦੇ ਸੁਖਦੇਵ ਢਾਬੇ ਵਿੱਚ 'ਪਰਗਟ ਹੋ ਕੇ' ਔਰਤਾਂ ਨੂੰ 'ਦਿੱਲੀ ਹੱਦ ਤੱਕ ਨਾਲ ਲਿਜਾ ਕੇ ਛੱਡਣ' ਤੋਂ ਬਾਅਦ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੂਰਥਲ ਬਲਾਤਕਾਰ ਕੇਸ ਵਿੱਚ ਇਨ੍ਹਾਂ ਅਫ਼ਸਰਾਂ ਦੇ ਕਾਲ ਵੇਰਵੇ ਤਲਬ ਕੀਤੇ ਹਨ। ਇਸ ਸਬੰਧੀ 'ਆਪਣੇ ਤੌਰ 'ਤੇ' ਕਾਰਵਾਈ ਕਰਦਿਆਂ ਹਾਈ ਕੋਰਟ ਦੇ ਜਸਟਿਸ ਏ.ਕੇ. ਮਿੱਤਲ ਅਤੇ ਜਸਟਿਸ ਅਮਿਤ ਰਾਵਲ ਦੇ ਡਿਵੀਜ਼ਨ ਬੈਂਚ ਨੇ ਹਰਿਆਣਾ ਸਰਕਾਰ ਨੂੰ ਆਖਿਆ ਕਿ ਉਹ ਮੂਰਥਲ ਇਲਾਕੇ ਵਿੱਚ ਮੌਜੂਦ ਆਈਜੀਪੀ, ਐਸਪੀ, ਡੀਐਸਪੀ, ਐਸਐਚਓ ਅਤੇ ਹੋਰ ਪੁਲੀਸ ਮੁਲਾਜ਼ਮਾਂ ਦੇ 19 ਤੋਂ 22 ਫਰਵਰੀ, 2016 ਦੇ ਕਾਲ ਵੇਰਵੇ ਦੇਵੇ। ਅਦਾਲਤ ਨੇ ਕੁੱਲ 573 ਗਵਾਹਾਂ ਦੇ ਹਰਿਆਣਾ ਪੁਲੀਸ ਵੱਲੋਂ ਸੀਆਰਪੀਸੀ ਦੀ ਧਾਰਾ 161 ਤਹਿਤ ਦਰਜ ਕੀਤੇ ਬਿਆਨ ਵੀ ਮੰਗਵਾਏ ਹਨ। ਬੈਂਚ ਨੇ ਇਹ ਹੁਕਮ ਉਦੋਂ ਜਾਰੀ ਕੀਤੇ ਜਦੋਂ ਕੇਸ ਵਿੱਚ ਅਦਾਲਤ ਦੇ ਮਿੱਤਰ ਵਕੀਲ ਅਨੁਪਮ ਗੁਪਤਾ ਨੇ ਦੱਸਿਆ ਕਿ ਉਹ ਗਵਾਹਾਂ ਦੇ ਬਿਆਨਾਂ ਅਤੇ ਹੋਰ ਸਬੰਧਤ ਰਿਕਾਰਡ ਦੀ ਅਣਹੋਂਦ ਵਿੱਚ ਇਹ ਪਤਾ ਲਾਉਣ ਦੇ ਅਸਮਰੱਥ ਹਨ, ਕਿ ਮਾਮਲੇ ਦੀ ਜਾਂਚ ਸਹੀ ਦਿਸ਼ਾ ਵਿੱਚ ਜਾ ਰਹੀ ਹੈ ਜਾਂ ਨਹੀਂ। ਗ਼ੌਰਤਲਬ ਹੈ ਕਿ ਮੂਰਥਲ ਵਿੱਚ ਜਾਟ ਰਾਖਵਾਂਕਰਨ ਅੰਦੋਲਨ ਦੌਰਾਨ ਬਲਾਤਕਾਰ ਦੀਆਂ ਘਟਨਾਵਾਂ ਸਬੰਧੀ ਰਿਪੋਰਟਾਂ 'ਟ੍ਰਿਬਿਊਨ' ਸਮੂਹ ਵਿੱਚ ਨਸ਼ਰ ਹੋਣ ਤੋਂ ਬਾਅਦ ਹਾਈ ਕੋਰਟ ਨੇ ਮਾਮਲਾ ਆਪਣੇ ਹੱਥ ਵਿੱਚ ਲਿਆ ਸੀ। ਸ੍ਰੀ ਗੁਪਤਾ ਨੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਦੇ ਹਵਾਲੇ ਨਾਲ ਅਪੀਲ ਕੀਤੀ ਸੀ ਕਿ ਸਰਕਾਰ ਨੂੰ ਕੇਸ ਨਾਲ ਸਬੰਧਤ ਦਸਤਾਵੇਜ਼ ਮਿੱਤਰ ਵਕੀਲ ਨੂੰ ਮੁਹੱਈਆ ਕਰਾਉਣ ਦੇ ਹੁਕਮ ਦਿੱਤੇ ਜਾਣ। ਉਨ੍ਹਾਂ ਮਾਮਲੇ ਦੀ ਜਾਂਚ ਸੀਬੀਆਈ ਹਵਾਲੇ ਕੀਤੇ ਜਾਣ 'ਤੇ ਵੀ ਮੁੜ ਜ਼ੋਰ ਦਿੱਤਾ।

# ਭਾਰਤੀ ਜੇਲ੍ਹ 'ਚ ਜੰਮੀ ਹਿਨਾ ਗਿਆਰਾਂ ਸਾਲਾਂ ਬਾਅਦ ਅਪਣੇ ਵਤਨ ਪਰਤੀ

**ਅਟਾਰੀ/ਅੰਮ੍ਰਿਤਸਰ:(ਬਿਊਰੋ ਨਿਊਜ਼):**
ਭਾਰਤ ਸਰਕਾਰ ਵੱਲੋਂ ਭੁੱਜ ਜੇਲ੍ਹ ਵਿੱਚੋਂ ਰਿਹਾਅ ਕੀਤੇ ਪਾਕਿਸਤਾਨ ਦੇ 9 ਮਛੇਰੇ, ਦੋ ਸਿਵਲ ਕੈਦੀ, ਅੰਮ੍ਰਿਤਸਰ ਕੇਂਦਰੀ ਜੇਲ੍ਹ ਤੋਂ ਇਕ ਬੱਚੀ ਹਿਨਾ ਅਤੇ ਦੋ ਔਰਤਾਂ ਅੱਜ ਅਟਾਰੀ-ਵਾਹਗਾ ਸਰਹੱਦ ਰਸਤੇ ਵਤਨ ਪਰਤ ਗਈਆਂ ਹਨ। ਅਟਾਰੀ-ਵਾਹਗਾ ਸਰਹੱਦ 'ਤੇ ਪਾਕਿਸਤਾਨੀ ਮੂਲ ਦੇ ਮਛੇਰਿਆਂ ਅਤੇ ਆਮ ਕੈਦੀਆਂ ਨੂੰ ਸੀਮਾ ਸੁਰੱਖਿਆ ਬਲ ਦੇ ਸਹਾਇਕ ਕਮਾਂਡੈਂਟ ਨਿਰਮਲ ਜੀਤ ਸਿੰਘ ਨੇ ਪਾਕਿਸਤਾਨ ਰੇਂਜਰਜ਼ ਦੇ ਡਿਪਟੀ ਸੁਪਰਡੈਂਟ ਮੁਹੰਮਦ ਫ਼ੈਜ਼ਲ ਹਵਾਲੇ ਕੀਤਾ।
ਅੰਮ੍ਰਿਤਸਰ ਜੇਲ੍ਹ 'ਚੋਂ ਆਪਣੀ ਮਾਂ ਅਤੇ ਮਾਸੀ ਨਾਲ ਰਿਹਾਅ ਹੋਈ ਗਿਆਰਾਂ ਸਾਲਾ ਹਿਨਾ ਦਾ ਜਨਮ ਜੇਲ੍ਹ ਵਿੱਚ ਹੀ ਹੋਇਆ ਸੀ। ਉਹ ਅੱਜ ਸਰਹੱਦ ਪਾਰ ਪੁੱਜਣ 'ਤੇ ਪਹਿਲੀ ਵਾਰ ਆਪਣੇ ਪਿਤਾ ਸੈਫ਼-ਉੱਲ ਰਹਿਮਾਨ ਨੂੰ ਮਿਲੀ ਹੈ। ਉਹ ਪਾਕਿਸਤਾਨ ਵਿੱਚ ਰਹਿੰਦੇ ਆਪਣੇ



ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚੋਂ ਰਿਹਾਅ ਹੋਈਆਂ ਬੀਬੀ ਫਾਤਿਮਾ, ਮੁਮਤਾਜ਼ ਤੇ ਬੱਚੀ ਹਿਨਾ।

ਭੈਣ-ਭਰਾਵਾਂ ਨੂੰ ਵੀ ਪਹਿਲੀ ਦਫ਼ਾ ਮਿਲੇਗੀ। ਹਿਨਾ ਦੇ ਨਾਲ ਉਸ ਦੀ ਮਾਂ ਫਾਤਿਮਾ ਅਤੇ ਮਾਸੀ ਮੁਮਤਾਜ਼ ਵੀ ਰਿਹਾਅ ਹੋਣ ਮਗਰੋਂ ਮੁਲਕ ਪਰਤ ਗਈਆਂ ਹਨ। ਗ਼ੌਰਤਲਬ ਹੈ ਕਿ ਫਾਤਿਮਾ ਅਤੇ ਮੁਮਤਾਜ ਸਮੇਤ ਇਨ੍ਹਾਂ ਦੀ ਮਾਂ ਰਸ਼ੀਦਾ ਬੀਬੀ ਨੂੰ 8 ਮਈ 2006 ਨੂੰ ਸਮਝੌਤਾ ਐਕਸਪ੍ਰੈੱਸ ਰਾਹੀਂ ਲਾਹੌਰ ਤੋਂ ਭਾਰਤ ਆਉਣ ਸਮੇਂ ਨਸ਼ਿਆਂ ਦੀ ਤਸਕਰੀ ਦੇ ਦੋਸ਼ ਹੇਠ ਅਟਾਰੀ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਵੇਲੇ ਫਾਤਿਮਾ ਗਰਭਵਤੀ ਸੀ। ਅਦਾਲਤ ਵੱਲੋਂ ਇਨ੍ਹਾਂ ਨੂੰ ਦਸ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸੇ ਦੌਰਾਨ ਹੀ ਹਿਨਾ ਦਾ ਜਨਮ ਹੋਇਆ ਸੀ, ਜਦੋਂਕਿ ਰਸ਼ੀਦਾ ਦੀ ਸਿਹਤ ਖ਼ਰਾਬ ਹੋਣ ਕਾਰਨ ਉਸ ਦੀ ਮੌਤ ਹੋ ਗਈ ਸੀ। ਫਾਤਿਮਾ ਨੇ ਰਿਹਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਕੀਲ ਨਵਜੋਤ ਕੌਰ ਚੱਬਾ ਦਾ ਧੰਨਵਾਦ ਕੀਤਾ। ਇਸ ਮੌਕੇ ਪਾਕਿਸਤਾਨੀ ਮਛੇਰੇ ਸ਼ੌਕਤ, ਅਲੀ ਮੁਹੰਮਦ ਤੇ ਇਬਰਾਹਿਮ ਨੇ ਦੱਸਿਆ ਕਿ ਉਹ ਸਾਥੀਆਂ ਨਾਲ ਅਰਬ ਸਾਗਰ ਵਿੱਚੋਂ ਮੱਛੀਆਂ ਫੜ ਰਹੇ ਸਨ ਕਿ ਅਚਾਨਕ ਭਾਰਤੀ ਖੇਤਰ ਵਿੱਚ ਦਾਖ਼ਲ ਹੋ ਕਾਰਨ ਉਨ੍ਹਾਂ ਨੂੰ ਭਾਰਤੀ ਜਲ ਸੈਨਿਕਾਂ ਨੇ ਗ੍ਰਿਫ਼ਤਾਰ ਕਰ ਲਿਆ ਸੀ।

# ਭਾਜਪਾ ਨੂੰ ਮੋਦੀ ਅਤੇ ਸ਼ਾਹ ਦੇ ਸਿਕੰਜੇ 'ਚੋਂ ਕੱਢਣਾ ਜਰੂਰੀ : ਸ਼ਤਰੂਘਨ ਸਿਨਹਾ

ਪਟਨਾ/ਬਿਊਰੋ ਨਿਊਜ਼:
ਅਦਾਕਾਰ ਤੋਂ ਸਿਆਸਤਦਾਨ ਬਣੇ ਸ਼ਤਰੂਘਨ ਸਿਨਹਾ ਨੇ ਕਿਹਾ ਹੈ ਕਿ ਜੇਕਰ ਭਾਜਪਾ ਇਕ ਵਿਅਕਤੀ (ਨਰਿੰਦਰ ਮੋਦੀ) ਵਾਲੀ ਸਰਕਾਰ ਅਤੇ ਦੋ ਬੰਦਿਆਂ (ਨਰਿੰਦਰ ਮੋਦੀ ਅਤੇ ਅਮਿਤ ਸ਼ਾਹ) ਵਾਲੀ ਪਾਰਟੀ ਦੇ ਸ਼ਿਕੰਜੇ 'ਚੋਂ ਨਿਕਲ ਜਾਵੇ ਤਾਂ ਭਾਜਪਾ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰ ਸਕਦੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ, ਕਿਸਾਨ ਅਤੇ ਵਪਾਰੀ ਭਗਵਾ



ਪਾਰਟੀ ਦੀਆਂ ਮੌਜੂਦਾ ਨੀਤੀਆਂ ਤੋਂ ਨਾਰਾਜ਼ ਹਨ। ਸ੍ਰੀ ਸਿਨਹਾ ਨੇ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆ ਕਿਹਾ,"ਮੈਨੂੰ ਮਹਿਸੂਸ ਹੁੰਦਾ ਹੈ ਕਿ ਨੌਜਵਾਨਾਂ, ਕਿਸਾਨਾਂ ਅਤੇ ਵਪਾਰੀਆਂ ਦੀ ਨਾਰਾਜ਼ਗੀ ਕਾਰਨ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ 'ਚ ਪਾਰਟੀ ਨੂੰ ਵੱਡੀ ਚੁਣੌਤੀ ਮਿਲ ਰਹੀ ਹੈ। ਸਾਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਵਿਰੋਧੀ ਧਿਰ ਨੂੰ ਹਲਕੇ 'ਚ ਨਹੀਂ ਲੈਣਾ ਚਾਹੀਦਾ।"


B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਪੁਰਬ ਨਾਲ ਸਬੰਧਤ ਸੈਮੀਨਾਰ

# ਭਾਰਤ ਸਰਕਾਰ ਦੇ ਪਿੱਠੂਆਂ ਵਲੋਂ ਢੀਠਤਾਈ ਵਾਲਾ ਹੱਲਾ ਸਿੱਖਾਂ ਲਈ ਗੰਭੀਰ ਮਸਲਾ

ਭਾਰਤ ਸਰਕਾਰ ਦੀ ਛਤਰ ਸਾਇਆ ਹੇਠ 10 ਨਵੰਬਰ ਨੂੰ ਕੈਲੀਫੋਰਨੀਆ 'ਚ ਲਾਸ ਏਂਜਲਜ ਦੀ ਲੋਇਲਾ ਯੂਨੀਵਰਸਿਟੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਪੁਰਬ ਨਾਲ ਸਬੰਸਤ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਹ 1984 ਦੇ ਬਲੂ ਸਟਾਰ ਅਪਰੇਸ਼ਨ ਤੋਂ ਬਾਅਦ ਸਿੱਖ ਸੰਗਤ ਨੂੰ ਸ਼ਾਮਲ ਕਰਨ ਦੀ ਇਕ ਕੋਸ਼ਿਸ਼ ਹੈ। ਉਨ੍ਹਾਂ ਨੇ ਇਸ ਸੈਮੀਨਾਰ ਵਿਚ ਸਿੱਖ ਵਿਰੋਧੀ ਈਸਾਈ ਪ੍ਰਚਾਰਕ ਪੱਛਮੀ ਵਿਦਵਾਨ ਮੈਕਲਿਓਡ ਦੇ ਝੰਡਾ ਸ. ਪਿਸ਼ੌਰਾ ਸਿੰਘ ਨੂੰ ਬੁਲਾਰੇ ਵਜੋਂ ਸੱਦਿਆ ਹੈ। ਇਹ ਸਿੱਖਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਦੀ ਇਕ ਕੋਸ਼ਿਸ਼ ਹੈ ਕਿਉਂਕਿ ਪਿਸ਼ੌਰਾ ਸਿੰਘ ਸਿੱਖ ਵਿਰੋਧੀ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਵੱਲੋਂ ਆਪਣੇ ਪੀ ਐਚ ਡੀ ਦੇ ਥੀਸਿਸ ਵਿਚ ਗੁਰੂ ਗਰੰਥ ਸਾਹਿਬ ਬਾਰੇ ਮਨਘੜਤ (ਕਲਪਿਤ) ਗੱਲਾਂ ਲਿਖੀਆਂ ਹਨ। ਉਨ੍ਹਾਂ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਇਹ ਥੀਸਿਸ ਕਿਤਾਬੀ ਰੂਪ 'ਚ ਪ੍ਰਕਾਸ਼ਿਤ ਨਹੀਂ ਕਰਵਾਉਣਗੇ ਪਰ ਉਨ੍ਹਾਂ ਨੇ ਅਮਰੀਕਾ ਆਉਂਦਿਆਂ ਹੀ ਇਹ ਵਿਵਾਦਪੂਰਨ ਕਿਤਾਬ ਛਪਵਾ ਲਈ ਸੀ। ਇਸ ਕਰਕੇ ਉਨ੍ਹਾਂ ਨੂੰ ਮਿਸ਼ੀਗਨ ਯੂਨੀਵਰਸਿਟੀ ਦੀ ਸਿੱਖ ਚੇਅਰ ਤੋਂ ਹਟਾ ਦਿੱਤਾ ਗਿਆ ਸੀ ਪਰ ਮਗਰੋਂ ਉਹ ਸਿੱਖ ਸੰਗਤ ਦੇ ਵਿਰੋਧ ਦੇ ਬਾਵਜੂਦ ਰਿਵਰਸਾਈਡ ਯੂਨੀਵਰਸਿਟੀ ਕੈਲੀਫੋਰਨੀਆ 'ਚ ਚੇਅਰਪਰਸਨ ਬਣਨ 'ਚ ਕਾਮਯਾਬ ਹੋ ਗਏ ਸਨ। ਪਹਿਲਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਤਲਬ ਕਰ ਕੇ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਦਾ ਥੀਸਿਸ ਘਪਲੇਬਾਜ਼ੀ ਵਾਲਾ ਹੈ ਕਿਉਂਕਿ ਇਸ ਵਿਚ ਗੁਰੂ ਗਰੰਥ ਸਾਹਿਬ ਦੇ ਵਿਸ਼ਲੇਸ਼ਣ ਸਮੇਂ ਬਾਈਬਲ ਵਾਲੀ ਖੋਜ ਵਿਧੀ ਇਸਤੇਮਾਲ ਕੀਤੀ ਗਈ ਹੈ। ਇਹ ਖੋਜ ਵਿਧੀ ਕਿਸੇ ਵੀ ਗਰੰਥ ਉਪਰ ਲਾਗੂ ਨਹੀਂ ਹੋ ਸਕਦੀ ਕਿਉਂਕਿ ਇਹ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਦੌਰਾਨ ਇਸ ਦੀ ਰਚਨਾ ਕੀਤੀ ਹੈ। ਬਾਈਬਲੀ ਵਿਧੀ ਸਿਰਫ਼ ਮੌਖਿਕ ਪ੍ਰਵਚਨਾਂ ਉਪਰ ਅਧਾਰਿਤ ਗ੍ਰੰਥਾਂ ਤੇ ਲਾਗੂ ਹੁੰਦੀ ਹੈ ਕਿਉਂਕਿ ਪੱਛਮੀ ਵਿਦਵਾਨਾਂ ਨੇ ਪ੍ਰਭੂ ਈਸਾ ਮਸੀਹ ਦੇ ਅਕਾਲ ਚਲਾਣੇ ਮਗਰੋਂ ਇਸ ਦੀ ਵਰਤੋਂ ਸ਼ੁਰੂ ਕੀਤੀ ਪਰ ਇਹੋ ਖੋਜ ਵਿਧੀ ਗੁਰੂ ਸਾਹਿਬਾਨ ਵੱਲੋਂ ਰਚੇ ਗਏ ਗਰੰਥ ਉਪਰ ਲਾਗੂ ਨਹੀਂ ਕੀਤੀ ਜਾ ਸਕਦੀ। ਆਦਿ ਗਰੰਥ ਦੇ ਵਿਸਲੇਸ਼ਣ ਸਮੇਂ ਤਾਂ ਇਹ ਵਿਧੀ ਲਾਗੂ ਕਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਜਿਸ ਦਾ ਸੰਪਾਦਨ ਖ਼ੁਦ ਗੁਰੂ ਸਾਹਿਬ ਵੱਲੋਂ ਕੀਤਾ ਗਿਆ ਹੈ।

ਪਿਸ਼ੌਰਾ ਸਿੰਘ ਨੇ ਕੁਝ ਹੱਥ ਲਿਖਤਾਂ, ਜੋ ਐਮ ਐਸ 1245 ਹਰ ਸਹਾਇ ਪੋਥੀ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ, ਦੇ ਵਿਸਲੇਸ਼ਣ ਰਾਹੀਂ ਇਸ ਵਿਧੀ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਵਿਦਵਾਨਾਂ ਨੇ

### ਸਿੱਖ ਫਾਰ ਪ੍ਰਜਰਵੇਸ਼ਨ ਆਫ਼ ਸਿੱਖਇਜ਼ਮ, ਹੈਰੀਟੇਜ ਐਂਡ ਕਲਚਰ ਵਲੋਂ ਜਾਰੀ ਬਿਆਨ

ਇਹ ਸਾਬਤ ਕੀਤਾ ਹੈ ਕਿ ਇਹ ਸਾਰੀਆਂ ਹੱਥ ਲਿਖਤਾ ਮਨਮਤੀਏ ਲੋਕਾਂ ਵੱਲੋਂ ਸਿੱਖ ਗੁਰੂ ਸਾਹਿਬਾਨ ਦੇ ਸਮਾਨੰਤਰ ਗੁਰੂਤਾ ਹਾਸਲ ਕਰਨ ਲਈ ਲਿਖੀਆਂ ਸਨ। ਹਰੇਕ ਸਿੱਖ ਵਿਦਿਆਰਥੀ ਇਹ ਜਾਣਦਾ ਹੈ ਕਿ ਇਹ ਰਚਨਾਵਾਂ ਮੀਣਾ, ਹੰਦਾਲੀ ਅਤੇ ਭੱਲਾ ਵੱਲੋਂ ਲਿਖੀਆਂ ਗਈਆਂ ਸਨ। ਇਹ ਹੱਥ ਲਿਖਤਾਂ ਯੂਨੀਵਰਸਿਟੀਆਂ ਵਿਚ ਇੱਥੇ ਤੱਕ ਕਿ ਪੰਜਾਬ ਦੇ ਕਈ ਡੇਰਿਆਂ 'ਚੋਂ ਮਿਲ ਜਾਂਦੀਆਂ ਹਨ। ਕੋਈ ਵੀ ਸਥਾਪਤ ਸਿੱਖ ਵਿਦਵਾਨ ਇਨ੍ਹਾਂ ਹੱਥ ਲਿਖਤਾਂ ਦੀ ਪੜਚੋਲ ਕਰ ਸਕਦਾ ਹੈ। ਇਹ ਧਾਰਨਾ ਬਣਾਉਣ ਤੋਂ ਪਹਿਲਾਂ ਕੀ ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਵਿਚ ਆਦਿ ਗ੍ਰੰਥ ਦੇ ਸੰਪਾਦਨ ਸਮੇਂ ਇਨ੍ਹਾਂ ਹੱਥ ਲਿਖਤਾਂ ਦੀ ਵਰਤੋਂ ਕੀਤੀ ਸੀ, ਇਨ੍ਹਾਂ ਦੇ ਸ਼ਬਦ ਜੋੜਾਂ, ਕੱਚੀ ਬਾਣੀ, ਰਾਗ, ਧੁਨੀਆਂ, ਲਿਖਤ ਅਤੇ ਤਤਕਰਾ ਆਦਿ ਦੀ ਘੋਖ ਕਰਨੀ ਬਹੁਤ ਜ਼ਰੂਰੀ ਹੈ। ਪਿਸੌਰਾ ਸਿੰਘ ਨੇ ਖ਼ਾਸ ਮਕਸਦ ਨਾਲ ਬੇਈਮਾਨੀ ਨਾਲ ਇਨ੍ਹਾਂ ਸਾਰੀਆਂ ਗੱਲਾਂ ਨੂੰ ਅੱਖੋ ਪਰੋਖੇ ਕਰ ਦਿੱਤਾ ਅਤੇ ਇਹ ਗੱਲ ਸਥਾਪਤ ਕਰ ਦਿੱਤੀ ਕਿ ਗੁਰੂ ਸਾਹਿਬ ਨੇ ਆਦਿ ਗ੍ਰੰਥ ਦੇ ਸੰਕਲਨ ਸਮੇਂ ਮੀਣਾ ਅਤੇ ਹੋਰਨਾਂ ਦੀਆਂ ਲਿਖਤਾਂ ਦੀ ਵਰਤੋਂ ਕੀਤੀ ਸੀ ਜਦ ਕਿ ਐਮ ਐਸ 1245 ਦਾ ਸੰਨ 1987 ਵਿਚ ਪਤਾ ਲੱਗਾ ਜਦ ਇਹ ਰਾਜਸਥਾਨ ਵਿਚ ਇਕ ਰੱਦੀ ਵਾਲੇ ਕੋਲੋਂ ਮਿਲੀ ਸੀ ਅਤੇ ਪੁਸਤਕ ਵਿਕਰੇਤਾ ਚਾਵਲਾ ਬਰਦਰਜ਼ ਨੂੰ ਵੇਚ ਦਿੱਤੀ ਗਈ। ਬਾਅਦ 'ਚ ਇਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਖਰੀਦ ਲਈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬਰੇਰੀ ਨੇ ਇਸ ਨੂੰ 1245 ਨੰਬਰ ਦਿੱਤਾ ਜਿਸ ਕਰਕੇ ਇਹ ਹੱਥ ਲਿਖਤ 1245 ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸ ਉਪਰ ਬਾਬਾ ਬੁੱਢਾ ਜੀ ਦੇ ਭਜਨ (ਸ਼ਬਦ) ਦਰਜ ਕੀਤੇ ਗਏ ਹਨ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਇਹ ਬਹੁਤ ਪੁਰਾਣੀ ਲਿਖਤ ਹੈ। ਹਰ ਕੋਈ ਜਾਣਦਾ ਹੈ ਕਿ ਬਾਬਾ ਬੁੱਢਾ ਜੀ ਨੇ ਬਾਣੀ ਜਾਂ ਸ਼ਬਦਾਂ ਦੀ ਰਚਨਾ ਨਹੀਂ ਕੀਤੀ। ਐਮ ਐਸ 1245 ਬਿਲਕੁਲ ਕੱਚੀ ਬਾਣੀ ਹੈ ਅਤੇ ਇਸ ਦੇ ਸ਼ਬਦ ਜੋੜ ਰਾਗਾਤਮਕਤਾ, ਸ਼ਬਦ ਪ੍ਰਬੰਧ ਅਤੇ ਨਸਾਨ ਤਤਕਰਾ ਦਸਦੇ ਹਨ ਕਿ ਇਹ ਮਨਮਤੀਏ ਮੀਣਿਆਂ ਨੇ ਲਿਖੀ ਹੈ।

ਪਹਿਲਾਂ ਮੈਕਲਿਓਡ ਬੰਨੋ ਬੀੜ ਅਤੇ ਖਾਰੀ ਬੀੜ ਨੂੰ ਮੌਲਿਕ ਆਦਿ ਗ੍ਰੰਥ ਵਜੋਂ ਸਥਾਪਤ ਕਰਨ 'ਚ ਨਾਕਾਮ ਰਿਹਾ। ਹੁਣ ਬਾਅਦ 'ਚ ਪਿਸ਼ੌਰਾ ਸਿੰਘ ਅਤੇ ਗੁਰਿੰਦਰ ਮਾਨ ਨੇ ਇਹੋ ਖੋਜ ਵਿਧੀ ਪ੍ਰਚੱਲਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦਾ ਮੁੱਖ ਮਕਸਦ ਇਹ ਸਾਬਤ ਕਰਨਾ ਹੈ ਕਿ ਗੁਰਬਾਣੀ ਦਾ ਇਲਹਾਮ ਨਹੀਂ ਹੋਇਆ। ਪਰ ਉਹ ਇਹ ਸਾਬਤ ਕਰਨ 'ਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ।

ਪਰ ਪਿਸ਼ੌਰਾ ਸਿੰਘ ਵਰਗੇ ਧਰਮ ਧ੍ਰੋਹੀ ਗੁਰੂ ਗੋਬਿੰਦ ਸਿੰਘ ਸਬੰਧੀ ਸਮਾਗਮ ਲਈ ਸੱਦਾ ਦੇਣਾ ਫਿਰ ਇਹ ਸਾਬਤ ਕਰਦਾ ਹੈ ਕਿ ਭਾਰਤ ਸਰਕਾਰ ਸਿੱਖਾਂ ਦੇ ਮਸਲਿਆਂ ਪ੍ਰਤੀ ਗੰਭੀਰ ਨਹੀਂ ਹੈ।

ਹਾਲ ਹੀ ਵਿਚ ਭਾਰਤ ਸਰਕਾਰ ਅਤੇ ਆਰ ਐਸ ਐਸ ਨੇ ਦਿੱਲੀ 'ਚ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਪੁਰਬ ਦੇ ਸਬੰਧ 'ਚ ਇਕ ਸੈਮੀਨਾਰ ਕਰਵਾਇਆ ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਨੇ ਸੈਮੀਨਾਰ ਵਿਚ ਹਿੰਦੂਤਵ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਬੜੀ ਢੀਠਤਾਈ ਨਾਲ ਬਿਆਨ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਂ ਦੁਰਗਾ ਨੇ ਖਾਲਸਾ ਪੰਥ ਦੀ ਸਾਜਨਾ ਕਰਨ ਲਈ ਭੇਜਿਆ ਸੀ। ਜਦ ਤੋਂ ਭਾਰਤ ਵਿੱਚ ਹਿੰਦੂਵਾਦੀ ਤਾਕਤਾਂ ਉਭਰੀਆਂ ਹਨ ਇਹ ਸਿੱਖਾਂ ਦਾ ਅਕਸ ਧੁੰਦਲਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਆਰ ਐਸ ਐਸ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਇਕ ਹਿੰਦੂ ਦੇਵਤਾ ਵਜੋਂ ਤਾਜਪੋਸ਼ੀ ਹੋਈ ਸੀ ਕਿਉਂਕਿ ਇਕ ਗੁਰੂ ਨੇ ਭਾਰਤ ਮਾਂ ਲਈ ਕੁਰਬਾਨੀ ਦਿੱਤੀ ਸੀ। ਪਰ ਹਰ ਸਿੱਖ ਜਾਣਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਗਤ ਲਈ ਸਨ। ਸਾਰੇ ਸਿੱਖ ਆਰ ਐਸ ਐਸ ਦੇ ਇਸ ਨਾਪਾਕ ਹੱਲੇ ਬਾਰੇ ਜਾਗਰੂਕ ਹਨ ਅਤੇ ਸਾਲ 2004 ਵਿਚ ਅਕਾਲ ਤਖ਼ਤ ਸਾਹਿਬ ਤੋਂ ਆਰ ਐਸ ਐਸ ਖਿਲਾਫ਼ ਹੁਕਮਨਾਮਾ ਜਾਰੀ ਹੋਇਆ ਸੀ। ਇਸ ਲਈ ਸਿੱਖਾਂ ਨੇ ਦਿੱਲੀ 'ਚ ਹੋਏ ਸੈਮੀਨਾਰ ਵਿਚ ਸ਼ਿਰਕਤ ਨਹੀਂ ਕੀਤੀ ਸਿਰਫ਼ ਕੁਝ ਮਨਮਤੀਏ ਨਿਰਮਲੇ, ਨਾਮਧਾਰੀ ਅਤੇ ਨਿਰੰਕਾਰੀ ਇਸ ਸੈਮੀਨਾਰ 'ਚ ਸ਼ਾਮਲ ਹੋਏ ਸਨ।

## ਚਾਰ ਗੁਰਦੁਆਰਾ ਸਾਹਿਬਾਨ ਅਤੇ ਗੁਰਮਤਿ ਅਧਿਅਨ ਨਾਲ ਸਬੰਧਿਤ ਸੰਸਥਾ ਨੇ ਲੋਇਲਾ ਯੂਨੀਵਰਸਿਟੀ ਲਾਸ ਏਂਜਲਸ 'ਚ ਹੋਣ ਵਾਲੇ ਸੈਮੀਨਾਰ ਨਾਲੋਂ ਨਾਤਾ ਤੋੜਿਆ

**ਲਾਸ ਏਂਜਲਸ/ਬਿਊਰੋ ਨਿਊਜ਼:** ਦੱਖਣੀ ਕੈਲੀਫੋਰਨੀਆਂ ਖੇਤਰ ਦੇ ਚਾਰ ਉੱਘੇ ਗੁਰਦੁਆਰਾ ਸਾਹਿਬਾਨ ਅਤੇ ਗੁਰਮਤਿ ਅਧਿਅਨ ਨਾਲ ਸਬੰਧਿਤ ਸੰਸਥਾ ਨੇ ਲੋਇਲਾ ਮੇਰੀਮਾਉਂਟ ਯੂਨੀਵਰਸਿਟੀ ਲਾਸ ਏਂਜਲਸ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਪੁਰਬ ਸਬੰਧੀ 10 ਨਵੰਬਰ ਨੂੰ ਕਰਵਾਏ ਜਾਣ ਵਾਲੇ ਸੈਮੀਨਾਰ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜਦਿਆਂ ਕਿਹਾ ਹੈ ਕਿ ਉਸ ਇਸ ਸਮਾਗਮ ਵਿੱਚ ਸ਼ਾਮਲ ਨਹੀਂ ਹੋਣਗੇ। ਸਿੱਖ ਗੁਰਦੁਆਰਾ ਸਾਹਿਬ ਲਾਸ ਏਂਜਲਸ ਲੈਂਕਰਸ਼ਿਮ, ਗੁਰੂ ਨਾਨਕ ਸਿੱਖ ਟੈਂਪਲ ਬਿਊਨਾ ਪਾਰਕ, ਸ੍ਰੀ ਗੁਰੂ ਸਿੰਘ ਸਭਾ ਵਾਲਨੱਟ, ਗੁਰਦੁਆਰਾ ਬਿਊਨਾ ਪਾਰਕ, ਸਟੈਨਟਨ ਅਤੇ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਗੁਰਮਤਿ ਸਟੱਡੀਜ ਨੇ ਇਸ ਸੈਮੀਨਾਰ ਅਤੇ ਉਸਦੀ ਹਮਾਇਤ ਸਬੰਧੀ ਅਖ਼ਬਾਰਾਂ ਵਿੱਚ ਛਪੇ ਇਸ਼ਤਿਹਾਰ ਬਾਰੇ ਜਾਰੀ ਇੱਕ ਸਾਂਝੇ ਲਿਖਤੀ ਬਿਆਨ ਰਾਹੀਂ ਸਪੱਸ਼ਟ ਕੀਤਾ ਕਿ ਇਹ ਪ੍ਰੋਗਰਾਮ ਕਰਾਉਣਾ ਬੇਮਾਅਨਾ ਹੈ ਕਿਉਂਕਿ ਭਾਰਤ ਤੇ ਵਿਦੇਸ਼ਾਂ ਵਿਚਲੀਆਂ ਸੰਗਤਾਂ ਤਾਂ ਗੁਰੂ ਸਾਹਿਬ ਦਾ ਗੁਰਪੁਰਬ ਬਹੁਤ ਸਮਾਂ ਪਹਿਲਾਂ ਮਨਾ ਚੁਕੀਆਂ ਹਨ। ਇਸਤੋਂ ਇਲਾਵਾ ਪ੍ਰਬੰਧਕਾਂ ਵਲੋਂ ਇਸ ਸੈਮੀਨਾਰ ਲਈ ਬੁਲਾਏ ਦੱਸੇ ਜਾਂਦੇ ਕਈ ਵਿਦਵਾਨਾਂ/ਬੁਲਾਰਿਆਂ ਦੇ ਸਿੱਖੀ ਵਿਰੋਧੀ ਕਿਰਦਾਰ ਨੂੰ ਵੇਖਦਿਆਂ ਉਪਰੋਕਤ ਗੁਰੂ ਘਰਾਂ ਦੀਆਂ ਸੰਗਤਾਂ ਨੇ ਇਸ ਨਾਲ ਕੋਈ ਸਬੰਧ ਰੱਖਣ ਦਾ ਸਰਬਸੰਮਤੀ ਨਾਲ ਨਿਰਣਾ ਲਿਆ ਹੈ।

## ਸਿੱਖ ਨੇਤਾਵਾਂ ਵਲੋਂ ਭਾਰਤੀ ਕੌਂਸਲੇਟ ਦੇ ਸੈਮੀਨਾਰ ਦਾ ਵਿਰੋਧ

ਸੈਕਰਾਮੈਂਟੋ/ਬਿਊਰੋ ਨਿਊਜ਼: ਅਮਰੀਕਾ ਦੇ ਸਿੱਖ ਨੇਤਾਵਾਂ ਨੇ, ਭਾਰਤੀ ਕੌਂਸਲੇਟ ਵਲੋਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਗੁਰਪੁਰਬ 'ਤੇ ਇਸ ਮਹੀਨੇ 10 ਤਾਰੀਖ ਨੂੰ ਕਰਵਾਏ ਜਾ ਰਹੇ ਸੈਮੀਨਾਰ ਦਾ ਵਿਰੋਧ ਕੀਤਾ ਹੈ।

ਵੈਸਟ ਸੈਕਰਾਮੈਂਟੋ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਬੀਰ ਸਿੰਘ ਢਿਲੋਂ ਨੇ ਕਿਹਾ ਕਿ ਨਵੰਬਰ ਮਹੀਨੇ ਵਿਚ ਹੀ ਦਿੱਲੀ ਅਤੇ ਹੋਰਨਾਂ ਥਾਵਾਂ 'ਤੇ ਹੋਏ ਸਿੱਖ ਕਤਲੇਆਮ ਦੀ 33ਵੀਂ ਵਰ੍ਹੇਗੰਢ ਮੌਕੇ ਸਿੱਖ ਭਾਈਚਾਰਾ ਸੋਗਗ੍ਰਸਤ ਹੈ। ਇਹ ਨਸਲਕੁਸ਼ੀ ਸ਼ਰੇਆਮ ਭਾਰਤੀ ਸਰਕਾਰ ਵਲੋਂ ਕਰਵਾਈ ਗਈ ਸੀ ਅਤੇ ਉਹੀ ਭਾਰਤੀ ਸਰਕਾਰ ਨਵੰਬਰ ਮਹੀਨੇ ਇਹ ਸੈਮੀਨਾਰ ਕਰਵਾ ਕੇ ਸਿੱਖ ਭਾਵਨਾਵਾਂ ਨੂੰ ਵਲੂੰਧਰ ਰਹੀ ਹੈ।

ਇਹ ਸੈਮੀਨਾਰ ਭਾਰਤ ਸਰਕਾਰ ਦੇ ਸਭਿਆਚਾਰ ਵਿਭਾਗ ਵਲੋਂ ਲੋਇਲਾ ਮੈਰੀਮਾਊਂਟ ਯੂਨੀਵਰਸਿਟੀ ਵਿਚ ਕਰਵਾਇਆ ਜਾ ਰਿਹਾ ਹੈ।

ਸਿੱਖ ਭਾਈਚਾਰੇ ਦੇ ਇਕ ਹੋਰ ਆਗੂ ਭਜਨ ਸਿੰਘ ਭਿੰਡਰ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਤਿਕਾਰ ਕਰਨ ਵਾਲਾ ਕੋਈ ਵੀ ਸਿੱਖ ਇਸ ਸੈਮੀਨਾਰ ਵਿਚ ਸ਼ਾਮਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਇਤਿਹਾਸਕ ਹਸਤੀਆਂ ਦਾ ਸਤਿਕਾਰ ਕਰਨ ਲਈ ਪਾਗਲਾਨਾ ਪਹੁੰਚ ਅਪਣਾ ਰਹੀ ਹੈਅਤੇ ਗੁਰੂ ਸਹਿਬਾਨ ਨੂੰ ਸਿਰਫ਼ ਆਪਣੇ ਮਕਸਦ ਲਈ ਵਰਤ ਰਹੀ ਹੈ। ਬਲਬੀਰ ਸਿੰਘ ਢਿਲੋਂ ਨੇ ਕਿਹਾ ਕਿ ਇਕ ਪਾਸੇ ਆਰ.ਐਸ.ਐਸ. ਵਰਗੀਆਂ ਹਿੰਦੂ ਪ੍ਰਸਤ ਜਥੇਬੰਦੀਆਂ ਭਾਰਤ ਵਿਚ ਘੱਟ ਗਿਣਤੀਆਂ ਨੂੰ ਕੁਚਲ ਰਹੀਆਂ ਹਨ, ਦੂਜੇ ਪਾਸੇ ਕੌਂਸਲੇਟ ਜਨਰਲ ਵਲੋਂ ਅਜਿਹੇ ਸੈਮੀਨਾਰ ਕਰਵਾਏ ਜਾ ਰਹੇ ਹਨ, ਜੋ ਸਿੱਖਾਂ ਨੂੰ ਹਿੰਦੂਤਵ ਦੀ ਵਿਚਾਰਧਾਰਾ ਦੇ ਗੁਲਾਮ ਬਣਾਉਣ ਦੀ ਇਕ ਕੋਸ਼ਿਸ਼ ਹੈ।

ਫਰੀਮਾਂਟ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਸਿੱਖਾਂ ਨੂੰ ਇਸ ਸੈਮੀਨਾਰ ਦਾ ਬਾਈਕਾਟ ਹੀ ਨਹੀਂ ਕਰਨਾ ਚਾਹੀਦਾ ਸਗੋਂ ਇਸ ਦਾ ਵਿਰੋਧ ਵੀ ਕਰਨਾ ਚਾਹੀਦਾ ਹੈ।

ACURA
AutoNation Acura
Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

## ਪਰਵਾਸੀਆਂ ਲਈ ਹੋਰ ਖੁਲ੍ਹਣਗੇ ਕੈਨੇਡਾ ਦੇ ਦਰਵਾਜ਼ੇ

**ਵੈਨਕੂਵਰ/ਬਿਊਰੋ ਨਿਊਜ਼:** ਮੁਲਕ ਦੇ ਆਵਾਸ ਮੰਤਰੀ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਇਕ ਯੋਜਨਾ ਤਹਿਤ ਅਗਲੇ ਤਿੰਨ ਸਾਲਾਂ ਵਿੱਚ ਕੈਨੇਡਾ ਆਉਂਦੇ ਪਰਵਾਸੀਆਂ ਦੀ ਗਿਣਤੀ 10 ਲੱਖ ਕਰ ਦੇਵੇਗਾ। ਉਨ੍ਹਾਂ ਆਵਾਸ ਵਿੱਚ ਵਾਧੇ ਨੂੰ ਮੁਲਕ ਦੀ ਭਵਿੱਖੀ ਖ਼ੁਸ਼ਹਾਲੀ ਦੀ 'ਜ਼ਾਮਨੀ' ਕਰਾਰ ਦਿੱਤਾ ਹੈ। ਆਪਣੀ ਸਰਕਾਰ ਦੀ ਆਵਾਸ ਨੀਤੀ ਦਾ ਵਿਸਥਾਰ ਦਿੰਦਿਆਂ ਆਵਾਸ ਮੰਤਰੀ ਅਹਿਮਦ ਹੁਸੈਨ ਨੇ ਸੰਸਦ ਨੂੰ ਦੱਸਿਆ ਕਿ 2036 ਤਕ ਮੁਲਕ ਵਿੱਚ ਬਜ਼ੁਰਗਾਂ/ਆਸ਼ਰਿਤਾਂ ਦੀ ਗਿਣਤੀ ਏਨੀ ਵਧ ਜਾਏਗੀ ਕਿ ਹਰੇਕ ਆਸ਼ਰਿਤ ਦੋ ਕਮਾਊਆਂ ਉੱਤੇ ਬੋਝ ਬਣ ਜਾਏਗਾ ਜਦਕਿ ਇਹ ਅਨੁਪਾਤ 1971 'ਚ 7-1 ਸੀ ਤੇ ਹੁਣ 4.5-1 ਦਾ ਹੈ। ਉਨ੍ਹਾਂ ਦੱਸਿਆ ਕਿ ਉਕਤ 60 ਫੀਸਦੀ ਕਮਾਊਆਂ ਨੂੰ ਸੱਦਣ ਦੀ ਦਰ 'ਚ 26 ਫੀਸਦੀ ਮਾਪੇ ਤੇ ਪਤੀ/ਪਤਨੀ ਅਤੇ 14 ਫੀਸਦੀ ਪਨਾਹਗੀਰ ਜਾਂ ਹੋਰ ਦੇਸ਼ਾਂ ਦੇ ਨਕਾਰੇ ਲੋਕ ਹੋਣਗੇ। ਉਨ੍ਹਾਂ ਕਿਹਾ ਕਿ ਅਗਲੇ ਇਕ ਸਾਲ ਵਿੱਚ ਪਰਵਾਸੀਆਂ ਦੀ ਗਿਣਤੀ ਵਧਾਉਂਦਿਆਂ ਇਸ ਨੂੰ ਘੱਟੋ ਘੱਟ 3.10 ਲੱਖ ਕੀਤਾ ਜਾਵੇਗਾ। ਸਾਲ 2019 ਤੇ 2020 ਤਕ ਇਸ ਅੰਕੜੇ ਨੂੰ ਕ੍ਰਮਵਾਰ 3.30 ਲੱਖ ਤੇ 3.40 ਲੱਖ ਤਕ ਲਿਜਾਇਆ ਜਾਵੇਗਾ। ਹੁਸੈਨ ਨੇ ਇਸ ਸਾਲ ਜਨਵਰੀ 'ਚ ਆਵਾਸ ਮੰਤਰੀ ਦਾ ਅਹੁਦਾ ਸਾਂਭਿਆ ਸੀ ਤੇ ਉਹ ਖੁਦ ਵੀ ਪਰਵਾਸੀ ਹਨ। ਹੁਸੈਨ ਨੇ ਕਿਹਾ,'ਇਸ ਯੋਜਨਾ ਨਾਲ ਮੁਲਕ ਦੇ ਇਤਿਹਾਸ ਵਿੱਚ ਪਰਵਾਸ ਨਾਲ ਜੁੜੇ ਬਹੁਤ ਉਤਸ਼ਾਹੀ ਨਤੀਜੇ ਮਿਲਣਗੇ ਤੇ ਇਹ ਮੁਲਕ ਦੀ ਮੌਜੂਦਾ ਤੇ ਭਵਿੱਖੀ ਖ਼ੁਸ਼ਹਾਲੀ ਦੀ ਜ਼ਾਮਨੀ ਭਰਨਗੇ।' ਕੈਨੇਡਾ ਵਿੱਚ ਹਰ ਸਾਲ ਆਰਥਿਕ ਤੇ ਪਰਿਵਾਰ ਸ਼੍ਰੇਣੀਆਂ ਸਮੇਤ ਵੱਡੀ ਗਿਣਤੀ ਸ਼ਰਨਾਰਥੀ ਪਰਵਾਸ ਕਰਦੇ ਹਨ, ਜੋ ਕਿ 0.9 ਫੀਸਦ ਦੇ ਕਰੀਬ ਹਨ ਤੇ ਹਾਲੀਆ ਸਾਲਾਂ 'ਚ ਇਹ ਅੰਕੜਾ 0.1 ਫੀਸਦ ਵਧਿਆ ਹੈ। ਉਧਰ ਆਲੋਚਕਾਂ ਦਾ ਕਹਿਣਾ ਹੈ ਕਿ ਮੁਲਕ ਦੀ ਆਬਾਦੀ ਤੇ ਜਨਮ ਦਰ ਵਿੱਚ ਆਏ ਨਿਘਾਰ ਕਰਕੇ ਕਾਰੋਬਾਰਾਂ ਤੇ ਕਿਰਤ ਨੂੰ ਢੋਹੀ ਦੇਣ ਲਈ ਕੈਨੇਡਾ 'ਚ ਸਾਲਾਨਾ 4.50 ਲੱਖ ਨਵੇਂ ਚਿਹਰਿਆਂ ਦੀ ਲੋੜ ਹੈ।

## ਸਿੱਖ ਵਿਦਿਆਰਥੀ ਉੱਤੇ ਜਮਾਤੀ ਵਲੋਂ ਨਸਲੀ ਹਮਲਾ

**ਵਾਸ਼ਿੰਗਟਨ/ਬਿਊਰੋ ਨਿਊਜ਼:** ਸ਼ਹਿਰ ਦੇ ਕੇਂਟਰਿੱਜ ਹਾਈ ਸਕੂਲ 'ਚ 14 ਵਰ੍ਹਿਆਂ ਦੇ ਸਿੱਖ ਵਿਦਿਆਰਥੀ ਨੂੰ ਜਮਾਤੀ ਵੱਲੋਂ ਕੁੱਟੇ ਜਾਣ ਤੋਂ ਬਾਅਦ ਸਿੱਖਾਂ 'ਚ ਨਾਰਾਜ਼ਗੀ ਜਤਾਈ ਜਾ ਰਹੀ ਹੈ। ਪਰਿਵਾਰ ਦਾ ਦਾਅਵਾ ਹੈ ਕਿ ਇਹ ਨਸਲੀ ਹਮਲੇ ਦਾ ਮਾਮਲਾ ਹੈ। ਪਿਤਾ ਦਾਅਵਾ ਕਰ ਰਿਹਾ ਹੈ ਕਿ ਭਾਰਤੀ ਮੂਲ ਦਾ ਹੋਣ ਕਰਕੇ ਉਸ ਦੇ ਪੁੱਤਰ ਨੂੰ ਨਿਸ਼ਾਨਾ ਬਣਾਇਆ ਗਿਆ। ਦਿ ਨਿਊ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਸਿੱਖ ਮੁੰਡੇ ਨੇ ਪਟਕਾ ਬੰਨ੍ਹਿਆ ਹੋਇਆ ਸੀ ਅਤੇ ਉਸ ਨੂੰ ਪਿਛਲੇ ਹਫ਼ਤੇ ਸਕੂਲ ਦੇ ਬਾਹਰ ਕੁਟਿਆ ਗਿਆ। ਕਿਸੇ ਨੇ ਇਸ ਦੀ ਵੀਡੀਓ ਬਣਾ ਲਈ ਅਤੇ ਉਸ ਨੂੰ ਸਨੈਪਚੈਟ 'ਤੇ ਪਾ ਦਿੱਤਾ। ਕਲਿੱਪ 'ਚ ਦਿਖਾਈ ਦਿੰਦਾ ਹੈ ਕਿ ਜਮਾਤੀ ਉਸ ਦੇ ਪਿੱਛਿਓਂ ਆਉਂਦਾ ਹੈ ਅਤੇ ਅਚਾਨਕ ਹੀ ਮੁੱਕੇ ਮਾਰ ਕੇ ਉਸ ਨੂੰ ਹੇਠਾਂ ਡੇਗ ਲੈਂਦਾ ਹੈ। ਰਿਪੋਰਟ ਮੁਤਾਬਕ ਉਸ ਨੂੰ ਕਈ ਹੋਰ ਮੁੱਕੇ ਮਾਰੇ ਗਏ ਅਤੇ ਉਹ ਆਪਣਾ ਸਿਰ ਬਚਾਉਂਦਾ ਹੋਇਆ ਬੈਠੇ-ਬੈਠੇ ਹੀ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦਾ ਹੈ। ਉਂਜ ਸਕੂਲ ਨੇ ਕਿਹਾ ਹੈ ਕਿ ਇਹ ਨਫ਼ਰਤੀ ਜੁਰਮ ਦਾ ਮਾਮਲਾ ਨਹੀਂ ਹੈ ਪਰ ਆਨਲਾਈਨ ਇਹ ਮਾਮਲਾ ਭੱਖ ਗਿਆ ਹੈ। ਸਕੂਲ ਦਾ ਦਾਅਵਾ ਹੈ ਕਿ ਜਮਾਤ 'ਚ ਹੋਏ ਝਗੜੇ ਤੋਂ ਬਾਅਦ ਇਹ ਘਟਨਾ ਵਾਪਰੀ ਹੈ। ਸਿੱਖ ਵਿਦਿਆਰਥੀ ਦੇ ਪਿਤਾ ਨੇ ਕਿਹਾ ਕਿ ਉਸ ਦਾ ਪੁੱਤਰ ਹਮਲਾ ਕਰਨ ਵਾਲੇ ਮੁੰਡੇ ਨੂੰ ਨਹੀਂ ਜਾਣਦਾ ਅਤੇ ਨਾ ਹੀ ਉਸ ਨੇ ਕਦੇ ਗੱਲ ਕੀਤੀ ਹੈ। ਮੇਰੇ ਬੱਚੇ ਨਾਲ ਅਜਿਹਾ ਦੁਬਾਰਾ ਨਹੀਂ ਹੋਣਾ ਚਾਹੀਦਾ।' ਸਕੂਲ ਦੇ ਡਾਇਰੈਕਟਰ ਕਮਿਊਨਿਕੇਸ਼ਨਸ ਕ੍ਰਿਸ ਲੋਫਟਿਸ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਨੇ ਹਮਲਾ ਕੀਤਾ ਅਤੇ ਜਿਸ ਨੇ ਵੀਡੀਓ ਬਣਾਈ, ਦੋਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

## ਕ੍ਰਿਸ਼ਨਾ ਸੋਬਤੀ ਨੂੰ ਗਿਆਨਪੀਠ ਪੁਰਸਕਾਰ

**ਨਵੀਂ ਦਿੱਲੀ/ਬਿਊਰੋ ਨਿਊਜ਼,** ਗਿਆਨਪੀਠ ਚੋਣ ਬੋਰਡ ਨੇ ਮਸ਼ਹੂਰ ਹਿੰਦੀ ਸਾਹਿਤਕਾਰ ਕ੍ਰਿਸ਼ਨਾ ਸੋਬਤੀ ਨੂੰ ਇਸ ਸਾਲ ਦੇ ਗਿਆਨਪੀਠ ਐਵਾਰਡ ਲਈ ਚੁਣਿਆ ਗਿਆ। ਬੋਰਡ ਨੇ ਇੱਕ ਬਿਆਨ 'ਚ ਕਿਹਾ, ਗਿਆਨਪੀਠ ਚੋਣ ਬੋਰਡ ਨੇ ਇੱਥੇ ਹੋਈ ਅਪਣੀ ਮੀਟਿੰਗ 'ਚ ਸਾਲ 2017 ਲਈ 53ਵੇਂ ਗਿਆਨਪੀਠ ਐਵਾਰਡ ਦਾ ਐਲਾਨ ਕੀਤਾ ਤੇ ਇਹ ਐਵਾਰਡ ਮਸ਼ਹੂਰ ਹਿੰਦੀ ਸਾਹਿਤਕਾਰ ਕ੍ਰਿਸ਼ਨਾ ਸੋਬਤੀ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ। ਸਾਲ 1925 'ਚ ਗੁਜਰਾਤ (ਹੁਣ ਪਾਕਿਸਤਾਨ 'ਚ) 'ਚ ਜਨਮੀ ਸੋਬਤੀ (92 ਸਾਲ) ਨੂੰ ਨਵੀਂ ਲੇਖਨ ਸ਼ੈਲੀ ਦੇ ਕੀਤੇ ਗਏ ਤਜਰਬਿਆਂ ਤੇ ਆਪਣੀਆਂ ਕਹਾਣੀਆਂ 'ਚ ਬੇਬਾਕ ਤੇ ਬਹਾਦੁਰ ਪਾਤਰਾਂ ਦੀ ਸਿਰਜਣਾ ਲਈ ਜਾਣਿਆ ਜਾਂਦਾ ਹੈ, ਜੋ ਕਿਸੇ ਵੀ ਹਾਲਾਤ ਦਾ ਸਾਹਮਣਾ ਕਰਨ ਨੂੰ ਤਿਆਰ ਰਹਿੰਦੇ ਹਨ। ਉਨ੍ਹਾਂ ਦੀ ਭਾਸ਼ਾ 'ਤੇ ਹਿੰਦੀ, ਉਰਦੂ ਤੇ ਪੰਜਾਬੀ ਦਾ ਵੱਡਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਵਿਦਵਾਨ, ਲੇਖਕ ਤੇ ਆਲੋਚਕ ਨਾਮਵਰ ਸਿੰਘ ਦੀ ਪ੍ਰਧਾਨਗੀ ਵਾਲੇ ਚੋਣ ਬੋਰਡ ਨੇ ਕਿਹਾ ਕਿ ਸੋਬਤੀ ਲੀਹ ਤੋਂ ਹੱਟਵੀਂ ਨਾਵਲਕਾਰ ਹੈ। ਉਨ੍ਹਾਂ ਹਿੰਦੀ ਸਾਹਿਤ ਨੂੰ ਹੋਰ ਅਮੀਰ ਕੀਤਾ ਹੈ। ਚੋਣ ਬੋਰਡ 'ਚ ਗਿਰੀਸ਼ਵਰ ਮਿਸ਼ਰਾ, ਸ਼ਮੀਮ ਹਨਫੀ, ਹਰੀਸ਼ ਤ੍ਰਿਵੇਦੀ, ਸੁਰਜਨ ਦਾਸ, ਰਮਾਕਾਂਤ ਰਾਠ, ਚੰਦਰਕਾਂਤ ਪਾਟਿਲ, ਆਲੋਕ ਰਾਏ, ਸੀ ਰਾਧਾਕ੍ਰਿਸ਼ਨਨ, ਮਧਿਸੂਧਨ ਆਨੰਦ ਤੇ ਲੀਲਾਧਰ ਮੰਡਲੋਈ ਸ਼ਾਮਲ ਸਨ। ਲੇਖਿਕਾ ਦੀਆਂ ਚੋਣਵੀਆਂ ਕਿਤਾਬਾਂ 'ਚ ਡਾਰ ਸੇ ਬਿਛੜੀ, ਮਿਤਰੋ ਮਰਜਾਣੀ, ਜ਼ਿੰਦਗੀਨਾਮਾ, ਦਿਲ-ਓ-ਦਾਨਿਸ਼, ਬਾਦਲੋਂ ਕੇ ਘੇਰੇ, ਐ ਲੜਕੀ ਤੇ ਗੁਜਰਾਤ ਪਾਕਿਸਤਾਨ ਸੇ ਗੁਜਰਾਤ ਹਿੰਦੁਸਤਾਨ ਸ਼ਾਮਲ ਹਨ। ਲੇਖਿਕਾ ਦੀਆਂ ਕਈ ਕਿਤਾਬਾਂ ਕਈ ਭਾਰਤੀ ਭਾਸ਼ਾਵਾਂ ਸਮੇਤ ਸਵੀਡਿਸ਼, ਰੂਸੀ ਤੇ ਅੰਗਰੇਜ਼ੀ 'ਚ ਵੀ ਅਨੁਵਾਦ ਹੋ ਚੁੱਕੀਆਂ ਹਨ।

# ਨਿਊਜਰਸੀ ਦੇ ਦਾ ਰਵਿੰਦਰ ਸਿੰਘ ਭੱਲਾ ਬਣਿਆ ਅਮਰੀਕਾ 'ਚ ਪਹਿਲਾ ਸਿੱਖ ਮੇਅਰ

**ਨਿਊਯਾਰਕ/ਬਿਊਰੋ ਨਿਊਜ਼:** ਸ. ਰਵਿੰਦਰ ਸਿੰਘ ਭੱਲਾ ਨੂੰ ਅਮਰੀਕਾ ਵਿਚ ਨਿਊਜਰਸੀ ਦੇ ਹੋਬੋਕੇਨ ਸ਼ਹਿਰ ਦਾ ਪਹਿਲਾ ਸਿੱਖ ਮੇਅਰ ਹੋਣ ਮਾਣ ਪ੍ਰਾਪਤ ਹੋਇਆ ਹੈ। ਇਹ ਇਕ ਬੇਹਦ ਸਖ਼ਤ ਮੁਕਾਬਲਾ ਸੀ, ਜਿਸ ਨੇ ਬਾਅਦ ਵਿਚ ਭੇੜਾ ਰੂਪ ਧਾਰਨ ਕਰ ਲਿਆ ਜਦੋਂ ਰਵਿੰਦਰ ਸਿੰਘ ਭੱਲਾ ਨੂੰ ਅੱਤਵਾਦੀ ਤੱਕ ਕਿਹਾ ਗਿਆ। ਵਰਨਣਯੋਗ ਹੈ ਕਿ ਚੋਣਾਂ ਦੌਰਾਨ ਸ. ਭੱਲਾ ਨੂੰ ਵਿਰੋਧੀਆਂ ਵਾਲੋਂ ਅਤਿਵਾਦੀ ਤੱਕ ਕਿਹਾ ਗਿਆ ਸੀ। ਨਿਊਯਾਰਕ ਡੇਅਲੀ ਨਿਊਜ਼ ਦੀ ਰਿਪੋਰਟ ਅਨੁਸਾਰ ਪਿਛਲੇ ਹਫਲਤੇ ਸ਼ੁੱਕਰਵਾਰ ਰਾਤ ਨੂੰ ਕਿਸੇ ਸ਼ਰਾਰਤੀ ਅਨਸਰ ਨੇ ਝੰਡੀ 'ਤੇ ਅਤਿਵਾਦੀ ਲਿਖ ਕੇ ਹੋਬੋਕੇਨ ਦੇ ਮੇਅਰ ਦੀਆਂ ਚੋਣਾਂ 'ਚ ਖੜ੍ਹੇ ਸਿੱਖ ਉਮੀਦਵਾਰ ਰਵਿੰਦਰ ਸਿੰਘ ਭੱਲਾ ਦੀ ਕਾਰ ਦੇ ਸ਼ੀਸ਼ੇ 'ਤੇ ਲਗਾ ਦਿੱਤੀ। ਇਸ ਝੰਡੀ 'ਤੇ ਲਾਲ ਅੱਖਰਾਂ 'ਚ ਲਿਖਿਆ ਗਿਆ , ਅਤਿਵਾਦ ਨੂੰ ਸ਼ਹਿਰ 'ਤੇ ਹਾਵੀ ਨਾ ਹੋਣ ਦਿਓ।' ਰਿਪੋਰਟ ਅਨੁਸਾਰ ਇਹ ਪਰਚੇ ਉਸ ਪੋਸਟ ਕਾਰਡ ਦਾ ਸੋਧਿਆ ਹੋਇਆ ਰੂਪ ਲੱਗਦੇ ਸਨ ਜੋ ਮੇਅਰ ਦੇ ਅਹੁਦੇ ਲਈ ਇੱਕ ਹੋਰ ਉਮੀਦਵਾਰ ਮਾਈ ਡੀਫਿਊਜ਼ਕੋ ਵੱਲੋਂ ਲੋਕਾਂ ਨੂੰ ਭੇਜੇ ਗਏ ਸਨ। ਅਸਲ ਪਰਚੇ 'ਚ ਸ੍ਰੀ ਭੱਲਾ ਨੂੰ ਹਿੱਤਾਂ ਦੇ ਟਕਰਾਅ ਦਾ ਦੋਸ਼ੀ ਦੱਸਿਆ ਗਿਆ ਸੀ।



ਨਿਊ ਜਰਸੀ ਦੇ ਅਧਿਕਾਰੀਆਂ ਨੇ ਸਿੱਖ ਸਿਆਸਤਦਾਨ ਨੂੰ ਅਤਿਵਾਦੀ ਕਹਿਣ ਵਾਲੀ ਇਸ ਘਟਨਾ ਦੀ ਨਿੰਦਾ ਕੀਤੀ ਸੀ। ਡੀਫਿਊਜ਼ਕੋ ਨੇ ਵੀ ਬੀਤੇ ਦਿਨ ਇਸ ਘਟਨਾ ਦੀ ਨਿੰਦਾ ਕਰਦਿਆਂ ਬਿਆਨ ਜਾਰੀ ਕੀਤਾ ਸੀ। ਉਨ੍ਹਾਂ ਕਿਹਾ ਕਿ ਉਹ ਨਸਲਵਾਦ ਤੇ ਰਵੀ ਭੱਲਾ ਖ਼ਿਲਾਫ਼ ਬੀਤੀ ਰਾਤ ਕੀਤੀ ਗਈ ਇਸ ਕਾਰਵਾਈ ਦੀ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਨਸਲਵਾਦ ਦੇ ਨਾਂ 'ਤੇ ਫ਼ੈਲਾਈ ਜਾਣ ਵਾਲੀ ਨਫ਼ਰਤ ਦੇ ਖ਼ਿਲਾਫ਼ ਹਨ। ਉਨ੍ਹਾਂ ਕਿਹਾ ਕਿ ਉਹ ਵੀ ਅਪਰਾਧੀਆਂ ਦਾ ਪਰਿਵਾਰ ਕਹੇ ਜਾਣ ਵਾਲੀ ਨਫਰਤੀ ਘਟਨਾ ਦੇ ਪੀੜਤ ਹਨ ਤੇ ਉਸ ਖ਼ਿਲਾਫ਼ ਜਿਣਸੀ ਟਿੱਪਣੀਆਂ ਵੀ ਕੀਤੀਆਂ ਜਾਂਦੀਆਂ ਰਹੀਆਂ ਹਨ। ਡੀਫਿਊਜ਼ਕੋ ਜੇਕਰ ਚੋਣ ਜਿੱਤ ਗਏ ਤਾਂ ਉਹ ਡੀਫਿਊਜ਼ਕੋ ਹੋਬੋਕੇਨ ਦੇ ਪਹਿਲੇ ਸਮਲਿੰਗੀ ਮੇਅਰ ਹੋਣੇ ਸੀ। ਸ. ਭੱਲਾ ਨੇ ਇਸ ਮੌਕੇ ਕਿਹਾ ਸੀ ਕਿ ਉਹ ਹੋਬੋਕੇਨ 'ਚ ਨਫ਼ਰਤ ਨੂੰ ਨਹੀਂ ਜਿੱਤਣ ਦੇਣਗੇ। ਉਹ ਇਸ ਮੌਕੇ 'ਤੇ ਇੱਕ-ਦੂਜੇ ਅਤੇ ਆਪਣੇ ਬੱਚਿਆਂ ਨੂੰ ਵੱਖ ਵੱਖ ਭਾਈਚਾਰਿਆਂ 'ਚ ਰਹਿਣ ਦੇ ਉਸ ਮੂੱਲ ਬਾਰੇ ਦੱਸਣਾ ਚਾਹੁਣਗੇ ਜਿੱਥੇ ਸਾਡੀ ਪਰਖ ਆਪਣੇ ਚਰਿੱਤਰ ਤੋਂ ਹੁੰਦੀ ਹੈ ਨਾ ਕਿ ਰੰਗ ਜਾਂ ਪੂਜਾ ਕਰਨ ਦੇ ਢੰਗ ਨਾਲ। ਸੈਨੇਟਰ ਕੋਰੀ ਬੁਕਰ ਨੇ ਆਪਣੇ ਟਵਿਟਰ ਅਕਾਉਂਟ 'ਤੇ ਝੰਡੀ ਦੀ ਫੋਟੋ ਪਾ ਕੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਇਸ ਘਟਨਾ ਨੂੰ ਹੇਠਲੇ ਪੱਧਰ ਦੀ ਤੇ ਨਫਰਤ ਭਰੀ ਦੱਸਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜਿਹੀ ਨਫਰਤੀ ਕਾਰਵਾਈ ਦੀ ਆਲੋਚਨਾ ਕਰਨੀ ਚਾਹੀਦੀ ਹੈ।

## ਕੈਨੇਡਾ 'ਚ ਹੁਣ ਅੰਮ੍ਰਿਤਧਾਰੀ ਸਿੱਖ ਛੋਟੀ ਕਿਰਪਾਨ ਨਾਲ ਕਰ ਸਕਿਆ ਕਰਨਗੇ ਹਵਾਈ ਸਫ਼ਰ



**ਔਟਵਾ/ਸਿੱਖ ਸਿਆਸਤ ਬਿਊਰੋ :** ਵਿਸ਼ਵ ਸਿੱਖ ਸੰਸਥਾ (WSO), ਕੈਨੇਡਾ ਵਿੱਚ ਘਰੇਲੂ ਅਤੇ ਕੌਮਾਂਤਰੀ ਉਡਾਣਾਂ ਮੌਕੇ ਅੰਮ੍ਰਿਤਧਾਰੀ ਸਿੱਖਾਂ ਨੂੰ 6 ਸੈਂਟੀਮੀਟਰ ਦੀ ਲੰਬਾਈ ਦੇ ਬਲੇਡ ਵਾਲੀ ਕਿਰਪਾਨ ਪਾਉਣ ਦੀ ਆਗਿਆ ਦੇਣ ਲਈ ਟਰਾਂਸਪੋਰਟ ਕੈਨੇਡਾ ਦੇ ਫੈਸਲੇ ਦਾ ਸਵਾਗਤ ਕਰਦੀ ਹੈ। 6 ਨਵੰਬਰ, 2017 ਦੇ ਐਲਾਨ ਅਨੁਸਾਰ ਟਰਾਂਸਪੋਰਟ ਕੈਨੇਡਾ ਨੇ ਵਰਜਿਤ ਚੀਜ਼ਾਂ ਦੀ ਸੂਚੀ ਵਿੱਚ ਸੋਧ ਕੀਤੀ ਹੈ ਤਾਂ ਜੋ ਘਰੇਲੂ ਜਾਂ ਕੌਮਾਂਤਰੀ ਉਡਾਣਾਂ 'ਤੇ ਛੋਟੇ ਬਲੇਡ (6 ਸੈਂਟੀਮੀਟਰ ਤੋਂ ਤਕ) ਦੀ ਪਾਬੰਦੀ ਨਹੀਂ ਹੋਵੇਗੀ। ਇਹ ਛੋਟ ਅਮਰੀਕਾ ਨੂੰ ਜਾਣ ਵਾਲੀ ਕਿਸੇ ਵੀ ਉਡਾਣ 'ਤੇ ਲਾਗੂ ਨਹੀਂ ਹੋਵੇਗੀ। ਯੂਕੇ ਵਿੱਚ ਸਿੱਖਾਂ ਨੂੰ ਪਹਿਲਾਂ ਹੀ ਯੂਰਪੀ ਯੂਨੀਅਨ ਦੇ ਮਿਆਰ ਅਨੁਸਾਰ ਕੁੱਝ ਸਮੇ ਤੋਂ 6 ਸੈਂਟੀਮੀਟਰ ਤੱਕ ਦੇ ਬਲੇਡ ਵਾਲੀ ਕਿਰਪਾਨ ਨਾਲ ਹਵਾਈ ਸਫਰ ਕਰਨ ਦੀ ਆਗਿਆ ਦਿੱਤੀ ਗਈ ਸੀ। ਡਬਲਯੂ ਐਸ ਓ ਦੇ ਪ੍ਰਧਾਨ ਸ. ਮੁਖਬੀਰ ਸਿੰਘ ਨੇ ਕਿਹਾ, "ਅਸੀਂ ਇਸੇ ਐਲਾਨ ਦਾ ਸਵਾਗਤ ਕਰਦੇ ਹਾਂ। ਕੁਝ ਮਹੀਨੇ

ਬਾਕੀ ਸਫ਼ਾ 30 'ਤੇ

# ਸਿੱਖ ਗੁਰੂਆਂ ਬਾਰੇ ਨਫ਼ਰਤੀ ਵੀਡੀਓਜ਼ ਤੇ ਤਕਰੀਰਾਂ ਹਟਾਈਆਂ ਜਾਣ

### *ਦਿੱਲੀ ਦੀ ਅਦਾਲਤ ਵਲੋਂ ਗੂਗਲ ਨੂੰ ਤੁਰੰਤ ਕਾਰਵਈ ਕਰਨ ਦੇ ਹੁਕਮ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਦਿੱਲੀ ਦੀ ਇਕ ਅਦਾਲਤ ਨੇ ਗੂਗਲ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ ਯੂਟਿਊਬ, ਫੇਸਬੁੱਕ ਤੇ ਹੋਰਨਾਂ ਵੈੱਬਸਾਈਟਾਂ 'ਤੇ ਸਿੱਖ ਧਰਮ ਤੇ ਸਿੱਖ ਗੁਰੂਆਂ ਬਾਰੇ ਕੀਤੀਆਂ ਕਥਿਤ ਨਫ਼ਰਤੀ ਤਕਰੀਰਾਂ ਤੇ ਅਪਮਾਨਜਨਕ ਟਿੱਪਣੀਆਂ ਨਾਲ ਸਬੰਧਤ ਵੀਡੀਓਜ਼ ਤੇ ਲੇਖਾਂ ਨੂੰ ਇਕ ਹਫ਼ਤੇ ਦੇ ਅੰਦਰ ਹਟਾਉਣ ਲਈ ਕਿਹਾ ਹੈ। ਸਿਵਲ ਜੱਜ ਜਸਜੀਤ ਕੌਰ ਨੇ ਆਪਣੇ ਚੈਂਬਰ ਵਿੱਚ ਚੱਲ ਰਹੀ ਸੁਣਵਾਈ ਦੌਰਾਨ ਦੂਜੀ ਧਿਰ ਦੀ ਗੈਰਹਾਜ਼ਰੀ 'ਚ ਹੁਕਮ ਜਾਰੀ ਕਰਦਿਆਂ ਕਿਹਾ ਕਿ ਪਹਿਲੀ ਨਜ਼ਰੇ ਲਗਦਾ ਹੈ ਕਿ ਸਾਕਸ਼ੀ ਭਾਰਦਵਾਜ, ਜਿਸ ਨੇ ਕਥਿਤ ਵੀਡੀਓਜ਼ ਅਪਲੋਡ ਕੀਤੇ, ਨੇ ਸਿੱਖ ਗੁਰੂਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ। ਪਟੀਸ਼ਨਕਰਤਾ ਜੀ.ਐਸ. ਵਾਲੀ ਵੱਲੋਂ ਪੇਸ਼ ਹੋਏ ਐਡਵੋਕੇਟ ਗੁਰਮੀਤ ਸਿੰਘ,

Google

ਜਿਨ੍ਹਾਂ ਐਕਸ ਪਾਰਟੀ ਫ਼ੈਸਲਾ ਸੁਣਾਏ ਜਾਣ ਦੀ ਮੰਗ ਕੀਤੀ ਸੀ, ਮੁਤਾਬਕ ਕੋਰਟ ਨੇ ਕਿਹਾ ਕਿ ਅਜਿਹੇ ਵੀਡੀਓਜ਼ ਦੇ ਸੋਸ਼ਲ ਮੀਡੀਆ ਵਿੱਚ ਅੱਗੇ ਤੋਂ ਅੱਗੇ ਨਸ਼ਰ ਹੋਣ ਨਾਲ ਸਿੱਖ ਧਰਮ ਨੂੰ ਮੰਨਣ ਵਾਲਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਸੱਟ ਪੁੱਜੀ ਹੈ। ਇਸ ਦੇ ਨਾਲ ਹੀ ਕੋਰਟ ਦਾ ਇਹ ਵੀ ਮੰਨਣਾ ਸੀ ਕਿ ਜੇਕਰ ਗੂਗਲ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ ਅਜਿਹੀਆਂ ਅਪਮਾਨਜਨਕ ਵੀਡੀਓਜ਼ ਪਾਉਣ ਤੋਂ ਨਾ ਰੋਕਿਆ ਗਿਆ ਤਾਂ ਇਸ ਨਾਲ ਸਮਾਜਿਕ ਏਕਤਾ ਤੇ ਅਮਨ ਕਾਨੂੰਨ ਦੀ ਸਥਿਤੀ 'ਤੇ ਬੁਰਾ ਅਸਰ ਪੈ ਸਕਦਾ ਹੈ। ਕੋਰਟ ਨੇ ਗੂਗਲ ਇੰਡੀਆ ਤੇ ਦਿੱਲੀ ਦੇ ਪੁਲੀਸ ਕਮਿਸ਼ਨਰ ਨੂੰ ਨੋਟਿਸ ਜਾਰੀ ਕਰਦਿਆਂ ਕੇਸ ਦੀ ਅਗਲੀ ਸੁਣਵਾਈ 22 ਨਵੰਬਰ ਨਿਰਧਾਰਿਤ ਕਰ ਦਿੱਤੀ ਹੈ। ਇਸ ਦੇ ਨਾਲ ਹੀ ਪਟੀਸ਼ਨਰ ਨੇ ਕੋਰਟ ਨੂੰ ਅਪੀਲ ਕੀਤੀ ਹੈ ਕਿ ਉਹ ਦਿੱਲੀ ਪੁਲੀਸ ਨੂੰ ਇਕ ਟੀਮ ਦੇ ਗਠਨ ਲਈ ਕਹੇ, ਜੋ ਕਿ ਅਜਿਹੀਆਂ ਵੀਡੀਓਜ਼ ਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਤੋਂ ਰੋਕਣ ਲਈ ਨਜ਼ਰ ਰੱਖੇ

# ਉਜ਼ਬੇਕ ਨਾਗਰਿਕ ਉਤੇ ਅਤਿਵਾਦ ਨਾਲ ਸਬੰਧਤ ਦੋਸ਼ ਆਇਦ

**ਨਿਊਯਾਰਕ/ਬਿਊਰੋ ਨਿਊਜ਼:** ਇੱਥੇ ਆਈਐਸਆਈਐਸ ਤੋਂ ਪ੍ਰੇਰਿਤ ਹਮਲੇ ਵਿੱਚ ਅੱਠ ਜਣਿਆਂ ਦੀ ਜਾਨ ਲੈਣ ਵਾਲੇ ਉਜ਼ਬੇਕ ਵਿਅਕਤੀ ਸੈਫੁੱਲਾ ਹਬੀਬੁਲਾਵਿਚ ਸਾਇਪੋਵ ਉਤੇ ਅ ਅਤਿਵਾਦ ਨਾਲ ਸਬੰਧਤ ਦੋਸ਼ ਲਾਏ ਗਏ। ਅਧਿਕਾਰੀਆਂ ਨੇ ਕਿਹਾ ਕਿ ਉਹ ਕਈ ਮਹੀਨਿਆਂ ਤੋਂ ਹਮਲੇ ਦੀ ਯੋਜਨਾ ਬਣਾ ਰਿਹਾ ਸੀ ਅਤੇ ਉਸ ਨੇ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਲਈ ਹਮਲੇ ਵਾਸਤੇ ਹੈਲੋਵੀਨ ਦਾ ਮੌਕਾ ਚੁਣਿਆ। ਸਾਇਪੋਵ (29 ਸਾਲ) ਉਤੇ ਇਸਲਾਮਿਕ ਸਟੇਟ (ਆਈਐਸਆਈਐਸ) ਨੂੰ ਸਾਜ਼ੋ-ਸਾਮਾਨ ਮੁਹੱਈਆ ਕਰਨ ਅਤੇ ਹਿੰਸਾ ਤੇ ਮੋਟਰ ਵਾਹਨਾਂ ਦੀ ਭੰਨਤੋੜ ਦਾ ਦੋਸ਼ ਲਾਇਆ ਗਿਆ। ਐਫਬੀਆਈ ਨੇ ਉਸ ਖ਼ਿਲਾਫ਼ ਇਕ ਫੈਡਰਲ ਅਦਾਲਤ ਵਿੱਚ ਦਾਇਰ 10 ਪੰਨਿਆਂ ਦੀ ਸ਼ਿਕਾਇਤ ਵਿੱਚ ਕਿਹਾ ਕਿ ਉਹ ਆਈਐਸਆਈਐਸ ਪ੍ਰਤੀ ਇੰਨਾ ਸਮਰਪਿਤ ਹੈ ਕਿ ਆਪਣੇ ਹਸਪਤਾਲ ਵਾਲੇ ਕਮਰੇ ਵਿੱਚ ਵੀ ਇਸ ਜਥੇਬੰਦੀ ਦਾ ਝੰਡਾ ਦੇਖਣ ਦਾ ਇੱਛੁਕ ਹੈ। ਮੈਨਹੱਟਨ ਦੇ ਹੇਠਲੇ ਇਲਾਕੇ ਵਿੱਚ ਸਾਇਪੋਵ ਨੇ ਬੀਤੇ ਦਿਨ ਆਪਣਾ ਟਰੱਕ ਸਾਈਕਲ ਟਰੈਕ ਉਤੇ ਚਾੜ੍ਹ ਦਿੱਤਾ ਸੀ, ਜਿਸ ਕਾਰਨ ਅੱਠ ਜਣੇ ਮਾਰੇ ਗਏ ਅਤੇ 11 ਹੋਰ ਜ਼ਖ਼ਮੀ ਹੋਏ ਸਨ। ਸਾਇਪੋਵ ਨੇ ਇਹ ਟਰੱਕ ਸਕੂਲ ਬੱਸ ਵਿੱਚ ਮਾਰਿਆ ਅਤੇ ਹਥਿਆਰ ਹੋਣ ਦਾ ਸਵਾਂਗ ਰਚ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲੀਸ ਨੇ ਉਸ ਨੂੰ ਗੋਲੀ ਮਾਰ ਦਿੱਤੀ। ਇਹ 9/11 ਤੋਂ ਬਾਅਦ ਦਾ ਸਭ ਤੋਂ ਮਾਰੂ ਅਤਿਵਾਦੀ ਹਮਲਾ ਸੀ। ਸਾਇਪੋਵ ਦਾ ਕੱਲ੍ਹ ਨਿਊਯਾਰਕ ਦੇ ਇਕ ਹਸਪਤਾਲ ਵਿੱਚ ਅਪਰੇਸ਼ਨ ਕੀਤਾ ਗਿਆ। ਉਸਨੂੰ ਵੀਲ੍ਹਚੇਅਰ ਉਤੇ ਫੈਡਰਲ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਐਫਬੀਆਈ ਨੇ ਕਿਹਾ ਕਿ ਨਿਊਜਰਸੀ ਦਾ ਵਾਸੀ ਸਾਇਪੋਵ ਇਸ ਅਤਿਵਾਦੀ ਹਮਲੇ ਲਈ ਆਈਐਸਆਈਐਸ ਤੋਂ ਪ੍ਰੇਰਿਤ ਸੀ। ਉਸ ਨੇ ਇਕ ਸਾਲ ਪਹਿਲਾਂ ਹਮਲੇ ਦੀ ਯੋਜਨਾ ਬਣਾਉਣੀ ਸ਼ੁਰੂ ਕੀਤੀ ਅਤੇ ਦੋ ਮਹੀਨੇ ਪਹਿਲਾਂ ਹਮਲੇ ਲਈ ਟਰੱਕ ਵਰਤਣ ਦਾ ਫੈਸਲਾ ਕੀਤਾ।



## ਡੇਨਵਰ ਵਾਲਮਾਰਟ 'ਚ ਗੋਲੀਬਾਰੀ, 3 ਜਣੇ ਮਾਰੇ ਗਏ

**ਥਾਰਨਟੋਨ/ਬਿਊਰੋ ਨਿਊਜ਼:** ਕਲੋਰਾਡੋ ਸੂਬੇ ਵਿਚ ਡੇਨਵਰ ਸ਼ਹਿਰ ਦੇ ਉਪਸ਼ਹਿਰੀ ਇਲਾਕੇ 'ਚ ਸਥਿਤ ਵਾਲਮਾਰਟ ਸਟੋਰ ਅੰਦਰ ਹੋਈ ਗੋਲੀਬਾਰੀ ਵਿਚ ਇਕ ਔਰਤ ਸਮੇਤ ਤਿੰਨ ਵਿਅਕਤੀ ਮਾਰੇ ਗਏ। ਪੁਲਿਸ ਨੇ ਗੋਲੀਬਾਰੀ ਦੇ ਸਬੰਧ ਵਿਚ ਕਿਸੇ ਨੂੰ ਵੀ ਹਿਰਾਸਤ 'ਚ ਨਹੀਂ ਲਿਆ। ਪੁਲਿਸ ਨੇ ਟਵਿੱਟਰ 'ਤੇ ਦੱਸਿਆ ਕਿ ਗੋਲੀਬਾਰੀ ਵਿਚ ਦੋ ਵਿਅਕਤੀ ਮਾਰੇ ਗਏ ਹਨ। ਇਕ ਔਰਤ ਜਿਹੜੀ ਗੋਲੀਬਾਰੀ ਵਿਚ ਜ਼ਖ਼ਮੀ ਹੋ ਗਈ ਸੀ, ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਅਜੇ ਤੱਕ ਹਮਲਾਵਰ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਇਸ ਖੇਤਰ ਵੱਲ ਆਉਣ ਵਾਲੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ।



Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜਾਂਚ ਕਮਿਸ਼ਨ ਅੱਗੇ ਸੁਮੇਧ ਸੈਣੀ ਨੇ ਪੇਸ਼ ਨਾ ਕੀਤਾ ਆਪਣਾ ਪੱਖ

**ਚੰਡੀਗੜ੍ਹ/ਬਿਊਰੋ ਨਿਊਜ਼**

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਜਾਂਚ ਦੌਰਾਨ ਦਰਜ ਬਿਆਨਾਂ ਵਿੱਚ ਪੰਜਾਬ ਪੁਲੀਸ ਦੇ ਡੀਜੀਪੀ ਰੈਂਕ ਦੇ ਅਫ਼ਸਰ ਸੁਮੇਧ ਸਿੰਘ ਸੈਣੀ ਦਾ ਨਾਂ ਸਾਹਮਣੇ ਆਉਣ 'ਤੇ ਕਮਿਸ਼ਨ ਨੇ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਲਈ ਪੇਸ਼ ਹੋਣ ਦਾ ਸੱਦਾ ਦਿੱਤਾ ਸੀ। ਸ੍ਰੀ ਸੈਣੀ ਨੂੰ ਕਮਿਸ਼ਨ ਨੇ ਤੱਕ ਖ਼ੁਦ ਜਾਂ ਨੁਮਾਇੰਦੇ ਰਾਹੀਂ ਪੇਸ਼ ਹੋ ਕੇ ਪੱਖ ਸਪਸ਼ਟ ਕਰਨ ਲਈ ਆਖਿਆ ਸੀ ਤੇ ਹਲਫ਼ਨਾਮਾ ਦੇਣ ਦਾ ਮੌਕਾ ਵੀ ਦਿੱਤਾ ਸੀ।

ਗ਼ੌਰਤਲਬ ਹੈ ਕਿ ਦੋ ਸਾਲ ਪਹਿਲਾਂ ਸੂਬੇ ਵਿੱਚ ਵੱਡੀ ਪੱਧਰ 'ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਸਨ। ਇਨ੍ਹਾਂ ਦਾ ਵਿਰੋਧ ਕਰ ਰਹੇ ਲੋਕਾਂ ਉਤੇ ਪੁਲੀਸ ਵੱਲੋਂ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਹਿਬਲ ਕਲਾਂ ਵਿੱਚ 'ਬਿਨਾਂ ਭੜਕਾਹਟ' ਗੋਲੀ ਚਲਾਏ ਜਾਣ ਕਾਰਨ ਦੋ ਮੁਜ਼ਾਹਰਾਕਾਰੀਆਂ ਦੀ ਜਾਨ ਜਾਂਦੀ ਰਹੀ ਸੀ। ਜਾਣਕਾਰੀ ਮੁਤਾਬਕ ਸ੍ਰੀ ਸੈਣੀ ਨੇ ਕਮਿਸ਼ਨ ਦੇ ਸੁਨੇਹਿਆਂ ਦਾ ਕੋਈ ਜਵਾਬ ਨਹੀਂ ਦਿੱਤਾ, ਜਿਸ ਕਾਰਨ ਕਮਿਸ਼ਨ ਹੁਣ ਸ੍ਰੀ ਸੈਣੀ ਦੇ ਪੱਖ ਤੋਂ ਬਿਨਾਂ ਹੀ ਅਗਲੀ ਕਾਰਵਾਈ ਕਰ ਸਕਦਾ ਹੈ।

ਕਮਿਸ਼ਨ ਵੱਲੋਂ ਸ੍ਰੀ ਸੈਣੀ ਨੂੰ ਭੇਜੇ ਪੱਤਰਾਂ ਦੇ ਵੇਰਵੇ ਨਹੀਂ



ਮਿਲ ਸਕੇ, ਕਿਉਂਕਿ 1982 ਬੈਚ ਦੇ ਆਈਪੀਐਸ ਅਫ਼ਸਰ ਸ੍ਰੀ ਸੈਣੀ ਦੀ ਮੁਹਾਲੀ ਸਥਿਤ ਰਿਹਾਇਸ਼ ਉਤੇ ਭੇਜੇ ਗਏ ਪੱਤਰਾਂ ਨੂੰ 'ਗੁਪਤ' ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਸਮਝਿਆ ਜਾਂਦਾ ਹੈ ਕਿ ਸ੍ਰੀ ਸੈਣੀ ਦਾ ਨਾਂ 2015 ਵਿੱਚ ਪਵਿੱਤਰ ਬੀੜਾਂ ਦੀ ਬੇਅਦਬੀ ਤੋਂ ਬਾਅਦ ਦੀਆਂ ਘਟਨਾਵਾਂ ਦੇ ਮੁਤੱਲਕ ਬੋਲਿਆ ਹੈ। ਇਨ੍ਹਾਂ ਘਟਨਾਵਾਂ ਕਾਰਨ ਸ੍ਰੀ ਸੈਣੀ ਨੂੰ ਅਕਤੂਬਰ 2015 ਵਿੱਚ ਪੰਜਾਬ ਪੁਲੀਸ ਮੁਖੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਹੁਣ ਉਹ ਪੰਜਾਬ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਦੇ ਅਹੁਦੇ ਉਤੇ ਤਾਇਨਾਤ ਹਨ।

**ਹਾਲੇ ਮਾਮਲੇ ਦੀ ਜਾਂਚ ਜਾਰੀ: ਜਸਟਿਸ ਰਣਜੀਤ ਸਿੰਘ**

ਸੰਪਰਕ ਕੀਤੇ ਜਾਣ 'ਤੇ ਜਸਟਿਸ ਰਣਜੀਤ ਸਿੰਘ ਨੇ ਇਸ ਮਾਮਲੇ ਵਿੱਚ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ, "ਕਮਿਸ਼ਨ ਵੱਲੋਂ ਬੇਅਦਬੀ ਦੀਆਂ ਘਟਨਾਵਾਂ, ਇਨ੍ਹਾਂ ਨਾਲ ਸਬੰਧਤ ਮੁੱਦਿਆਂ ਅਤੇ ਇਨ੍ਹਾਂ ਰੋਕਣ ਦੇ ਕਦਮ ਸੁਝਾਉਣ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਇਸ ਅਮਲ 'ਚ ਕਮਿਸ਼ਨ ਵੱਲੋਂ ਲੋੜ ਮੁਤਾਬਕ ਵੱਖ-ਵੱਖ ਵਿਅਕਤੀਆਂ ਨੂੰ ਤਲਬ ਕਰ ਕੇ ਸਬੂਤ ਤੇ ਬਿਆਨ ਦਰਜ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ ਪੁਲੀਸ ਅਫ਼ਸਰ ਤੇ ਹੋਰ ਗਵਾਹ ਵੀ ਸ਼ਾਮਲ ਹਨ।"

ਕਮਿਸ਼ਨ ਨੇ ਹਾਲ ਹੀ ਵਿੱਚ ਇਸ ਮਾਮਲੇ 'ਚ ਮੋਗਾ ਦੇ ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਤੋਂ ਵੀ ਪੁੱਛ-ਪੜਤਾਲ ਕੀਤੀ ਸੀ। ਦੱਸਿਆ ਜਾਂਦਾ ਹੈ ਕਿ ਸ੍ਰੀ ਸ਼ਰਮਾ ਨੇ ਕਮਿਸ਼ਨ ਨੂੰ ਇਹ ਵੀ ਦੱਸਿਆ ਕਿ ਮੌਕੇ ਦੇ ਡੀਜੀਪੀ (ਸ੍ਰੀ ਸੈਣੀ) ਨੇ ਉਨ੍ਹਾਂ (ਸ੍ਰੀ ਸ਼ਰਮਾ) ਨੂੰ ਇਸ ਮਾਮਲੇ ਵਿੱਚ ਮੁਅੱਤਲ ਕਰਨ ਲਈ ਅਫ਼ਸੋਸ ਜ਼ਾਹਰ ਕਰਦਿਆਂ ਇਨ੍ਹਾਂ ਹੁਕਮਾਂ ਨੂੰ ਆਪਣੀ ਮਜਬੂਰੀ ਕਰਾਰ ਦਿੱਤਾ ਸੀ। ਗ਼ੌਰਤਲਬ ਹੈ ਕਿ ਸ੍ਰੀ ਸ਼ਰਮਾ ਉਤੇ ਬਹਿਬਲ ਕਲਾਂ ਵਿੱਚ ਬਿਨਾਂ ਭੜਕਾਹਟ ਗੋਲੀ ਚਲਾਉਣ ਦੇ ਹੁਕਮ ਦੇਣ ਦੇ ਦੋਸ਼ ਲੱਗੇ ਸਨ।

## ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਵਲੋਂ ਹਾਈ ਕੋਰਟ 'ਚ ਲਾਈ ਪਟੀਸ਼ਨ ਰੱਦ

**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਾਲ 1995 'ਚ ਹੋਏ ਕਤਲ ਮਾਮਲੇ ਵਿਚ ਫ਼ਾਂਸੀ ਦੀ ਸਜ਼ਾ ਭੁਗਤ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਘਟਾ ਕੇ ਉਮਰ ਕੈਦ 'ਚ ਤਬਦੀਲ ਕਰਨ ਬਾਰੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਪਾਈ ਗਈ ਸੀ।

ਇਹ ਪਟੀਸ਼ਨ ਉਨ੍ਹਾਂ ਦੀ ਭੈਣ ਬੀਬੀ ਕਮਲਦੀਪ ਕੌਰ ਵੱਲੋਂ ਪਾਈ ਗਈ ਸੀ। ਜਿਸ ਨੂੰ 7 ਨਵੰਬਰ ਵਾਲੇ ਦਿਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਰੱਦ ਕਰ ਦਿੱਤਾ ਗਿਆ। ਹਾਈਕੋਰਟ ਨੇ ਇਹ ਪਟੀਸ਼ਨ ਰੱਦ ਇਸ ਆਧਾਰ 'ਤੇ ਕੀਤੀ ਕਿ ਬੀਬੀ ਕਮਲਦੀਪ ਕੌਰ ਦਾ ਇਸ ਪਟੀਸ਼ਨ ਸੰਬੰਧੀ 'ਲੋਕਸ ਸਟੈਂਡਾਈ' ਨਹੀਂ ਬਣਦਾ ਅਤੇ ਉਨ੍ਹਾਂ ਵੱਲੋਂ ਇਹ ਪਟੀਸ਼ਨ ਨਹੀਂ ਪਾਈ ਜਾ ਸਕਦੀ। ਹਾਈਕੋਰਟ ਦਾ ਕਹਿਣਾ ਹੈ ਕਿ ਇਸ ਸੰਬੰਧੀ ਕੋਈ ਵੀ ਪਟੀਸ਼ਨ ਖ਼ੁਦ ਰਾਜੋਆਣਾ ਵੱਲੋਂ ਹੀ ਪਾਈ ਜਾ ਸਕਦੀ ਹੈ। ਦਸਿਆ ਜਾਂਦਾ ਹੈ ਕਿ ਭਾਈ ਰਾਜੋਆਣਾ ਇਸ ਵੇਲੇ ਪਟਿਆਲਾ ਕੇਂਦਰੀ ਜੇਲ੍ਹ ਵਿਚ ਬੰਦ ਹਨ।



ਬੀਬੀ ਕਮਲਦੀਪ ਕੌਰ

ਉਹਨਾਂ ਦੀ ਭੈਣ ਨੇ ਇਹ ਪਟੀਸ਼ਨ ਇਸ ਆਧਾਰ 'ਤੇ ਪਾਈ ਸੀ ਕਿ ਭਾਈ ਰਾਜੋਆਣਾ ਪਿਛਲੇ 22 ਸਾਲ ਤੋਂ ਪਟਿਆਲਾ ਦੀ ਜੇਲ੍ਹ ਵਿਚ ਬੰਦ ਹਨ ਅਤੇ ਉਨ੍ਹਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਏ ਜਾਣ ਮਗਰੋਂ ਵੀ ਲਗਭਗ ਇਕ ਦਹਾਕਾ ਬੀਤ ਚੁੱਕਾ ਹੈ।

ਕਮਲਦੀਪ ਕੌਰ ਨੇ ਆਪਣੀ ਪਟੀਸ਼ਨ ਵਿਚ ਕਿਹਾ ਸੀ ਕਿ ਫ਼ਾਂਸੀ ਦੀ ਸਜ਼ਾ ਸੁਣਾਏ ਜਾਣ ਮਗਰੋਂ ਲੰਘੇ 10 ਸਾਲਾਂ ਵਿਚ ਭਾਈ ਰਾਜੋਆਣਾ ਅਤੇ ਉਨ੍ਹਾਂ ਦੇ ਪਰਿਵਾਰ ਨੇ ਦਿਮਾਗੀ ਪਰੇਸ਼ਾਨੀ ਝੱਲੀ ਹੈ ਇਸ ਲਈ ਉਨ੍ਹਾਂ ਦੀ ਫ਼ਾਂਸੀ ਦੀ ਸਜ਼ਾ ਨੂੰ ਖ਼ਤਮ ਕਰਕੇ ਇਸ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ।

ਯਾਦ ਰਹੇ ਕਿ ਇਸ ਮਾਮਲੇ ਵਿਚ ਪਟੀਸ਼ਨ ਕਰਤਾ ਦੀ ਵਕੀਲ ਐਡਵੋਕੇਟ ਗੁਰਸ਼ਰਨ ਕੌਰ ਮਾਨ ਨੇ ਇਹ ਤਰਕ ਵੀ ਦਿੱਤਾ ਸੀ ਕਿ ਭਾਈ ਰਾਜੋਆਣਾ ਨੇ ਆਪਣੇ ਵਿਰੁੱਧ ਚੱਲੇ ਮੁਕੱਦਮੇ ਦੀ ਕਾਰਵਾਈ ਦੌਰਾਨ ਕੋਈ ਕਾਨੂੰਨੀ ਸਹਾਇਤਾ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ ਅਤੇ ਸੁਣਾਈ ਗਈ ਫ਼ਾਂਸੀ ਦੀ ਸਜ਼ਾ ਵਿਰੁੱਧ ਵੀ ਕੋਈ ਅਪੀਲ ਦਾਇਰ ਕਰਨ ਤੋਂ ਨਾਂਹ ਕਰ ਦਿੱਤੀ ਸੀ।

## ਬੀਰਦਵਿੰਦਰ ਸਿੰਘ ਅੰਮ੍ਰਿਤਸਰ ਜ਼ਮੀਨ ਘੁਟਾਲੇ 'ਚ ਕੈਪਟਨ ਖ਼ਿਲਾਫ਼ ਸਰਕਾਰੀ ਗਵਾਹ ਬਣਨ ਲਈ ਕੀਤੀ ਅਦਾਲਤ 'ਚ ਪੇਸ਼ਕਸ਼

**ਐਸ.ਏ.ਐਸ. ਨਗਰ/ਬਿਊਰੋ ਨਿਊਜ਼:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਘੁਟਾਲੇ ਦੇ ਮਾਮਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਅਦਾਲਤ ਵਿੱਚ ਪੇਸ਼ ਹੋ ਕੇ ਕੇਸ ਦੇ ਵੱਖ ਵੱਖ ਪਹਿਲੂਆਂ ਅਤੇ ਅਸਲੀਅਤ ਤੋਂ ਜਾਣੂ ਕਰਵਾਉਣ ਲਈ ਸਰਕਾਰੀ ਗਵਾਹ ਬਣਨ ਦੀ ਪੇਸ਼ਕਸ਼ ਕਰ ਦਿੱਤੀ। ਇਸ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ ਕਿਉਂਕਿ ਵਿਜੀਲੈਂਸ ਵੱਲੋਂ ਕੈਪਟਨ ਸਣੇ ਬਾਕੀ ਮੁਲਜ਼ਮਾਂ ਨੂੰ ਵੱਡੀ ਰਾਹਤ ਦਿੰਦਿਆਂ ਕੇਸ ਖ਼ਤਮ ਕਰਨ ਦੀ ਪੈਰਵੀ ਕੀਤੀ ਜਾ ਰਹੀ ਸੀ। ਸੋਮਵਾਰ ਨੂੰ ਕੇਸ ਦੀ ਸੁਣਵਾਈ ਦੌਰਾਨ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ



ਜੱਜ ਜਸਵਿੰਦਰ ਸਿੰਘ ਨੇ ਪੰਜਾਬ ਵਿਜੀਲੈਂਸ ਅਤੇ ਸੂਬਾ ਸਰਕਾਰ ਨੂੰ 29 ਨਵੰਬਰ ਤਕ ਪੱਖ ਰੱਖਣ ਲਈ ਆਖਿਆ ਹੈ। ਬੀਰਦਵਿੰਦਰ ਸਿੰਘ ਨੇ ਪਹਿਲੀ ਨਵੰਬਰ ਨੂੰ ਆਪਣੇ ਵਕੀਲ ਰਾਹੀਂ ਮੁਹਾਲੀ ਅਦਾਲਤ ਵਿੱਚ 20 ਪੰਨਿਆਂ ਦੀ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਵਿਜੀਲੈਂਸ ਜਾਂਚ ਟੀਮ ਦੇ ਅਧਿਕਾਰੀ ਮੁਲਜ਼ਮਾਂ ਨਾਲ ਕਥਿਤ ਤੌਰ 'ਤੇ ਮਿਲੇ ਹੋਏ ਹਨ। ਅਦਾਲਤ ਨੇ ਕੇਸ ਦੀ ਸੁਣਵਾਈ ਸਭ ਤੋਂ ਅਖ਼ੀਰ 'ਤੇ ਕੀਤੀ। ਬੀਰਦਵਿੰਦਰ ਸਿੰਘ ਦੇ ਵਕੀਲ ਰਾਜੇਸ਼ ਗੁਪਤਾ ਅਤੇ ਸਰਕਾਰੀ ਵਕੀਲ ਵਿਜੇ ਸਿੰਗਲਾ, ਬਚਾਅ ਪੱਖ ਦੇ ਵਕੀਲਾਂ ਏ ਪੀ ਦਿਓਲ ਅਤੇ ਰਮਦੀਪ ਪ੍ਰਤਾਪ ਸਿੰਘ ਵਿਚਕਾਰ ਤਿੱਖੀ ਬਹਿਸ ਹੋਈ। ਸ੍ਰੀ ਗੁਪਤਾ ਨੇ ਮੁਲਜ਼ਮਾਂ ਦੇ ਵਕੀਲਾਂ ਨੂੰ ਟੋਕਦਿਆਂ ਕਿਹਾ ਕਿ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਕੁਝ ਵੀ ਬੋਲਣ ਦਾ ਅਧਿਕਾਰ ਨਹੀਂ ਹੈ ਕਿਉਂਕਿ ਇਹ ਕੇਸ ਵਿਜੀਲੈਂਸ, ਕਚਹਿਰੀ ਅਤੇ ਸ਼ਿਕਾਇਤਕਰਤਾ ਦਰਮਿਆਨ ਲੱਗਿਆ ਹੋਇਆ ਹੈ। ਸਰਕਾਰੀ ਵਕੀਲ ਅਤੇ ਬਚਾਅ ਪੱਖ ਦੇ ਵਕੀਲਾਂ ਨੇ ਸ਼ਿਕਾਇਤ ਦੀ ਕਾਪੀ ਅਤੇ ਨਾਲ ਨੱਥੀ ਦਸਤਾਵੇਜ਼ਾਂ ਦੀਆਂ ਕਾਪੀਆਂ ਮੰਗੀਆਂ। ਜੱਜ ਨੇ ਸਰਕਾਰੀ ਵਕੀਲ ਨੂੰ ਦਸਤਾਵੇਜ਼ਾਂ ਦੀਆਂ ਪੂਰੀਆਂ ਕਾਪੀਆਂ ਦੇਣ ਲਈ ਆਖਿਆ। ਸ੍ਰੀ ਬੀਰਦਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਬਾਦਲ ਪਰਿਵਾਰ ਅਤੇ ਅਮਰਿੰਦਰ ਸਿੰਘ ਦਰਮਿਆਨ ਆਪਸ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਖ਼ਤਮ ਕਰਨ ਦੀ ਸਹਿਮਤੀ ਬਣ ਗਈ ਸੀ। ਚਾਲਾਨ ਵਿੱਚ ਵਿਜੀਲੈਂਸ ਇਹ ਗੱਲ ਸਾਫ਼ ਕਰ ਚੁੱਕੀ ਹੈ ਕਿ ਮੁੱਢਲੀ ਜਾਂਚ ਵਿੱਚ ਇਸ ਕੇਸ 'ਚ ਨਾਮਜ਼ਦ ਮੁਲਜ਼ਮ ਦੋਸ਼ੀ ਪਾਏ ਗਏ ਹਨ ਪਰ ਹੁਣ ਵਿਜੀਲੈਂਸ ਆਪਣੇ ਬਿਆਨਾਂ ਤੋਂ ਮੁੱਕਰ ਰਹੀ ਹੈ। ਬੀਰਦਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਵਿਜੀਲੈਂਸ ਨੇ ਉਨ੍ਹਾਂ ਦਾ ਬਿਆਨ ਅਦਾਲਤ ਅੱਗੇ ਪੇਸ਼ ਹੀ ਨਹੀਂ ਕੀਤਾ ਅਤੇ ਸਾਰੇ ਸਬੂਤ ਅਦਾਲਤ ਤੋਂ ਛੁਪਾ ਲਏ ਗਏ ਤਾਂ ਜੋ ਕੈਪਟਨ ਅਤੇ ਉਸ ਦੇ ਸਾਥੀਆਂ ਨੂੰ ਬਰੀ ਕਰਵਾਇਆ ਜਾ ਸਕੇ। ਉਧਰ, ਹਿਮਾਚਲ ਪ੍ਰਦੇਸ਼ ਚੋਣਾਂ ਦੇ ਪ੍ਰਚਾਰ 'ਚ ਰੁੱਝੇ ਹੋਣ ਕਰਕੇ ਕੈਪਟਨ ਅੱਜ ਅਦਾਲਤ ਵਿੱਚ ਪੇਸ਼ ਨਹੀਂ ਹੋਏ ਅਤੇ ਉਨ੍ਹਾਂ ਵਕੀਲ ਰਾਹੀਂ ਨਿੱਜੀ ਪੇਸ਼ੀ ਤੋਂ ਛੋਟ ਦੀ ਮੰਗ ਕੀਤੀ ਜਿਸ ਨੂੰ ਅਦਾਲਤ ਨੇ ਪ੍ਰਵਾਨ ਕਰ ਲਿਆ।

**ਮਾਮਲੇ ਦੀ ਨਿਰਪੱਖ ਏਜੰਸੀ ਤੋਂ ਜਾਂਚ ਕਰਾਈ ਜਾਵੇ: ਬੀਰਦਵਿੰਦਰ**

ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਅਦਾਲਤ ਤੋਂ ਮੰਗ ਕੀਤੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਜਾਂਚ ਸੀਬੀਆਈ ਜਾਂ ਪੰਜਾਬ ਤੋਂ ਬਾਹਰ ਕਿਸੇ ਹੋਰ ਨਿਰਪੱਖ ਏਜੰਸੀ ਨੂੰ ਸੌਂਪੀ ਜਾਵੇ। ਉਂਜ ਉਨ੍ਹਾਂ ਨਿਆਂ ਪ੍ਰਣਾਲੀ 'ਤੇ ਭਰੋਸਾ ਜਤਾਇਆ ਪ੍ਰੰਤੂ ਵਿਜੀਲੈਂਸ ਅਤੇ ਗ੍ਰਹਿ ਵਿਭਾਗ ਮੁੱਖ ਮੰਤਰੀ ਕੋਲ ਹੋਣ ਕਰਕੇ ਸ੍ਰੀ ਬੀਰਦਵਿੰਦਰ ਸਿੰਘ ਦਾ ਮੰਨਣਾ ਹੈ ਕਿ ਵਿਜੀਲੈਂਸ ਨਿਰਪੱਖ ਹੋ ਕੇ ਕੇਸ ਦੀ ਪੈਰਵੀ ਨਹੀਂ ਕਰ ਸਕੇਗੀ।

## ਮੋਦੀ ਦੀ ਨੋਟਬੰਦੀ ਤੇ ਜੀਐਸਟੀ ਨੇ ਬਰਬਾਦ ਕਰ ਦਿੱਤੇ ਨੇ ਲੋਕ: ਕੈਪਟਨ

**ਚੰਡੀਗੜ੍ਹ/ਬਿਊਰੋ ਨਿਊਜ਼:**

ਹਿਮਾਚਲ ਪ੍ਰਦੇਸ਼ 'ਚ ਮੰਡੀ ਜ਼ਿਲ੍ਹੇ ਦੇ ਨਾਚਨ ਵਿਧਾਨ ਸਭਾ ਹਲਕੇ ਦੇ ਪਿੰਡ ਕਨੈਡ ਵਿਖੇ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲਾ ਕੀਤਾ ਕਿ ਪ੍ਰਧਾਨ ਮੰਤਰੀ ਦੇ ਕਹਿਣ ਅਨੁਸਾਰ ਜੇਕਰ ਕਾਂਗਰਸ ਸਿਉਂਕ' ਹੁੰਦੀ ਤਾਂ ਹੁਣ ਤਕ ਦੇਸ਼ ਨੇ ਬਰਬਾਦ ਹੋ ਜਾਣਾ ਸੀ ਪਰ ਦੇਸ਼ ਲਗਾਤਾਰ ਤਰੱਕੀ ਕਰ ਰਿਹਾ ਹੈ, ਜਿਸ ਤੋਂ ਸਪੱਸ਼ਟ ਹੈ ਕਿ ਸ੍ਰੀ ਮੋਦੀ ਦੇ ਇਸ ਦਾਅਵੇ 'ਚ ਕੋਈ ਦਮ ਨਹੀਂ ਹੈ। ਸ੍ਰੀ ਮੋਦੀ ਦੇ ਬਿਆਨਾਂ 'ਚੋਂ ਨਿਰਾਸ਼ਾ ਝਲਕਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਫੈਸਲਿਆਂ ਖਾਸ ਕਰਕੇ ਨੋਟਬੰਦੀ ਤੇ ਜੀਐਸਟੀ ਨੇ ਲੋਕਾਂ ਨੂੰ ਬਰਬਾਦ ਕਰ ਦਿੱਤਾ ਹੈ। ਨੋਟਬੰਦੀ ਲਾਗੂ ਕੀਤੇ ਜਾਣ ਬਾਅਦ ਲੋਕਾਂ ਕੋਲ ਚਾਹ ਦਾ ਕੱਪ ਪੀਣ ਲਈ ਪੈਸੇ ਨਹੀਂ ਸਨ। ਜੀਐਸਟੀ ਨੇ ਸੂਬਿਆਂ ਦੀ ਅਜਿਹੀ ਹਾਲਤ ਬਣਾ ਦਿੱਤੀ



ਹੈ ਕਿ ਉਨ੍ਹਾਂ ਕੋਲ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਯੋਜਨਾਵਾਂ ਲਈ ਕੋਈ ਪੈਸਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਭਾਜਪਾ ਉਮੀਦਵਾਰਾਂ ਦੇ ਹੱਕ 'ਚ ਬੇਵਜ੍ਹਾ ਗੇੜੇ ਮਾਰ ਰਹੇ ਹਨ ਪਰ ਦੇਸ਼ ਭਰ ਵਿੱਚ ਭਾਜਪਾ ਵਿਰੋਧੀ ਲਹਿਰ ਚੱਲ ਪਈ ਹੈ ਅਤੇ ਉਹ ਆਪਣਾ ਵਕਤ ਗੁਆ ਰਹੇ ਹਨ।

ਕਾਂਗੜਾ ਤੇ ਮੰਡੀ ਜ਼ਿਲ੍ਹਿਆਂ ਵਿੱਚ ਕਾਂਗਰਸੀ ਉਮੀਦਵਾਰਾਂ ਦੀ ਚੋਣ ਮੁਹਿੰਮ ਨੂੰ ਹੁਲਾਰਾ ਦਿੰਦਿਆਂ ਅਮਰਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਜਾਨਦਾਰ ਅਗਵਾਈ ਹੇਠ ਹਿਮਾਚਲ ਪ੍ਰਦੇਸ਼ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਭਲਾਈ ਸਕੀਮਾਂ ਦਾ ਹੇਠਲੇ ਪੱਧਰ ਤਕ ਲੋਕਾਂ ਨੂੰ ਲਾਭ ਮਿਲਿਆ ਹੈ ਅਤੇ ਛੋਟੇ ਸੂਬਿਆਂ 'ਚ ਲੋਕਾਂ ਨੂੰ ਸ਼ਾਸਨ ਦੇ ਮਾਮਲੇ ਵਿੱਚ ਹਿਮਾਚਲ ਮੋਹਰੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਲੀਡਰਸ਼ਿਪ ਵੱਲੋਂ ਸ੍ਰੀ ਵੀਰਭੱਦਰ ਨੂੰ ਘੇਰਨ ਦੇ ਬਾਵਜੂਦ ਉਨ੍ਹਾਂ ਨੇ ਹਿਮਾਚਲ ਦੇ ਵਿਕਾਸ 'ਚ ਕੋਈ ਘਾਟ ਨਹੀਂ ਰਹਿਣ ਦਿੱਤੀ। ਕੈਪਟਨ ਅਗਲੇ ਦੋ ਦਿਨ ਨੂਰਪੁਰ, ਨਾਲਾਗੜ੍ਹ ਅਤੇ ਹੋਰ ਹਲਕਿਆਂ ਵਿੱਚ ਕਾਂਗਰਸ ਦੇ ਹੱਕ 'ਚ ਪ੍ਰਚਾਰ ਕਰਨਗੇ।

## ਪੰਜਾਬ ਵਿੱਚ ਛੇਤੀ ਹੀ ਸ਼ਰਾਬ ਸਸਤੀ ਕੀਤੀ ਜਾਵੇਗੀ: ਮਨਪ੍ਰੀਤ ਸਿੰਘ ਬਾਦਲ

**ਲੁਧਿਆਣਾ/ਬਿਊਰੋ ਨਿਊਜ਼:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇੱਥੇ ਰੁਜ਼ਗਾਰ ਮੇਲੇ ਦੌਰਾਨ ਕਿਹਾ ਕਿ ਸੂਬੇ ਵਿੱਚ ਜਲਦੀ ਹੀ ਸ਼ਰਾਬ ਸਸਤੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਲੱਗਦੇ ਹੋਰ ਸੂਬਿਆਂ ਵਿੱਚ ਸ਼ਰਾਬ ਕਾਫ਼ੀ ਸਸਤੀ ਹੈ, ਜਿਸ ਕਾਰਨ ਇਨ੍ਹਾਂ ਸੂਬਿਆਂ ਤੋਂ ਸ਼ਰਾਬ ਤਸਕਰ ਪੰਜਾਬ ਵਿੱਚ ਤਸਕਰੀ ਕਰਦੇ ਹਨ। ਇਸ ਨਾਲ ਸੂਬੇ ਦੇ ਖ਼ਜ਼ਾਨੇ ਨੂੰ ਵੀ ਵੱਡੀ ਢਾਹ ਲੱਗ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਵਿੱਚ ਸ਼ਰਾਬ ਸਸਤੀ ਕੀਤੀ ਜਾ ਰਹੀ ਹੈ ਪਰ ਨਾਲ ਹੀ ਸੂਬੇ ਵਿੱਚ ਸ਼ਰਾਬ ਦਾ ਕੋਟਾ ਘਟਾਇਆ ਜਾਵੇਗਾ। ਸ੍ਰੀ ਬਾਦਲ ਇੱਥੇ ਜ਼ਿਲ੍ਹਾ ਉਦਯੋਗ ਕੇਂਦਰ ਵਿੱਚ ਔਰਤਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਲਈ ਲਾਏ ਗਏ ਰੁਜ਼ਗਾਰ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਨੂੰ ਰੈਵੇਨਿਊ ਸਰਪਲੱਸ

ਬਾਕੀ ਸਫ਼ਾ 30 'ਤੇ



ਲੁਧਿਆਣਾ ਵਿੱਚ ਰੁਜ਼ਗਾਰ ਮੇਲੇ ਦੌਰਾਨ ਨੌਜਵਾਨਾਂ ਨਾਲ ਗੱਲਬਾਤ ਕਰਦੇ ਹੋਏ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ।

# ਭਾਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਪਹਿਲੀ ਪਾਤਸ਼ਾਹੀ ਦਾ ਗੁਰਪੁਰਬ



ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਸਜਾਏ ਗਏ ਗੁਰਦੁਆਰਾ ਨਨਕਾਣਾ ਸਾਹਿਬ ਦਾ ਮਨਮੋਹਕ ਦ੍ਰਿਸ਼।



ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤੀ ਆਤਿਸ਼ਬਾਜ਼ੀ ਦਾ ਦ੍ਰਿਸ਼।

**ਅੰਮ੍ਰਿਤਸਰ/ਬਿਊਰੋ ਨਿਊਜ਼:** ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਪੁਰਬ ਨੂੰ ਸਮਰਪਿਤ ਨਗਰ ਕੀਰਤਨ ਵੀ ਸਜਾਇਆ ਗਿਆ। ਦੇਸ਼ ਵਿਦੇਸ਼ ਤੋਂ ਆਈ ਸਿੱਖ ਸੰਗਤ ਨੇ ਇਸ ਵਿੱਚ ਸ਼ਮੂਲੀਅਤ ਕੀਤੀ।

ਮਿਲੇ ਵੇਰਵਿਆਂ ਮੁਤਾਬਕ ਗੁਰਪੁਰਬ ਦੇ ਸਬੰਧ ਵਿੱਚ ਸਵੇਰੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਆਗੂਆਂ ਤੇ ਹੋਰਨਾਂ ਵੱਲੋਂ ਗੁਰੂ ਸਾਹਿਬ ਦੇ ਜੀਵਨ ਅਤੇ ਉਪਦੇਸ਼ਾਂ 'ਤੇ ਚਾਨਣਾ ਪਾਇਆ ਗਿਆ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਨੇ ਗੁਰਪੁਰਬ ਸਮਾਗਮਾਂ ਵਿੱਚ ਸ਼ਾਮਲ ਹੋਣ ਪੁੱਜੀਆਂ ਸਿੱਖ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਪਾਕਿਸਤਾਨ ਕਮੇਟੀ ਵੱਲੋਂ ਉਥੋਂ ਦੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਆਖਿਆ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਪਾਕਿਸਤਾਨ ਵਿੱਚ ਸਿੱਖ ਸੰਗਤਾਂ ਵੱਲੋਂ ਸਰਕਾਰ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ, ਜਿਸ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਨੇ ਵਿਸ਼ਵ ਭਰ ਦੀ ਸਿੱਖ ਸੰਗਤ ਨੂੰ ਸੱਦਾ ਦਿੱਤਾ। ਇਸ ਮੌਕੇ ਔਕਾਫ ਬੋਰਡ ਦੇ ਚੇਅਰਮੈਨ ਸਦੀਕ ਉਲ ਫਰੀਕ ਨੇ ਆਖਿਆ ਕਿ ਪਾਕਿਸਤਾਨ ਵਿੱਚ ਸ਼ਤਾਬਦੀ ਸਮਾਗਮ ਮਨਾਉਣ ਲਈ ਸਰਕਾਰ ਦੇ ਸਹਿਯੋਗ ਨਾਲ ਵੱਡੇ ਪਧਰ 'ਤੇ ਯਤਨ ਕੀਤੇ ਜਾਣਗੇ। ਉਨ੍ਹਾਂ ਨੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਹੋ ਰਹੇ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ।

ਵਿਦੇਸ਼ ਤੋਂ ਆਏ ਸਿੱਖ ਆਗੂਆਂ ਅਵਤਾਰ ਸਿੰਘ ਸੰਘੇੜਾ, ਜੋਗਾ ਸਿੰਘ ਤੇ ਹੋਰਨਾਂ ਨੇ ਅਪੀਲ ਕੀਤੀ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣਾਈ ਜਾਣ ਵਾਲੀ ਬਾਬਾ ਨਾਨਕ ਦੇਵ ਯੂਨੀਵਰਸਿਟੀ ਨੂੰ ਨਨਕਾਣਾ ਸਾਹਿਬ ਵਿਖੇ ਹੀ ਬਣਾਇਆ ਜਾਵੇ। ਸਮਾਗਮ ਮੌਕੇ ਹੋਰ ਸਿੱਖ ਆਗੂਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪੀਜੀਪੀਸੀ ਵੱਲੋਂ ਆਏ ਮਹਿਮਾਨਾਂ ਤੇ ਹੋਰ ਪਤਵੰਤਿਆਂ ਦਾ ਸਨਮਾਨ ਵੀ ਕੀਤਾ ਗਿਆ।

ਬਾਅਦ ਦੁਪਹਿਰ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਕਿਆਰਾ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਫੁੱਲਾਂ ਨਾਲ ਸਜੀ ਇੱਕ ਬੱਸ ਵਿੱਚ ਸਥਾਪਤ ਪਾਲਕੀ ਵਿੱਚ ਸੁਸ਼ੋਭਿਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਸਿੱਖ ਸੰਗਤ ਸ਼ਾਮਲ ਸੀ। ਸਿੱਖ ਨੌਜਵਾਨਾਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ। ਨਗਰ ਕੀਰਤਨ ਦੇ ਰਸਤੇ ਵਿੱਚ ਸੰਗਤ ਵੱਲੋਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਨਗਰ ਕੀਰਤਨ ਦੇ ਰਸਤੇ ਨੂੰ ਸਜਾਇਆ ਗਿਆ ਸੀ ਅਤੇ ਲਾਲ ਗਲੀਚਾ ਵੀ ਵਿਛਾਇਆ ਗਿਆ ਸੀ।

ਇਸ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਨਨਕਾਣਾ ਸਾਹਿਬ ਵਿੱਚ ਹੀ ਯੂਨੀਵਰਸਿਟੀ ਬਣਾਉਣ ਦਾ ਵਿਰੋਧ ਕਰ ਰਹੇ ਕੁਝ ਸਥਾਨਕ ਲੋਕਾਂ ਕਾਰਨ ਤਣਾਅ ਵਾਲਾ ਮਾਹੌਲ ਬਣਿਆ ਰਿਹਾ। ਸਿੱਖ ਕੌਂਸਲ ਦੇ ਜਨਰਲ ਸਕੱਤਰ ਸੁਰਜੀਤ ਸਿੰਘ ਨੇ ਦੱਸਿਆ ਲਾਹੌਰ ਵਾਸੀ ਸਈਅਦ ਜ਼ਮੀਲ ਅੱਬਾਸ, ਜੋ ਗੁਰੂ ਘਰ ਦੇ ਸ਼ਰਧਾਲੂ ਹਨ, ਵੱਲੋਂ ਸਮੁੱਚੇ ਨਗਰ ਕੀਰਤਨ ਦੇ ਰਸਤੇ ਲਈ ਰੈੱਡ ਕਾਰਪੇਟ ਭੇਟ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਸਈਅਦ ਜ਼ਮੀਲ ਅੱਬਾਸ ਹਰ ਵਰ੍ਹੇ ਗੁਰਪੁਰਬ ਮੌਕੇ ਨਤਮਸਤਕ ਹੋਣ ਲਈ ਆਉਂਦੇ ਹਨ। ਉਨ੍ਹਾਂ ਪਿਛਲੇ ਵਰ੍ਹੇ ਨਗਰ ਕੀਰਤਨ ਦੇ ਰਾਹ ਲਈ ਰੈੱਡ ਕਾਰਪੇਟ ਵਿਛਾਉਣ ਦਾ ਐਲਾਨ ਕੀਤਾ ਸੀ। ਉਸ ਵੱਲੋਂ ਸੰਗਤ ਵਾਸਤੇ ਕੋਲਡ ਡਰਿੰਕ ਅਤੇ ਮਿਨਰਲ ਵਾਟਰ ਦਾ ਵੀ ਉਸ ਵੱਲੋਂ ਪ੍ਰਬੰਧ ਕੀਤਾ ਗਿਆ। ਨਗਰ ਕੀਰਤਨ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲਈ ਜਿਹੜੀ ਪਾਲਕੀ ਬੱਸ ਨੂੰ ਫੁੱਲਾਂ ਨਾਲ ਸਜਾਇਆ ਗਿਆ ਉਹ ਬੱਸ ਇੰਗਲੈਂਡ ਦੀ ਸੰਗਤ ਵੱਲੋਂ 2008 ਵਿੱਚ ਭੇਟ ਕੀਤੀ ਗਈ ਸੀ। ਸਮਾਗਮ ਵਿੱਚ ਸ਼ਾਮਲ ਹੋਣ ਲਈ ਪਾਕਿਸਤਾਨ ਸਮੇਤ ਭਾਰਤ, ਕੈਨੇਡਾ, ਅਮਰੀਕਾ, ਇੰਗਲੈਂਡ ਤੇ ਹੋਰ ਮੁਲਕਾਂ ਤੋਂ ਲਗਪਗ 30 ਹਜ਼ਾਰ ਤੋਂ ਵੱਧ ਸੰਗਤ ਪੁੱਜ ਚੁੱਕੀ ਹੋਈ ਸੀ ਜਿਨ੍ਹਾਂ ਲਈ ਔਕਾਫ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਢੁਕਵੇਂ ਪ੍ਰਬੰਧ ਕੀਤੇ ਗਏ ਸਨ।

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦਾ 548ਵਾਂ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਸੰਗਤ ਨੇ ਨਤਮਸਤਕ ਹੋ ਕੇ ਪਹਿਲੇ ਪਾਤਸ਼ਾਹ ਨੂੰ ਅਕੀਦਤ ਭੇਟ ਕੀਤੀ। ਅੰਮ੍ਰਿਤ ਵੇਲੇ ਤੋਂ ਹੀ ਪੁੱਜੀਆਂ ਸੰਗਤਾਂ ਨੇ ਪਾਵਨ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਇਲਾਹੀ ਬਾਣੀ ਦਾ ਕੀਰਤਨ ਸੁਣਿਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਜੀ ਵਿਖੇ ਜਲੌਅ ਸਜਾਏ ਗਏ। ਸ਼ਾਮ ਵੇਲੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ ਹੋਰ ਗੁਰਦੁਆਰਿਆਂ 'ਤੇ ਦੀਪਮਾਲਾ ਵੀ ਕੀਤੀ ਗਈ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਕਾਰਜ ਸਿੰਘ ਦੇ ਰਾਗੀ ਜਥੇ ਵੱਲੋਂ ਇਲਾਹੀ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਭਾਈ ਹਰਮਿੰਤਰ ਸਿੰਘ ਨੇ ਪਾਵਨ ਹੁਕਮਨਾਮਾ ਸਰਵਣ ਕਰਵਾਇਆ। ਕਥਾਵਾਚਕ ਭਾਈ ਹਰਮਿੰਤਰ ਸਿੰਘ ਨੇ ਪਹਿਲੇ ਪਾਤਸ਼ਾਹ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਸੰਗਤ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ 'ਤੇ ਚੱਲਣ ਲਈ ਪ੍ਰੇਰਿਆ। ਭਾਈ ਹਰਮਿੰਤਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਸੰਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਤਿਸ਼ਬਾਜ਼ੀ ਚਲਾਈ ਗਈ ਅਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਦੀਵਾਨ ਸਜੇ, ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰ ਅਤੇ ਕਵੀ ਜਨ ਨੇ ਸੰਗਤ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਇਸੇ ਦੌਰਾਨ ਸ਼ਹਿਰ ਵਿੱਚ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਵੱਖ-ਵੱਖ ਥਾਂ-ਥਾਂ ਲੰਗਰ ਵੀ ਲਾਏ ਗਏ।



### ਖਾਲਸਾ ਕਾਲਜ ਵਲੋਂ ਨਗਰ ਕੀਰਤਨ

ਖਾਲਸਾ ਕਾਲਜ ਗਵਰਨਿੰਗ ਕੌਂਸਲ ਵਲੋਂ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤਕ ਵਿਸ਼ਾਲ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਸ 'ਚ ਗਵਰਨਿੰਗ ਕੌਂਸਲ ਅਧੀਨ ਚਲ ਰਹੇ ਸਮੂਹ ਸਕੂਲਾਂ ਅਤੇ ਕਾਲਜਾਂ ਦੇ 25000 ਤੋਂ ਵਧੇਰੇ ਵਿਦਿਆਰਥੀ ਤੇ ਅਧਿਆਪਕ ਸ਼ਾਮਲ ਸਨ। ਵਿਦਿਆਰਥੀ-ਵਿਦਿਆਰਥਣਾਂ ਜੋ ਬੋਲੇ ਸੋ ਨਿਹਾਲ, ਪੰਥ ਕੀ ਜੀਤ' ਆਦਿ ਜੈਕਾਰੇ ਗੂੰਜਾਉਂਦੇ ਹੋਏ ਸ਼ਾਮਿਲ ਹੋਏ। ਵਿਦਿਆਰਥੀਆਂ ਨੇ ਗਤਕੇ ਦੇ ਜੌਹਰ ਵੀ ਦਿਖਾਏ।

### ਗੁਰਪੁਰਬ ਸਬੰਧੀ ਨਗਰ ਕੀਰਤਨ ਸਜਾਏ

**ਸੁਲਤਾਨਪੁਰ ਲੋਧੀ/ਬਿਊਰੋ ਨਿਊਜ਼:** ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ ਗਿਆ, ਜੋ ਪਵਿੱਤਰ ਵੇਈਂ ਕੰਢੇ ਸਥਿਤ ਗੁਰਦੁਆਰਾ ਸੰਤਘਾਟ ਤੋਂ ਚੱਲ ਕੇ ਸ਼ਹਿਰ ਦੇ ਮੁੱਖ ਬਜ਼ਾਰਾਂ, ਰੇਲਵੇ ਸਟੇਸ਼ਨ, ਗੁਰਦੁਆਰਾ ਬੇਬੇ ਨਾਨਕੀ, ਗੁਰਦੁਆਰਾ ਸ੍ਰੀ ਹੱਟ ਸਾਹਿਬ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸੰਪੰਨ ਹੋਇਆ. ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਸਜਾਏ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ।

## ਪਿਟਸਬਰਗ ਵਿਖੇ ਧਾਰਮਿਕ ਕਵੀ ਦਰਬਾਰ

**ਪਿਟਸਬਰਗ/ਬਿਊਰੋ ਨਿਊਜ਼:** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ 2150 Crestyiew Drive Pittsburg CA s94565 ਵਿਖੇ ਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਸਾਕਾ ਪੰਜਾ ਸਾਹਿਬ' ਦੀ ਯਾਦ ਵਿਚ ਬੜੀ ਸ਼ਰਧਾ ਭਾਵਨਾ ਨਾਲ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਪੰਚ ਸੰਭਾਲਦਿਆਂ ਇਤਿਹਾਸ ਤੇ ਝਾਤ ਪੁਆਈ ਗਈ ਕਿ ਸਿੱਖ ਕੌਮ ਨੂੰ ਹਮੇਸ਼ਾ ਸ਼ਹੀਦਾਂ ਤੇ ਮਾਣ ਰਿਹਾ ਹੈ ਜਿਨ੍ਹਾਂ ਨੇ ਗੁਰੂਆਂ ਦੀ ਸਿੱਖਿਆ ਤੇ ਚਲਦਿਆਂ ਬਾਣੀ ਅਤੇ ਬਾਣੇ ਦੇ ਸਤਿਕਾਰ ਵਿਚ ਸੇਵਾ ਕੀਤੀ ਅਤੇ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਚੇਤਾ ਕਰਾਇਆ ਕਿ ਕਿਸ ਤਰ੍ਹਾਂ ਸ਼ਹੀਦ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਨੇ ਗੱਡੀ ਰੋਕ ਕੇ ਕੈਦੀ ਸਿੰਘਾਂ ਦੀ ਲੰਗਰਾਂ ਦੀ ਸੇਵਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ।



ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਜਸਦੀਪ ਸਿੰਘ ਫਰੀਮਾਂਟ ਤਰਸੇਮ ਸਿੰਘ ਸੁਮਨ, ਪ੍ਰਮਿੰਦਰ ਸਿੰਘ ਪ੍ਰਵਾਨਾ, ਗੁਰਦਿਆਲ ਸਿੰਘ ਨੂਰਪੁਰੀ ਤੇ ਮਹਿੰਦਰ ਸਿੰਘ ਰਾਜਪੂਤ ਨੇ ਸ਼ਹੀਦਾਂ ਨੂੰ ਸਮਰਪਿਤ ਜੋਸ਼ੀਲੀਆਂ ਕਵਿਤਾਵਾਂ ਨਾਲ ਸਾਂਝ ਪਾਈ। ਸੰਗਤਾਂ ਦੇ ਭਰਵੇਂ ਹੁੰਗਾਰੇ ਵਿਚ ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਅੱਗੇ ਤੋਂ ਵੀ ਅਜਿਹੇ ਇਤਿਹਾਸਕ ਅਤੇ ਧਾਰਮਿਕ ਕਵੀ ਦਰਬਾਰ ਸਜਾਉਂਦੇ ਰਹਿਣ ਲਈ ਕਿਹਾ।

## ਵ੍ਹਾਈਟ ਹਾਊਸ ਵਿੱਚ ਗੁਰਪੁਰਬ ਮਨਾਉਣ ਨਾਲ ਅਮਰੀਕਾ 'ਚ ਸਿੱਖ ਪਛਾਣ ਬਾਰੇ ਭੁਲੇਖੇ ਹੋਣਗੇ ਦੂਰ: ਕਾਰਲਸਨ

**ਅੰਮ੍ਰਿਤਸਰ/ਬਿਊਰੋ ਨਿਊਜ਼:** ਦਿੱਲੀ ਸਥਿਤ ਅਮਰੀਕੀ ਸਫ਼ਾਰਤਖਾਨੇ ਦੀ ਉਪ ਮੁਖੀ ਮੈਰੀ ਕੇ ਕਾਰਲਸਨ ਦਾ ਕਹਿਣਾ ਹੈ ਕਿ ਟਰੰਪ ਸਰਕਾਰ ਵੱਲੋਂ ਵ੍ਹਾਈਟ ਹਾਊਸ ਵਿੱਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਨਾਲ ਉਥੇ ਸਿੱਖ ਪਛਾਣ ਬਾਰੇ ਭਰਮ-ਭੁਲੇਖੇ ਦੂਰ ਕਰਨ ਵਿੱਚ ਮਦਦ ਮਿਲੇਗੀ। ਉਹ ਇੱਥੇ ਹਰਿਮੰਦਰ ਸਾਹਿਬ ਵਿੱਚ ਨਤਮਸਤਕ ਹੋਣ ਪੁੱਜੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਅਮਰੀਕੀ ਸਫ਼ੀਰ ਨੇ ਸਿੱਖ ਕੌਮ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਆਖਿਆ ਕਿ ਟਰੰਪ ਸਰਕਾਰ ਵੱਲੋਂ ਵੀ ਵ੍ਹਾਈਟ ਹਾਊਸ ਵਿੱਚ ਸਿੱਖ ਭਾਈਚਾਰੇ ਦੀ ਮਦਦ ਨਾਲ ਗੁਰਪੁਰਬ ਮਨਾਇਆ ਗਿਆ ਹੈ, ਜਿਸ ਨਾਲ ਸਿੱਖ ਪਛਾਣ ਬਾਰੇ ਭਰਮ-ਭੁਲੇਖੇ ਦੂਰ ਹੋਣਗੇ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਅਤੇ ਅਮਰੀਕੀ ਸਫ਼ਾਰਤਖਾਨਾ ਇਸ ਮਾਮਲੇ ਵਿੱਚ ਪੁਲ ਵਜੋਂ ਕੰਮ ਕਰੇਗਾ ਅਤੇ ਸਿੱਖ ਮਾਮਲਿਆਂ ਨੂੰ ਅਮਰੀਕਾ ਸਰਕਾਰ ਤੱਕ ਪਹੁੰਚਾਏਗਾ। ਉਨ੍ਹਾਂ ਇੱਥੇ ਯਾਤਰੂ ਕਿਤਾਬ ਵਿੱਚ ਲਿਖਿਆ ਕਿ ਗੁਰੂ ਘਰ ਆ ਕੇ ਤੇ ਸਿੱਖ ਭਾਈਚਾਰੇ ਵੱਲੋਂ ਕੀਤੇ ਨਿੱਘੇ ਸਵਾਗਤ ਨਾਲ ਵੱਡਾ ਮਾਣ ਮਹਿਸੂਸ ਹੋ ਰਿਹਾ ਹੈ। ਮੈਰੀ ਕੇ ਕਾਰਲਸਨ ਨੇ ਹਰਿਮੰਦਰ ਸਾਹਿਬ ਮੱਥਾ ਟੇਕਣ ਮਗਰੋਂ ਗੁਰੂ ਰਾਮਦਾਸ ਲੰਗਰ ਘਰ ਵਿੱਚ ਲੰਗਰ ਤਿਆਰ ਹੋਣ ਤੇ ਵਰਤਾਉਣ ਦੀ ਪ੍ਰਕਿਰਿਆ ਵੀ ਵੇਖੀ। ਉਨ੍ਹਾਂ ਆਖਿਆ ਕਿ ਉਹ ਸਿੱਖ ਭਾਈਚਾਰੇ ਦੀ ਸੇਵਾ ਭਾਵਨਾ ਤੋਂ ਬਹੁਤ ਪ੍ਰਭਾਵਿਤ ਹਨ। ਅਮਰੀਕਾ ਵਿੱਚ ਜਦੋਂ ਕਦੇ ਵੀ ਕੋਈ ਆਫ਼ਤ ਆਈ ਹੈ ਤਾਂ ਸਿੱਖ ਭਾਈਚਾਰੇ ਨੇ ਵਧ-ਚੜ੍ਹ ਕੇ ਮਦਦ ਕੀਤੀ ਹੈ।



### ਟਰੰਪ ਵੱਲੋਂ ਪ੍ਰਕਾਸ਼ ਪੁਰਬ ਦੀਆਂ ਮੁਬਾਰਕਾਂ

**ਵਾਸ਼ਿੰਗਟਨ:** ਵ੍ਹਾਈਟ ਹਾਊਸ 'ਚ ਪ੍ਰੈੱਸ ਸਕੱਤਰ ਸਾਰਾ ਸੈਂਡਰਜ਼ ਨੇ ਇੱਕ ਬਿਆਨ 'ਚ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੁਨੀਆਂ ਭਰ 'ਚ ਵਸਦੇ ਸਿੱਖ ਭਾਈਚਾਰੇ ਨੂੰ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਹਨ।

# ਸੁਖਪਾਲ ਖਹਿਰਾ ਨੂੰ ਸੰਮਨਾਂ ਤੋਂ ਵਿਧਾਇਕਾਂ ਵਿਚਾਲੇ ਮੋਰਚਾਬੰਦੀ

ਚੰਡੀਗੜ੍ਹ/ਬਿਊਰੋ ਨਿਊਜ਼:
ਆਮ ਆਦਮੀ ਪਾਰਟੀ (ਆਪ) ਦੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਅਦਾਲਤ ਵੱਲੋਂ ਡਰੱਗਜ਼ ਦੇ ਮਾਮਲੇ ਵਿੱਚ ਸੰਮਨ ਕਰਨ ਮਗਰੋਂ ਪਾਰਟੀ 'ਚ ਰੱਫੜ ਪੈ ਗਿਆ ਹੈ। ਸ੍ਰੀ ਖਹਿਰਾ ਦੀਆਂ ਮੁਸੀਬਤਾਂ ਵਧਦੀਆਂ ਜਾ ਰਹੀਆਂ ਹਨ ਕਿਉਂਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਉਨ੍ਹਾਂ ਦੇ ਅਸਤੀਫ਼ੇ ਲਈ ਪਹਿਲਾਂ ਹੀ ਦਬਾਅ ਬਣਾਇਆ ਹੋਇਆ ਹੈ। ਸ੍ਰੀ ਖਹਿਰਾ ਦੀ ਹਮਾਇਤ ਵਿੱਚ 19 ਵਿਧਾਇਕਾਂ ਵੱਲੋਂ ਪ੍ਰੈੱਸ ਬਿਆਨ ਜਾਰੀ ਕੀਤਾ ਗਿਆ। ਇਨ੍ਹਾਂ ਵਿੱਚ ਐਚ ਐਸ ਫੂਲਕਾ, ਪਾਰਟੀ ਦੇ ਸਹਿ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ, ਵਿਧਾਨ ਸਭਾ ਵਿੱਚ ਉਪ ਨੇਤਾ ਸਰਬਜੀਤ ਕੌਰ ਮਾਣੂਕੇ, ਕੰਵਰ ਸੰਧੂ, ਨਾਜਰ ਸਿੰਘ ਮਾਨਸ਼ਾਹੀਆ, ਪ੍ਰਿੰਸੀਪਲ ਬੁੱਧਰਾਮ, ਗੁਰਮੀਤ ਹੇਅਰ, ਜਗਦੇਵ ਸਿੰਘ ਕਮਾਲੂ, ਮਾਸਟਰ ਬਲਦੇਵ ਸਿੰਘ, ਰੁਪਿੰਦਰ ਕੌਰ ਰੂਬੀ, ਅਮਰਜੀਤ ਸਿੰਘ ਸੰਦੋਆ, ਜਗਤਾਰ ਸਿੰਘ ਹੀਸੋਵਾਲ, ਪਿਰਮਲ ਸਿੰਘ ਖਾਲਸਾ, ਕੁਲਵੰਤ ਸਿੰਘ ਪੰਡੋਰੀ, ਜੈ ਕਿਸ਼ਨ ਸਿੰਘ ਰੋੜੀ, ਮਨਜੀਤ ਸਿੰਘ ਬਿਲਾਸਪੁਰ ਅਤੇ ਹਰਪਾਲ ਸਿੰਘ ਚੀਮਾ ਦੇ ਨਾਮ ਸ਼ਾਮਲ ਹਨ। ਲੋਕ ਇਨਸਾਫ ਪਾਰਟੀ ਦੇ ਦੋ ਵਿਧਾਇਕਾਂ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਦੇ ਨਾਮ ਵੀ ਇਸ 'ਚ ਸ਼ਾਮਲ ਹਨ। ਦੋ ਵਿਧਾਇਕਾਂ ਪ੍ਰੋਫੈਸਰ ਬਲਜਿੰਦਰ ਕੌਰ ਅਤੇ ਕੁਲਤਾਰ ਸਿੰਘ ਸੰਧਵਾਂ ਦੇ ਨਾਮ ਇਸ ਪ੍ਰੈੱਸ ਬਿਆਨ 'ਚ ਸ਼ਾਮਲ ਨਹੀਂ ਹਨ। ਵਿਧਾਇਕਾਂ ਵੱਲੋਂ ਜਾਰੀ ਬਿਆਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸ੍ਰੀ ਖਹਿਰਾ ਨੂੰ ਸਿਆਸੀ ਬਦਲਾਖੋਰੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਸ੍ਰੀ ਖਹਿਰਾ ਅਤੇ ਇਕ ਮੁਲਜ਼ਮ ਦਰਮਿਆਨ ਫੋਨ 'ਤੇ ਹੋਈ ਗੱਲਬਾਤ ਦੇ ਰਿਕਾਰਡ ਨੂੰ ਗਲਤ, ਫਰਜ਼ੀ ਅਤੇ ਝੂਠਾ ਕਰਾਰ ਦਿੱਤਾ ਹੈ। ਬਿਆਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਅਧਿਕਾਰੀਆਂ ਰਾਹੀਂ ਸ੍ਰੀ ਖਹਿਰਾ ਨੂੰ ਫਸਾਉਣ ਦੀ ਸਾਜ਼ਿਸ਼ ਘੜੀ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਹਾਈ ਕੋਰਟ ਵਿੱਚ ਸ੍ਰੀ ਖਹਿਰਾ ਨੂੰ ਇਨਸਾਫ਼ ਮਿਲੇਗਾ। ਇਸ ਸਬੰਧ 'ਚ ਜਦੋਂ ਪੰਜਾਬ ਦੇ ਸਹਿ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ਨਸ਼ਿਆਂ ਖ਼ਿਲਾਫ਼ ਸਭ ਤੋਂ ਵੱਡੀ ਮੁਹਿੰਮ ਚਲਾਈ ਗਈ ਹੈ, ਜਿਸ ਕਾਰਨ ਇਸ ਮੁੱਦੇ ਉਪਰ ਕਿਸੇ ਤਰ੍ਹਾਂ ਦਾ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਖੁਦ ਸ੍ਰੀ ਕੇਜਰੀਵਾਲ ਪੰਜਾਬੀਆਂ ਲਈ ਮਾਣਹਾਨੀ ਦੇ ਕੇਸ ਭੁਗਤ ਰਹੇ ਹਨ। ਵਿਧਾਇਕ ਕੁਲਤਾਰ ਸਿੰਘ ਸੰਧਵਾਂ ਅਤੇ ਅਮਰਜੀਤ ਸਿੰਘ ਸੰਦੋਆ ਨੇ ਸਪੱਸ਼ਟ ਕੀਤਾ ਕਿ ਬਿਆਨ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਅਤੇ ਉਂਜ ਵੀ ਇਹ ਮਾਮਲਾ ਅਦਾਲਤ ਦੇ ਵਿਚਾਰਾਧੀਨ ਹੈ ਜਿਸ ਕਾਰਨ ਉਹ ਕੁਝ ਨਹੀਂ ਆਖ ਸਕਦੇ। ਉਨ੍ਹਾਂ ਕਿਹਾ ਕਿ ਪਾਰਟੀ ਦਾ ਡਰੱਗਜ਼ ਦੇ ਮੁੱਦੇ ਉਪਰ ਭੋਰਾ ਵੀ ਸਮਝੌਤਾ ਨਾ ਕਰਨ ਦਾ ਬੜਾ ਸਪੱਸ਼ਟ ਸਟੈਂਡ ਹੈ। ਦੂਸਰੇ ਪਾਸੇ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਖਹਿਰਾ ਦੇ ਮਾਮਲੇ ਬਾਰੇ ਪਾਰਟੀ ਨੇ ਕਾਨੂੰਨੀ ਸਲਾਹਕਾਰਾਂ ਕੋਲੋਂ ਰਾਏ ਮੰਗੀ ਹੈ। ਪਾਰਟੀ ਆਸ ਕਰਦੀ ਹੈ ਕਿ ਸ੍ਰੀ ਖਹਿਰਾ ਇਸ ਮਾਮਲੇ ਵਿੱਚੋਂ ਪਾਕ-ਸਾਫ ਨਿਕਲਣਗੇ। ਉਨ੍ਹਾਂ ਕਿਹਾ ਕਿ ਇਸ ਪਿੱਛੇ ਸਿਆਸੀ ਕਿੜ ਕੱਢਣ ਦੀ ਸਾਜ਼ਿਸ਼ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## ਖਹਿਰਾ ਦੇ ਮਾਮਲੇ ਤੋਂ ਬਲਜਿੰਦਰ ਕੌਰ ਤੇ ਰੂਬੀ ਮਿਹਣੋ ਮਿਹਣੀ

**ਚੰਡੀਗੜ੍ਹ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ (ਆਪ) ਆਗੂ ਸੁਖਪਾਲ ਸਿੰਘ ਖਹਿਰਾ ਨੂੰ ਡਰੱਗ ਕੇਸ 'ਚ ਹਾਈ ਕੋਰਟ 'ਚੋਂ ਕੁੱਝ ਰਾਹਤ ਮਿਲੀ ਹੈ ਪਰ ਪਾਰਟੀ 'ਚ ਇਸ ਮਸਲੇ 'ਤੇ ਕਲੇਸ਼ ਜਾਰੀ ਹੈ। ਇਸ ਮੁੱਦੇ 'ਤੇ ਸੋਮਵਾਰ ਨੂੰ 'ਆਪ' ਦੀਆਂ ਦੋ ਵਿਧਾਇਕ ਬੀਬੀਆਂ ਦਰਮਿਆਨ ਟਕਰਾਅ ਹੋ ਗਿਆ। ਦੱਸਣਯੋਗ ਹੈ ਕਿ ਸ੍ਰੀ ਖਹਿਰਾ ਦੇ ਮਾਮਲੇ 'ਚ ਹਾਈਕਮਾਂਡ ਪੂਰੀ ਤਰ੍ਹਾਂ ਖ਼ਾਮੋਸ਼ ਹੈ ਅਤੇ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਇਸ ਮਸਲੇ 'ਤੇ ਕਾਨੂੰਨੀ ਸਲਾਹ ਲੈਣ ਦੀ ਗੱਲ ਕਹਿ ਕੇ ਪੱਲਾ ਝਾੜ ਲਿਆ ਹੈ। ਬਠਿੰਡਾ (ਦਿਹਾਤੀ) ਤੋਂ 'ਆਪ' ਵਿਧਾਇਕਾ ਰੁਪਿੰਦਰ ਕੌਰ ਰੂਬੀ ਅਤੇ ਤਲਵੰਡੀ ਸਾਬੋ ਤੋਂ ਵਿਧਾਇਕਾ ਪ੍ਰੋ: ਬਲਜਿੰਦਰ ਕੌਰ ਦਰਮਿਆਨ ਸ਼ਬਦੀ ਜੰਗ ਸ਼ੁਰੂ ਹੋ ਗਈ ਹੈ। ਵਿਧਾਇਕਾ ਰੂਬੀ ਨੇ ਕਿਹਾ ਕਿ ਜੇ ਇਸ ਮੌਕੇ ਸ੍ਰੀ ਖਹਿਰਾ ਦਾ ਅਸਤੀਫਾ ਲੈਣਾ ਬਣਦਾ ਹੈ ਤਾਂ ਫਿਰ ਪ੍ਰੋ.ਬਲਜਿੰਦਰ ਕੌਰ ਨੂੰ ਵੀ ਅਸਤੀਫਾ ਦੇਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਉਪਰ ਵੀ ਦੋ ਵੋਟਾਂ ਬਣਾਉਣ ਦੇ ਦੋਸ਼ ਲੱਗੇ ਹਨ। ਪ੍ਰੋ. ਬਲਜਿੰਦਰ ਕੌਰ ਨੇ ਸ੍ਰੀ ਖਹਿਰਾ ਦਾ ਅਸਤੀਫਾ ਮੰਗ ਕੇ ਅਜਿਹਾ ਪ੍ਰਭਾਵ ਦਿੱਤਾ ਹੈ ਜਿਵੇਂ ਉਹ ਅਕਾਲੀ ਦਲ ਜਾਂ ਕਾਂਗਰਸ ਦੇ ਹੱਕ 'ਚ ਬੋਲ ਰਹੇ ਹੋਣ। ਰੂਬੀ ਨੇ ਕਿਹਾ ਕਿ ਪ੍ਰੋ. ਬਲਜਿੰਦਰ ਕੌਰ ਵਿਰੋਧੀ ਧਿਰ ਦੀ ਆਗੂ ਬਣਨਾ ਚਾਹੁੰਦੀ ਹੈ ਪਰ ਮੁਸੀਬਤ ਦੀ ਘੜੀ 'ਚ ਉਨ੍ਹਾਂ ਨੂੰ ਸ੍ਰੀ ਖਹਿਰਾ ਨਾਲ ਖੜ੍ਹਨਾ ਚਾਹੀਦਾ ਹੈ। ਦੂਜੇ ਪਾਸੇ ਬਲਜਿੰਦਰ ਕੌਰ ਨੇ ਕਿਹਾ ਕਿ ਰੂਬੀ ਨੇ ਬੜਾ ਬਚਗਾਨਾ ਬਿਆਨ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਤਾਂ ਆਪਣੇ ਬਿਆਨ 'ਚ ਕੇਵਲ ਡਰੱਗ ਦੇ ਮੁੱਦੇ 'ਤੇ ਪਾਰਟੀ ਦੀ ਵਿਚਾਰਧਾਰਾ ਦਾ ਜ਼ਿਕਰ ਕੀਤਾ ਸੀ। ਉਸ ਦੀ ਸ੍ਰੀ ਖਹਿਰਾ ਨਾਲ ਕੋਈ ਨਿੱਜੀ ਲੜਾਈ ਨਹੀਂ ਹੈ ਅਤੇ ਉਨ੍ਹਾਂ (ਬਲਜਿੰਦਰ) ਦੀ ਵਿਰੋਧੀ ਧਿਰ ਦੀ ਆਗੂ ਬਣਨ ਦੀ ਕੋਈ ਇੱਛਾ ਨਹੀਂ ਹੈ। ਪਾਰਟੀ ਦੇ ਬੁਲਾਰੇ ਜਗਤਾਰ ਸਿੰਘ ਸੰਘੇੜਾ ਨੇ ਕਿਹਾ ਕਿ ਪਾਰਟੀ ਦੇ ਕਈ ਆਗੂ ਆਪਣੀ ਲਾਲਸਾ ਲਈ ਸ੍ਰੀ ਖਹਿਰਾ ਦਾ ਅਸਤੀਫਾ ਮੰਗ ਰਹੇ ਹਨ, ਜੋ ਠੀਕ ਨਹੀਂ ਹੈ। ਸ੍ਰੀ ਖਹਿਰਾ ਭ੍ਰਿਸ਼ਟਾਚਾਰ ਵਿਰੁੱਧ ਲੜ ਰਹੇ ਹਨ ਤੇ ਪਾਰਟੀ ਵਿੱਚੋਂ ਉੱਠ ਰਹੀਆਂ ਵਿਰੋਧੀ ਸੁਰਾਂ ਖ਼ਤਰਨਾਕ ਹਨ, ਜਿਸ ਨਾਲ ਪਾਰਟੀ ਨੂੰ ਨੁਕਸਾਨ ਹੋਵੇਗਾ। ਪੰਜਾਬ ਵਿੱਚ ਦਿੱਲੀ ਦੀ ਲੀਡਰਸ਼ਿਪ ਨੇੜਲੀ ਟੀਮ ਪੂਰੀ ਸਰਗਰਮ ਹੈ। ਦਰਅਸਲ ਪੰਜਾਬ ਵਿਧਾਨ ਸਭਾ ਚੋਣਾਂ ਹਾਰਨ ਬਾਅਦ ਸ੍ਰੀ ਖਹਿਰਾ ਨੇ ਹਾਈ-ਕਮਾਂਡ ਖ਼ਿਲਾਫ਼ ਭੜਾਸ ਕੱਢੀ ਸੀ ਅਤੇ ਕਈ ਕੇਂਦਰੀ ਆਗੂਆਂ 'ਤੇ ਉਂਗਲ ਉਠਾਈ ਸੀ। ਇਸ ਕਾਰਨ ਦਿੱਲੀ ਦਰਬਾਰ ਨੇੜੇ ਮੰਨੀ ਜਾਂਦੀ ਪੰਜਾਬ ਦੀ ਲੀਡਰਸ਼ਿਪ ਹੁਣ ਸ੍ਰੀ ਖਹਿਰਾ ਦਾ ਅਸਤੀਫਾ ਮੰਗਣ ਲੱਗੀ ਹੈ। ਸ੍ਰੀ ਖਹਿਰਾ ਨੇ ਹਾਈ ਕੋਰਟ 'ਚ ਸੁਣਵਾਈ ਬਾਅਦ ਸੰਕੇਤ ਦਿੱਤਾ ਕਿ ਉਨ੍ਹਾਂ ਖ਼ਿਲਾਫ਼ ਘੜੀ ਗਈ ਇਸ ਸਾਜ਼ਿਸ਼ 'ਚ ਉਨ੍ਹਾਂ ਦੀ ਪਾਰਟੀ ਦੇ ਕੁੱਝ ਲੋਕ ਵੀ ਸ਼ਾਮਲ ਹਨ। ਸੂਤਰਾਂ ਅਨੁਸਾਰ 'ਆਪ' ਹਾਈਕਮਾਂਡ ਅਤੇ ਪੰਜਾਬ ਲੀਡਰਸ਼ਿਪ 9 ਨਵੰਬਰ ਨੂੰ ਹਾਈ ਕੋਰਟ ਵਿੱਚ ਇਸ ਕੇਸ 'ਤੇ ਹੋਣ ਵਾਲੀ ਸੁਣਵਾਈ ਦੀ ਉਡੀਕ ਕਰ ਰਹੀ ਹੈ।


ਬਲਜਿੰਦਰ ਕੌਰ


ਰੁਪਿੰਦਰ ਕੌਰ ਰੂਬੀ

# 'ਆਪ' ਨੂੰ ਮਹਿੰਗੀ ਪੈ ਸਕਦੀ ਹੈ ਪਾਰਟੀ ਦੇ ਅੰਦਰੋਂ ਸੁਖਪਾਲ ਖਹਿਰਾ ਦੀ ਮੁਖ਼ਾਲਫ਼ਤ

**ਚੰਡੀਗੜ੍ਹ/ਗੁਰਪ੍ਰੀਤ ਸਿੰਘ ਮੰਡਿਆਣੀ:** ਪੰਜਾਬ 'ਚ ਆਮ ਆਦਮੀ ਪਾਰਟੀ ਬੜੇ ਨਾਜ਼ੁਕ ਦੌਰ ਵਿਚ ਦਾਖ਼ਲ ਹੋ ਰਹੀ ਹੈ। ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦਿਓਂ ਲਾਹੁਣ ਦੀ ਮੁਹਿੰਮ ਵਿਚ ਅਕਾਲੀ ਦਲ (ਬਾਦਲ), ਉਸਦੀ ਭਾਈਵਾਲ ਭਾਜਪਾ ਅਤੇ ਸੱਤਾਧਾਰੀ ਕਾਂਗਰਸ ਦੇ ਨਾਲ ਜਿਵੇਂ ਆਪ ਦੇ ਵਿਧਾਇਕ ਵੀ ਅਸਿੱਧੇ ਤੌਰ ਉੱਤੇ ਸ਼ਾਮਲ ਹੋਏ ਨੇ ਇਹੀ ਨਾਜ਼ੁਕਤਾ ਦੀ ਵਜ੍ਹਾ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਮੀਤ ਪ੍ਰਧਾਨ ਅਮਨ ਅਰੋੜਾ ਅਤੇ ਬੀਬੀ ਬਲਜਿੰਦਰ ਕੌਰ ਨੇ ਪ੍ਰੈਸ ਕਾਨਫਰੰਸ ਰਾਹੀਂ ਸਿੱਧੇ ਇਸ਼ਾਰੇ ਕੀਤੇ ਨੇ ਕਿ ਅਸੀਂ ਖਹਿਰਾ ਨੂੰ ਅਹੁਦੇ ਤੋਂ ਲਾਹੁਣਾ ਚਾਹੁੰਦੇ ਹਾਂ। ਚਲੋ ਜੇ ਪੰਜਾਬ ਦੇ ਕੁਝ ਆਗੂਆਂ ਵੱਲੋਂ ਖਹਿਰਾ ਦੇ ਖਿਲਾਫ਼ ਆਪ ਦੇ ਖਿਆਲਾਂ ਦਾ ਇਜ਼ਹਾਰ ਕੀਤਾ ਜਾਂਦਾ ਤਾਂ ਮਾਮਲੇ ਨੂੰ ਆਪਸੀ ਧੜੇਬੰਦੀ ਦਾ ਨਾਮ ਦਿੱਤਾ ਜਾ ਸਕਦਾ ਸੀ। ਪਰ ਇਸ ਮੁਹਿੰਮ ਵਿਚ ਆਪ ਹਾਈਕਮਾਂਡ ਦੇ ਉਘੇ ਆਗੂਆਂ ਵੱਲੋਂ ਸ਼ਾਮਲ ਹੋਣ ਦੀਆਂ ਸਪੱਸ਼ਟ ਕਨਸੋਆਂ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਸਿਰਫ਼ ਪੰਜਾਬ ਦੇ ਧੜੇਬੰਦਕ ਲੜਾਈ ਨਹੀਂ ਬਲਕਿ ਹਾਈਕਮਾਂਡ ਵੀ ਸੁਖਪਾਲ ਖਹਿਰਾ ਨੂੰ ਪਸੰਦ ਨਹੀਂ ਕਰ ਰਹੀ। ਇਹੀ ਗੱਲ ਇਸ ਸਾਰੇ ਮਾਮਲੇ ਨੂੰ ਨਾਜ਼ੁਕ ਬਣਾਉਂਦੀ ਹੈ। ਸੁਖਪਾਲ ਸਿੰਘ ਖਹਿਰਾ ਨੂੰ ਅਦਾਲਤ ਵਲੋਂ ਮਹਿਜ਼ ਸੰਮਨ ਭੇਜੇ ਜਾਣ ਨਾਲ ਆਮ ਆਦਮੀ ਪਾਰਟੀ 'ਤੇ ਕੋਈ ਅਜਿਹਾ ਬੋਝ ਨਹੀਂ ਸੀ ਪੈ ਗਿਆ ਕਿ ਉਹ ਖਹਿਰਾ ਨੂੰ ਵਿਧਾਇਕ ਪਾਰਟੀ ਦੇ ਆਗੂ ਦੇ ਅਹੁਦੇ ਤੋਂ ਲਾਹੁਣ ਲਈ ਮਜ਼ਬੂਰ ਹੁੰਦੇ। ਕਿਉਂਕਿ ਕਾਂਗਰਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਦਾਲਤੀ ਸੰਮਨਾਂ ਤੋਂ ਬਾਅਦ ਕੇਸਾਂ ਵਿਚ ਬਕਾਇਦਾ ਪੇਸ਼ੀਆਂ ਭੁਗਤ ਰਹੇ ਹਨ। ਸ਼੍ਰੋਮਣੀ ਅਕਲੀ ਦਲ (ਬਾਦਲ) ਦੇ ਉਸ ਵੇਲੇ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਅਦਾਲਤਾਂ ਵਿਚ ਦੋਸ਼ ਤੈਅ ਹੋਣ ਤੋਂ ਬਾਅਦ ਬਕਾਇਦਾ ਵਜ਼ਾਰਤੀ ਸੌਂਹਾਂ ਚੁੱਕੀਆਂ ਸਨ। ਇਨ੍ਹਾਂ ਸਿਆਸੀ ਦਲਾਂ ਦੇ ਦਬਾਅ ਥੱਲ੍ਹੇ ਆਉਣ ਦੀ ਕੋਈ ਮਜ਼ਬੂਰੀ ਨਹੀਂ ਸੀ। ਆਪ ਦੇ ਪ੍ਰਧਾਨ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਖ਼ੁਦ ਵੀ ਸੰਮਨਾਂ ਤੋਂ ਬਾਅਦ ਵਿਕਰਮ ਸਿੰਘ ਮਜੀਠੀਆਂ ਵੱਲੋਂ ਕੀਤੇ ਇਸਤਗਾਸੇ 'ਚ ਅਦਾਲਤੀ ਤਰੀਕਾਂ ਭੁਗਤ ਰਹੇ ਹਨ। ਸੰਮਨਾਂ ਦਾ ਬਹਾਨਾ ਬਣਾ ਕੇ ਆਮ ਆਦਮੀ ਪਾਰਟੀ ਹਾਈ ਕਮਾਂਡ ਦੀ ਸਪੱਸ਼ਟ ਸ਼ਹਿ 'ਤੇ ਪੰਜਾਬ ਦੇ ਕੁਝ ਸੀਨੀਅਰ ਆਗੂਆਂ ਦਾ ਖਹਿਰਾ ਨੂੰ ਟੁੱਟ ਕੇ ਪੈਣਾ ਸਾਬਤ ਕਰਦਾ ਹੈ ਕਿ ਉਹ ਖਹਿਰਾ ਦੇ ਖਿਲਾਫ਼ ਪਹਿਲਾਂ ਤੋਂ ਹੀ ਕਿਸੇ ਬਹਾਨੇ ਦੀ ਉਡੀਕ ਵਿਚ ਸਨ। ਵਿਰੋਧੀ ਧਿਰ ਦੇ ਆਗੂ ਬਣਨ ਤੋਂ ਪਹਿਲਾਂ ਵੀ ਖਹਿਰਾ ਜਿੰਨੇ ਤਿੱਖੇ ਅੰਦਾਜ਼ ਵਿਚ ਬਾਦਲਾਂ ਅਤੇ ਅਮਰਿੰਦਰ ਸਿੰਘ ਦੇ ਖਿਲਾਫ਼ ਬਿਆਨਬਾਜ਼ੀ ਕਰਦਾ ਸੀ ਪੰਜਾਬ ਦਾ ਕੋਈ ਆਗੂ ਉਹਦੇ ਨੇੜੇ-ਤੇੜੇ ਵੀ ਨਹੀਂ ਸੀ ਢੁੱਕਦਾ। ਵਿਰੋਧੀ ਧਿਰ ਦਾ ਆਗੂ ਬਣਨ ਤੋਂ ਬਾਅਦ ਜਿਸ ਤਰੀਕੇ ਨਾਲ ਪੰਜਾਬ ਸਰਕਾਰ ਨੂੰ ਅਮਰਿੰਦਰ ਸਿੰਘ ਤੇ ਬਾਦਲਾਂ ਦੀ ਸਾਂਝੀ ਸਰਕਾਰ ਸਾਬਤ ਕਰਨ ਵਾਸਤੇ ਹਰੇਕ ਚੜ੍ਹੇ ਦਿਨ ਨਵੇਂ ਤੋਂ ਨਵੇਂ ਚਿੱਠੇ ਪੇਸ਼ ਕਰ ਰਿਹਾ ਸੀ ਉਹਦੇ ਨਾਲ ਅਮਰਿੰਦਰ ਸਿੰਘ ਤੇ ਬਾਦਲਾਂ ਨੂੰ ਇਕੋ ਜਿੰਨਾ ਨੁਕਸਾਨ ਹੋ ਰਿਹਾ ਸੀ। ਅਖ਼ੀਰ ਵਿਚ ਦੋਵਾਂ ਧਿਰਾਂ ਨੂੰ ਪੈਣ ਵਾਲੇ ਇਸ ਘਾਟੇ ਦਾ ਫਾਇਦਾ ਆਮ ਆਦਮੀ ਨੂੰ ਮਿਲਣਾ ਤੈਅ ਸੀ। ਸੋ ਬਾਦਲਾਂ ਤੇ ਅਮਰਿੰਦਰ ਸਿੰਘ ਵਲੋਂ ਖਹਿਰਾ ਦੀ ਮੁਖਾਲਫ਼ਤ ਤਾਂ ਸਿੱਧੀ ਸਮਝ ਵਿਚ ਆਉਂਦੀ ਸੀ ਪਰ ਆਪ' ਆਗੂਆਂ ਵਲੋਂ ਸੁਖਪਾਲ ਖਹਿਰਾ ਦੇ ਮਾਮਲੇ ਵਿਚ ਬਾਦਲਾਂ ਤੇ ਅਮਰਿੰਦਰ ਸਿੰਘ ਦੇ ਮੋਢੇ ਨਾਲ ਮੋਢਾ ਜੋੜਨ ਦੇ ਜੋ ਸਿਆਸੀ ਅਰਥ ਕੱਢੇ ਜਾਣ ਦੀ ਉਮੀਦ ਹੈ ਉਹ ਆਮ ਆਦਮੀ ਪਾਰਟੀ ਵਾਸਤੇ ਘਾਤਕ ਹੋਣਗੇ।
(ਸਿੱਖ ਸਿਆਸਤ ਬਿਊਰੋ ਤੋਂ ਧੰਨਵਾਦ ਸਹਿਤ)

# ਪੁਲਿਸ ਸੁਖਪਾਲ ਖਹਿਰਾ ਨੂੰ ਤੁਰੰਤ ਗ੍ਰਿਫਤਾਰ ਕਰੇ : ਬੀਬੀ ਜਗੀਰ ਕੌਰ

**ਜਲੰਧਰ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ( ਬਾਦਲ) ਦੀ ਸੀਨੀਅਰ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਗ੍ਰਿਫ਼ਤਾਰ ਕਰਨ ਅਤੇ ਉਨ੍ਹਾਂ ਵਿਰੁੱਧ ਪੁਲਿਸ ਸਪਲੀਮੈਂਟਰੀ ਚਲਾਨ ਪੇਸ਼ ਕਰਨ ਦੀ ਮੰਗ ਕੀਤੀ ਹੈ। ਬੀਤੇ ਦਿਨ ਇੱਥੇ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਫਾਜ਼ਿਲਕਾ ਅਦਾਲਤ ਦੀ ਉਸ ਹੁਕਮ ਦੀ ਕਾਪੀ ਵੀ ਦਿਖਾਈ, ਜਿਸ ਵਿੱਚ ਸੁਖਪਾਲ ਸਿੰਘ ਖਹਿਰਾ ਨੂੰ ਧਾਰਾ 319 ਤਹਿਤ ਤਲਬ ਕੀਤਾ ਗਿਆ ਹੈ। ਬੀਬੀ ਜਗੀਰ ਕੌਰ ਨੇ ਸੂਬਾ ਸਰਕਾਰ 'ਤੇ ਖਹਿਰਾ ਦੀ ਮਦਦ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਜਦੋਂ ਨਸ਼ਿਆਂ ਦੇ ਮਾਮਲੇ ਵਿੱਚ ਇੰਨੇ ਗੰਭੀਰ ਦੋਸ਼ਾਂ



ਤਹਿਤ ਖਹਿਰਾ ਨੂੰ ਸੰਮਨ ਕੀਤਾ ਗਿਆ ਹੈ ਤਾਂ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕਰ ਰਹੀ ਤੇ ਨਾ ਹੀ ਉਨ੍ਹਾਂ ਵਿਰੁੱਧ ਚਲਾਨ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਇਹ ਜਾਂਚ ਵੀ ਕਰਨੀ ਚਾਹੀਦੀ ਹੈ ਕਿ ਸੁਖਪਾਲ ਸਿੰਘ ਖਹਿਰਾ ਦੀਆਂ ਤਾਰਾਂ ਵਿਦੇਸ਼ਾਂ ਵਿੱਚ ਕਿੱਥੇ-ਕਿੱਥੇ ਜੁੜੀਆਂ ਹੋਈਆਂ ਹਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਨਸ਼ਿਆਂ ਦੇ ਮਾਮਲੇ ਵਿੱਚ ਸੁਖਪਾਲ ਸਿੰਘ ਖਹਿਰਾ ਦਾ ਜਿਹੜਾ ਨਜ਼ਦੀਕੀ ਗੁਰਦੇਵ ਸਿੰਘ ਦੇਬੀ ਫੜਿਆ ਗਿਆ ਸੀ, ਉਸ ਨੂੰ ਅਦਾਲਤ ਨੇ ਸਜ਼ਾ ਵੀ ਸੁਣਾ ਦਿੱਤੀ ਹੈ।
ਬੀਬੀ ਜਗੀਰ ਕੌਰ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਨੈਤਿਕਤਾ ਦੇ ਅਧਾਰ 'ਤੇ ਹਰੇਕ ਤੋਂ ਅਸਤੀਫ਼ਾ ਮੰਗਦੇ ਸਨ ਪਰ ਹੁਣ ਉਨ੍ਹਾਂ ਦੀ ਨੈਤਿਕਤਾ ਕਿੱਥੇ ਗਈ ਹੈ। ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਏਪੁਰ, ਕੁਲਵੰਤ ਸਿੰਘ ਮੰਨਣ, ਰਣਜੀਤ ਸਿੰਘ ਕਾਹਲੋਂ, ਸਵਰਣ ਸਿੰਘ ਜੋਸ਼ ਹਾਜ਼ਰ ਸਨ।

## ਬਲਾਤਕਾਰੀ ਸਾਧ ਖਿਲਾਫ਼ ਹੁਣ ਵਿਦੇਸ਼ ਵਿਭਾਗ ਕਸੇਗਾ ਸਿਕੰਜਾ

### ਅੰਬਾਲਾ ਪਾਸਪੋਰਟ ਦਫ਼ਤਰ ਤੋਂ ਬਾਬੇ ਦੇ 2 ਪਾਸਪੋਰਟਾਂ ਦੀ ਪੋਲ ਖੁਲ੍ਹੀ

**ਅੰਬਾਲਾ ਸ਼ਹਿਰ/ਬਿਊਰੋ ਨਿਊਜ਼;** ਰੋਹਤਕ ਜੇਲ੍ਹ 'ਚ ਬੰਦ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਗੁਨਾਹਾਂ ਦੀ ਲਿਸਟ 'ਚ ਇਕ ਹੋਰ ਨਵੇਂ ਮਾਮਲੇ ਦਾ ਖੁਲਾਸਾ ਹੋਇਆ ਹੈ। ਮਾਮਲੇ ਦਾ ਰਾਜ ਉਸ ਵੇਲੇ ਖੁੱਲ੍ਹਾ ਜਦੋਂ ਤਲਾਸ਼ੀ ਦੌਰਾਨ ਪੁਲਿਸ ਨੂੰ ਮਿਲੇ ਡੇਰਾ ਮੁਖੀ ਦੇ 2 ਵੱਖ-ਵੱਖ ਫੋਟੋਆਂ ਵਾਲੇ ਪਾਸਪੋਰਟਾਂ ਦੀ ਜਾਂਚ ਲਈ ਅੰਬਾਲਾ ਪਾਸਪੋਰਟ ਦਫ਼ਤਰ ਦਾ ਰਿਕਾਰਡ ਖੰਗਾਲਿਆ ਗਿਆ, ਜਿਥੋਂ ਡੇਰਾ ਮੁਖੀ ਨੇ ਇਸੇ ਸਾਲ ਆਪਣਾ ਪਾਸਪੋਰਟ ਜਾਰੀ ਕਰਵਾਇਆ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ 2015 'ਚ ਡੇਰਾ ਮੁਖੀ ਨੂੰ ਜਿਹੜਾ ਪਾਸਪੋਰਟ ਜਾਰੀ ਹੋਇਆ ਸੀ ਉਸ 'ਚ ਉਸ ਨੇ ਸਿਰ 'ਤੇ ਟੋਪੀ ਪਾਈ ਹੋਈ ਸੀ ਜਦਕਿ ਇਸ ਵਰ੍ਹੇ 2017 'ਚ ਬਣਵਾਏ ਆਪਣੇ ਪਾਸਪੋਰਟ ਵਾਲੀ ਫੋਟੋ 'ਚ ਉਸ ਨੇ ਟੋਪੀ ਨਹੀਂ ਪਾਈ ਹੋਈ। ਇਸ ਤੋਂ ਇਲਾਵਾ ਇਸ ਵਾਰ ਡੇਰਾ ਮੁਖੀ ਨੇ ਪਾਸਪੋਰਟ 'ਚ ਆਪਣਾ ਨਾਂਅ ਵੀ ਗੁਰਮੀਤ ਸਿੰਘ ਦੀ ਬਜਾਏ ਸੰਤ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦਰਜ ਕਰਵਾਇਆ ਹੈ ਜਦਕਿ ਕਾਨੂੰਨ ਮੁਤਾਬਿਕ ਕੋਈ ਵੀ ਭਾਰਤ ਵਾਸੀ ਪਾਸਪੋਰਟ 'ਚ ਦਰਜ ਕਰਵਾਏ ਆਪਣੇ ਨਾਂਅ ਅੱਗੇ ਸੰਤ, ਡਾਕਟਰ, ਪ੍ਰੋਫੈਸਰ ਜਾਂ ਕੋਈ ਹੋਰ ਉਪਾਧੀ ਨਹੀਂ ਲਾ ਸਕਦਾ। ਵਿਦੇਸ਼ ਵਿਭਾਗ ਇਸ ਗੱਲ ਦੀ ਵੀ ਜਾਂਚ ਪੜਤਾਲ ਕਰ ਰਿਹਾ ਹੈ ਕਿ ਅੰਬਾਲਾ ਪਾਸਪੋਰਟ ਦਫ਼ਤਰ ਵਲੋਂ ਸਾਰੇ ਕਾਇਦੇ ਕਾਨੂੰਨ ਤੋੜ ਕੇ ਦੂਸਰੇ ਬਿਨੈਕਾਰਾਂ ਨੂੰ ਨਜ਼ਰਅੰਦਾਜ ਕਰਦਿਆਂ ਸਿਰਫ਼ ਅੱਧੇ ਘੰਟੇ ਦੇ ਅੰਦਰ ਹੀ ਡੇਰਾ ਮੁਖੀ ਨੂੰ ਪਾਸਪੋਰਟ ਕਿਵੇਂ ਜਾਰੀ ਕਰ ਦਿੱਤਾ ਗਿਆ।

# ਅਕਾਲੀਆਂ ਵੱਲੋਂ ਅਰਵਿੰਦ ਕੇਜਰੀਵਾਲ ਦੇ ਘਰ ਦਾ ਘਿਰਾਓ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਅਤੇ ਆਗੂਆਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਦਾ ਘਿਰਾਓ ਕੀਤਾ ਅਤੇ ਰੋਸ ਧਰਨਾ ਵੀ ਦਿੱਤਾ। ਇਸ ਮੌਕੇ ਧਰਨਾਕਾਰੀਆਂ ਨੂੰ ਖਦੇੜਨ ਲਈ ਪੁਲੀਸ ਨੇ ਲਾਠੀਚਾਰਜ ਕੀਤਾ ਅਤੇ ਜਲ ਤੋਪਾਂ ਦੇ ਮੂੰਹ ਵੀ ਖੋਲ੍ਹੇ। ਇਹ ਰੋਸ ਮੁਜ਼ਾਹਰਾ 'ਆਪ' ਲੀਡਰਸ਼ਿਪ ਵੱਲੋਂ ਪੰਜਾਬ ਵਿਚ ਨਸ਼ਿਆਂ ਬਾਰੇ ਕੂੜ ਪ੍ਰਚਾਰ ਕਰਨ ਅਤੇ ਸੁਖਪਾਲ ਸਿੰਘ ਖਹਿਰਾ ਜਿਨ੍ਹਾਂ ਨੂੰ ਫਾਜ਼ਿਲਕਾ ਦੀ ਅਦਾਲਤ ਵੱਲੋਂ ਨਸ਼ਿਆਂ ਦੀ ਤਸਕਰੀ ਦੇ ਕੇਸ ਵਿਚ ਤਲਬ ਕੀਤਾ ਹੈ, ਦੇ ਮਾਮਲੇ ਵਿਚ ਧਾਰੀ ਚੁੱਪ 'ਤੇ ਕੀਤਾ ਗਿਆ। ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਕਿਹਾ ਕਿ ਤਾਕਤ ਦੀ ਵਰਤੋਂ ਪੰਜਾਬੀਆਂ ਦੀ ਆਵਾਜ਼ ਨਹੀਂ ਦਬਾ ਸਕਦੀ। ਮਨਜਿੰਦਰ ਸਿੰਘ ਸਿਰਸਾ ਨੇ ਸ੍ਰੀ ਕੇਜਰੀਵਾਲ ਨੂੰ ਸਵਾਲ ਕੀਤਾ ਕਿ ਉਹ ਸ੍ਰੀ ਖਹਿਰਾ ਖਿਲਾਫ ਕਾਰਵਾਈ ਤੋਂ ਕਿਉਂ ਡਰ ਰਹੇ ਹਨ? ਇਸ ਮੌਕੇ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਹਿਤ ਅਤੇ ਹੋਰ ਮੌਜੂਦ ਸਨ।


ਪੁਲੀਸ ਵੱਲੋਂ ਚਲਾਈਆਂ ਜਲਤੋਪਾਂ ਦਰਮਿਆਨ ਨਾਅਰੇਬਾਜ਼ੀ ਕਰਦੇ ਹੋਏ ਅਕਾਲੀ ਵਰਕਰ।

ਅੰਮ੍ਰਿਤਸਰ ਟਾਈਮਜ਼
AMRITSAR TIMES
08 ਨਵੰਬਰ 2017 ਤੋਂ 14 ਨਵੰਬਰ 2017

## 'ਆਪ' ਦਾ ਅੰਦਰੂਨੀ ਕਾਟੋ-ਕਲੇਸ਼

*ਲੋਕਾਂ ਦੀ ਨੁਮਾਇੰਦਾ ਕਹਾਉਂਦੀ ਪਾਰਟੀ ਨੂੰ ਛੋਟੀ ਉਮਰੇ ਔਂਝੜ ਪੈਂਡੇ*

ਭਾਰਤ ਦੇ ਬੇਹੱਦ ਭ੍ਰਿਸ਼ਟ ਰਾਜਸੀ ਮਾਹੌਲ ਨੂੰ ਸੰਵਾਰਨ ਲਈ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਵਿੱਚ ਅੱਜ ਕਲ੍ਹ ਜੋ ਕੁਝ ਰਿੱਝ-ਪੱਕ ਰਿਹਾ ਹੈ, ਉਹ ਰਾਜ ਵਿਚਲੀਆਂ ਹੋਰਨਾਂ ਮੁੱਖ ਰਾਜਸੀ ਪਾਰਟੀਆਂ ਸੱਤਾਧਾਰੀ ਕਾਂਗਰਸ, ਅਕਾਲੀ ਦਲ (ਬਾਦਲ) ਤੇ ਉਸਦੀ ਭਾਈਵਾਲ ਭਾਜਪਾ ਦੇ ਕਿਰਦਾਰ ਨਾਲੋਂ ਬਹੁਤਾ ਵੱਖਰਾ ਨਹੀਂ। ਸਗੋਂ ਆਪ ਦੇ ਅੰਦਰੂਨੀ ਕਾਟੋ-ਕਲੇਸ਼ ਦੀ ਆੜ ਵਿੱਚ ਸਿਰੇ ਦੇ ਭ੍ਰਿਸ਼ਟ, ਬੇਈਮਾਨ ਤੇ ਪੰਜਾਬ ਨੂੰ ਦੋਹੀਂ ਹੱਥੀ ਲੁਟਣ ਵਾਲੇ ਵਿਰੋਧੀਆਂ ਨੂੰ ਪਾਰਟੀ ਦੇ ਸੂਬਾਈ ਆਗੂਆਂ ਦੇ ਨਾਲ ਨਾਲ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਉੱਤੇ ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਲਾਉਣ, ਚਿੱਕੜ ਉਛਾਲਣ, ਪਾਰਟੀ ਦੇ ਸਿਧਾਂਤਾਂ ਤੇ ਕਿਰਦਾਰ ਦੀ ਖਿੱਲੀ ਉਡਾਉਣ ਦਾ ਮੌਕਾ ਮਿਲ ਰਿਹਾ ਹੈ।

ਰਾਜ ਵਿਧਾਨ ਸਭਾ ਵਿੱਚ ਪਾਰਟੀ ਦੇ ਮੁਖੀ ਅਤੇ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਉੱਤੇ ਬਿਰਾਜਮਾਨ ਸੁਖਪਾਲ ਸਿੰਘ ਖਹਿਰਾ ਦੇ ਇੱਕ ਹੇਠਲੀ ਅਦਾਲਤ ਵਲੋਂ ਜਲਾਲਾਬਾਦ ਦੇ ਥਾਣਾ ਸਦਰ ਵਿੱਚ 5 ਮਾਰਚ, 2015 ਨੂੰ ਦਰਜ ਹੋਏ ਕੇਸ 'ਚ ਸਹਿ-ਮੁਲਜ਼ਮ ਵੱਲੋਂ ਸੰਮਨ ਜਾਰੀ ਕਰਨ ਦੇ ਮਾਮਲੇ 'ਚ ਪਾਰਟੀ ਦੇ ਕੌਮੀ ਤੇ ਸੂਬਾਈ ਪੱਧਰ ਦੇ ਸੀਨੀਅਰ ਆਗੂਆ ਤੇ ਵਿਧਾਇਕ ਬਚਗਾਨਾ ਢੰਗ ਨਾਲ ਜਿਹੜੀਆਂ ਹਰਕਤਾਂ ਤੇ ਵਿਵਹਾਰ ਕਰ ਰਹੇ, ਉਹ ਪਾਰਟੀ ਦੇ ਭਵਿੱਖ ਲਈ ਨੁਕਸਾਨਦੇਹ ਹੋ ਸਕਦਾ ਹੈ।

ਖਹਿਰਾ ਨੂੰ ਡਰੱਗ ਕੇਸ 'ਚ ਹਾਈ ਕੋਰਟ 'ਚੋਂ ਕੁੱਝ ਰਾਹਤ ਮਿਲਣ ਦੇ ਬਾਵਜੂਦ ਪਾਰਟੀ 'ਚ ਇਸ ਮਸਲੇ 'ਤੇ ਕਾਟੋ ਕਲੇਸ਼ ਮੱਠਾ ਪੈਂਦਾ ਨਜ਼ਰ ਨਹੀਂ ਆਉਂਦਾ। 'ਆਪ' ਦੀਆਂ ਦੋ ਵਿਧਾਇਕ ਬੀਬੀਆਂ ਦਰਮਿਆਨ ਟਕਰਾਅ ਤੇ ਹਾਈਕਮਾਂਡ ਦਾ ਪੂਰੀ ਤਰ੍ਹਾਂ ਖ਼ਾਮੋਸ਼ ਹੋਣਾ ਕਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਦੂਜੇ ਪਾਸੇ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਲੋਕ ਸਭਾ ਵਿੱਚ ਪਾਰਟੀ ਦੇ ਆਗੂ ਭਗਵੰਤ ਮਾਨ ਵਲੋਂ ਇਸ ਮਸਲੇ 'ਤੇ ਕਾਨੂੰਨੀ ਸਲਾਹ ਲੈਣ ਦੀ ਗੱਲ ਕਹਿ ਕੇ ਪੱਲਾ ਝਾੜਣਾ, ਇਹ ਸੰਕੇਤ ਦਿੰਦਾ ਹੈ ਕਿ ਉਸਦੀ ਵੀ ਖਹਿਰਾ ਨਾਲ ਸੁਰ ਨਹੀਂ ਮਿਲਦੀ।

ਪਾਰਟੀ ਦੇ ਬੁਲਾਰੇ ਜਗਤਾਰ ਸਿੰਘ ਸੰਘੇੜਾ ਵਲੋਂ ਦਿੱਤੀ ਚਿਤਾਵਨੀ ਕਿ ਪਾਰਟੀ ਦੇ ਕਈ ਆਗੂ ਆਪਨੀ ਲਾਲਸਾ ਲਈ ਸ੍ਰੀ ਖਹਿਰਾ ਦਾ ਅਸਤੀਫਾ ਮੰਗ ਰਹੇ ਹਨ, ਜੋ ਠੀਕ ਨਹੀਂ ਹੈ, ਦਾ ਵੀ ਕੋਈ ਅਸਰ ਨਾ ਹੋਣਾ ਪਾਰਟੀ ਵਿਚਲੀ ਖਾਨਾਜੰਗੀ ਦੀ ਗੰਭੀਰਤਾ ਦਰਸਾਉਂਦਾ ਹੈ । ਅਸਲ ਵਿੱਚ ਪੰਜਾਬ ਵਿਧਾਨ ਸਭਾ ਦੀਆਂ ਇਸ ਸਾਲ ਦੇ ਸ਼ੁਰੂ ਵਿੱਚ ਹੋਈਆਂ ਚੋਣਾਂ ਤੱਕ ਦਿੱਲੀ ਦੀ ਲੀਡਰਸ਼ਿਪ ਨੇੜਲੀ ਟੀਮ ਹੀ ਪੰਜਾਬ ਮਾਮਲਿਆਂ 'ਚ ਚੰਮ ਦੀਆਂ ਚਲਾਉਂਦੀ ਸੀ। ਵਿਧਾਨ ਸਭਾ ਚੋਣਾਂ ਵਿੱਚ ਮਾੜੀ ਕਾਰਗੁਜ਼ਾਰੀ ਵਿਰੁਧ ਸ੍ਰੀ ਖਹਿਰਾ ਨੇ ਹਾਈ-ਕਮਾਂਡ ਖ਼ਿਲਾਫ਼ ਜਿਹੜੀ ਭੜਾਸ ਕੱਢੀ, ਕੇਜਰੀਵਾਲ ਤੇ ਉਸਦੇ ਦਰਬਾਰੀ ਉਹ ਰੰਜਿਸ਼ ਭੁਲਾਉਂਦੇ ਨਜ਼ਰ ਨਹੀਂ ਆ ਰਹੇ। ਸਮਝਿਆ ਜਾਂਦਾ ਹੈ ਕਿ ਦਿੱਲੀ ਦਰਬਾਰ ਵਿਚਲੇ ਪੰਜਾਬ ਦੇ ਆਪ ਆਗੂ ਹੁਣ ਖਹਿਰਾ ਦਾ ਨੱਕ ਰਗੜਣ ਤੇ ਉਸਨੂੰ ਵਿਰੋਧੀ ਧਿਰ ਦੇ ਆਗੂ ਵਜੋਂ ਚਲਦਾ ਕਰਨ ਲਈ ਮੁੱਠੀਆਂ ਵਿੱਚ ਥੁੱਕੀ ਫਿਰਦੇ ਹਨ।

ਵੈਸੇ ਤਾਂ ਭਾਰਤ ਭਰ ਵਿੱਚ ਸਾਲ 2014 ਵਿੱਚ ਰਿਕਾਰਡ ਤੋੜ ਜਿੱਤ ਨਾਲ ਦੇਸ਼ ਦੀਆਂ ਆਮ ਚੋਣਾਂ 'ਚ ਹੂੰਝਾ ਫੇਰਨ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਕੁਝ ਦੇਰ ਬਾਅਦ ਦੇਸ ਦੇ ਰਾਜਧਾਨੀ ਵਾਲੇ ਸ਼ਹਿਰ ਨਵੀਂ ਦਿੱਲੀ ਦੀਆਂ ਵਿਧਾਨ ਸਭਾਈ ਚੋਣਾਂ 'ਚ ਲੱਕ ਤੋੜਵੀਂ ਹਾਰ ਦੇਣ ਵਾਲੀ ਇਸ ਪਾਰਟੀ ਦੇ ਸਰਬਰਾਹ ਅਰਵਿੰਦ ਕੇਜਰੀਵਾਲ ਦਾ ਸਹਿਯਗੀ ਆਗੂਆਂ ਬਾਰੇ ਰਵੱਈਆ ਕਦੇ ਬਹੁਤਾ ਸਰਾਹਨਾਯੋਗ ਨਹੀਂ ਰਿਹਾ। ਪਿਛਲੇ ਵਰ੍ਹਿਆਂ ਦੌਰਾਨ ਦਿੱਲੀ ਵਿਚਲੇ ਆਪ ਦੇ ਮੰਤਰੀ/ਵਿਧਾਇਕ ਗਾਹੇ-ਬਗਾਹੇ ਅਪਣੀਆਂ ਕਾਰਵਾਈਆਂ ਨਾਲ ਪਾਰਟੀ ਲਈ ਬਾਹਰੀ/ਅੰਦਰੂਨੀ ਸੰਕਟ ਖੜ੍ਹਾ ਕਰਦੇ ਹੀ ਰਹੇ ਹਨ। ਪਰ ਪੰਜਾਬ ਵਿੱਚ ਪਾਰਟੀ ਦੇ ਆਗੂ ਇਨ੍ਹੀਂ ਦਿਨੀਂ ਜਿਹੜੀ ਕੜ੍ਹੀ ਘੋਲ ਰਹ ਹਨ ਉਹ ਰਾਜ ਦੇ ਲੋਕਾਂ ਲਈ ਦੁਖਦਾਈ ਤੇ ਨਮੋਸ਼ੀ ਵਾਲੀ ਹੈ। ਜਿਸ ਪਾਰਟੀ ਦੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਹੋਰਨੀਂ ਥਾਈਂ ਪੈਰ ਨਹੀਂ ਸਨ ਲੱਗੇ, ਪੰਜਾਬ ਦੇ ਲੋਕਾਂ ਨੇ ਉਸੇ ਪਾਰਟੀ ਦੇ ਚਾਰ ਮੈਂਬਰ ਜਿੱਤਾ ਕੇ ਪਾਰਲੀਮੈਂਟ ਭੇਜੇ ਸਨ। ਲੋਕ ਸਭਾ ਦੇ ਚਾਰ ਮੈਂਬਰਾਂ ਵਲੋਂ ਦੋ-ਤਿੰਨ ਥਾਈਂ ਅਪਣੀ ਵੱਖਰੀ ਖਿੱਚੜੀ ਪਕਾਉਣ ਦੇ ਵਰਤਾਰੇ ਦੀ ਜ਼ੁੰਮੇਵਾਰੀ ਤੋਂ ਪਾਰਟੀ ਦੀ ਕੌਮੀ ਲੀਡਰਸ਼ਿਪ ਭੱਜ ਨਹੀਂ ਸਕਦੀ। ਪਾਰਟੀ ਦੇ ਸਰਗਰਮ ਮੈਂਬਰ, ਹਮਾਇਤੀ ਅਤੇ ਹਮਦਰਦ ਨਿਰਾਸ਼ ਤੇ ਉਦਾਸ ਹਨ।

ਜੇ ਇਹੋ ਹਾਲ ਰਿਹਾ ਤਾਂ ਲੋਕਾਂ ਦੀ ਨੁਮਾਇੰਦਾ ਹੋਣ ਦੇ ਵੱਡੇ ਵੱਡੇ ਦਾਅਵੇ ਕਰਦੀ ਇਸ ਪਾਰਟੀ ਨੂੰ ਛੋਟੀ ਉਮਰੇ ਹੀ ਹੁੰਦਾ ਜਾਪਦਾ ਅਧਰੰਗ ਇਸਦੀ ਹੋਂਦ ਦਾ ਮਲੀਆਮੇਟ ਕਰ ਕੇ ਰੱਖ ਦੇਵੇਗਾ। ਅਸਲ ਵਿੱਚ ਪਾਰਟੀ ਦੇ ਪਹਿਲੀ ਕਤਾਰ ਦੇ ਆਗੂਆਂ ਵਿੱਚ ਅੰਦਰਖ਼ਾਤੇ ਚਲਦੀ ਕੁਰਸੀ ਦੌੜ ਨੇ ਆਖ਼ਰ ਕਿੰਨਾ ਕੁ ਸਮਾਂ ਲੁਕੀ ਰਹਿਣਾ ਸੀ। ਖ਼ੁਦ ਖਹਿਰਾ ਵੀ ਰਾਜਸੀ ਖੇਤਰ ਵਿੱਚ ਜਗਮੀਤ ਸਿੰਘ ਬਰਾੜ ਤੇ ਬੀਰ ਦਵਿੰਦਰ ਸਿੰਘ ਵਰਗੇ ਖ਼ੁਦ ਸਦਾ ਸੱਚੇ ਹੋਣ ਦੇ ਦਾਅਵੇ ਕਰਨ ਤੇ ਅਪਣੀ ਢਾਈ ਪਾ ਖਿੱਚੜੀ ਪਕਾਉਣ ਵਾਲੇ ਕਿਰਦਾਰ ਦੇ ਲੱਛਣ ਰਖਦਾ ਹੋਣ ਕਾਰਨ, ਇਸ ਮਾਮਲੇ 'ਚ ਪਾਰਟੀ ਵਿਚਲੇ ਅਸਹਿਮਤ ਸਾਥੀਆਂ ਨੂੰ ਸਗੋਂ ਹੋਰ ਨਰਾਜ ਕਰਨ ਵਾਲੀਆਂ ਕਾਰਵਾਈਆਂ ਕਰਕੇ ਅਪਣਾ ਤੇ ਪਾਰਟੀ ਦਾ ਨੁਕਸਾਨ ਹੀ ਕਰ ਰਿਹਾ ਹੈ।

ਬੇਸ਼ੱਕ ਸੁਖਪਾਲ ਖਹਿਰਾ ਵਿਰੁਧ ਕੇਸ ਝੂਠਾ ਤੇ ਰਾਜਸੀ ਦੁਸ਼ਮਣੀ ਤੋਂ ਪ੍ਰੇਰਿਤ ਵੀ ਹੋਵੇ, ਉਸਨੂੰ ਨਿੱਜੀ ਤੌਰ ਉੱਤੇ ਅਤੇ ਪਾਰਟੀ ਨੂੰ ਰਾਜਸੀ ਪੱਧਰ ਉੱਤੇ ਅਜਿਹੀਆਂ ਚੁਣੌਤੀਆਂ ਦਾ ਬਚਗਾਨਾ ਤਰ੍ਹਾਂ ਨਹੀਂ ਬਲਕਿ ਸੁਝਵਾਨ ਪਹੁੰਚ ਤੇ ਠਰੰਮੇ ਨਾਲ ਸਾਹਮਣਾ ਕਰਨਾ ਤੇ ਵਿਰੋਧੀਆਂ ਨਾਲ ਸਿੱਝਣਾ ਚਾਹੀਦਾ ਹੈ। ਪੰਜਾਬੀਆਂ ਖ਼ਾਸ ਕਰ ਪਰਵਾਸੀਆਂ ਨੇ ਆਮ ਆਦਮੀ ਪਾਰਟੀ (ਆਪ) ਬਾਰੇ ਜਿਹੜਾ ਸੁਪਨਾ ਤੇ ਸੰਕਲਪ ਲਿਆ ਹੈ, ਪਾਰਟੀ ਦੀ ਲੀਡਰਸ਼ਿਪ ਉਸਦੀ ਦੇਣਦਾਰ ਹੈ।

# ਰਾਸ਼ਟਰਵਾਦ ਦੇ ਉਭਾਰ ਨੇ ਪੰਜਾਬੀ ਭਾਸ਼ਾ ਲਈ ਖੜ੍ਹੇ ਕੀਤੇ ਨਵੇਂ ਖ਼ਤਰੇ

**ਪੰਜਾਬ ਦੇ ਅੱਧੇ ਤੋਂ ਵੱਧ ਸ਼ਹਿਰੀ ਸਕੂਲਾਂ ਵਿੱਚ ਹਿੰਦੀ ਦਾ ਹੀ ਬੋਲ ਬਾਲਾ ਹੋ ਗਿਆ ਹੈ ਤੇ ਪੰਜਾਬੀ ਕਿਤੇ ਲੱਭੀ ਨਹੀਂ ਥਿਆਉਂਦੀ। ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਬੰਧ ਪਹਿਲਾਂ ਹੀ ਦਮ ਤੋੜ ਰਿਹਾ ਹੈ, ਤੇ ਇਹੋ ਹਾਲ ਹੀ ਪੰਜਾਬੀ ਭਾਸ਼ਾ ਦੀ ਪੜ੍ਹਾਈ ਦਾ ਹੈ। ਪੰਜਾਬ ਵਿੱਚ ਹਿੰਦੀ ਭਾਸ਼ਾ ਦੇ ਪ੍ਰਫੁੱਲਤ ਹੋਣ ਨਾਲ ਸੂਬਾ ਦੋ ਭਾਸ਼ੀ ਬਣਦਾ ਜਾ ਰਿਹਾ ਹੈ। ਪੰਜਾਬ ਵਿੱਚੋਂ ਛਪਦੇ ਹਿੰਦੀ ਅਖਬਾਰਾਂ ਦੀ ਗਿਣਤੀ ਅਤੇ ਸਰਕੂਲੇਸ਼ਨ ਪੰਜਾਬੀ ਅਖਬਾਰਾਂ ਨੂੰ ਪਿਛਲੇ ਕਈ ਸਾਲਾਂ ਤੋਂ ਮਾਤ ਦੇ ਰਿਹਾ ਹੈ।ਹਿੰਦੀ ਦੇ ਵਿਕਾਸ ਤੇ ਪ੍ਰਚਲਣ ਨੇ ਪੰਜਾਬ ਵਿੱਚ ਹਿੰਦੂਵਾਦੀ ਭਾਜਪਾ ਪਾਰਟੀ ਦਾ ਅਧਾਰ ਮਜਬੂਤ ਕਰ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਪੰਜਾਬੀ ਸਾਹਿਤਕਾਰਾਂ ਵੱਲੋਂ ਰਸਮੀ ਤੌਰ ਤੇ ਬੋਲੀ ਦੇ ਹੱਕ ਵਿੱਚ ਕੀਤੇ ਰੋਸ ਮੁਜਾਹਰੇ ਕੋਈ ਜਿਆਦਾ ਅਰਥ ਨਹੀਂ ਰੱਖਦੇ। ਉਹਨਾਂ ਨੂੰ ਚਾਹੀਦਾ ਹੈ ਕਿ ਪੰਜਾਬੀ ਬੋਲਣ ਤੇ ਲਿਖਣ ਦੇ ਹੱਕ ਵਿੱਚ ਕੋਈ ਸਾਰਥਕ ਮੁਹਿੰਮ ਵਿੱਢਣ। ਘਰਾਂ ਵਿੱਚ ਪੰਜਾਬੀ ਬੋਲਣ, ਦੁਕਾਨ ਨੁਮਾਂ ਅੰਗਰੇਜੀ ਸਕੂਲਾਂ ਵਿੱਚ ਬੱਚੇ ਨਾਂ ਪੜ੍ਹਾਉਣ ਅਤੇ ਪੰਜਾਬੀ ਦਾ ਸਤਿਕਾਰ ਵਧਾਉਣ ਸਬੰਧੀ ਠੋਸ ਸਿਆਸੀ ਉਪਰਾਲੇ ਕਰਨ।**

**ਜਸਪਾਲ ਸਿੰਘ ਸਿੱਧੂ**



ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖ਼ਤਮ ਹੁੰਦਿਆਂ ਹੀ ਪੰਜਾਬੀ ਭਾਸ਼ਾ ਦੇ ਬੁਰੇ ਦਿਨਾਂ ਦੀ ਕਹਾਣੀ ਸ਼ੁਰੂ ਹੁੰਦੀ ਹੈ। ਅੰਗਰੇਜਾਂ ਨੇ ਪੰਜਾਬ ਨੂੰ ਆਪਣੀ ਇੰਡੀਅਨ ਸਲਤਨਤ ਵਿਚ ਮਿਲਾ ਲਿਆ ਤੇ ਦੋ ਸਾਲ ਬਾਅਦ ਹੀ ਸਰਕਾਰੀ ਕੰਮਕਾਜ ਦੀ ਭਾਸ਼ਾ ਉਰਦੂ ਲਾਗੂ ਕਰ ਦਿੱਤੀ। ਉਨ੍ਹਾਂ ਦਿਨਾਂ ਵਿਚ ਉਰਦੂ ਪੜ੍ਹੇ ਲਿੱਖੇ ਲੋਕ ਪੰਜਾਬ ਵਿਚ ਨਹੀਂ ਮਿਲਦੇ ਸਨ ਤਾਂ ਅੰਗਰੇਜਾਂ ਨੇ ਉਰਦੂ ਪੜ੍ਹੇ ਬਾਬੂ ਉੱਤਰ ਪ੍ਰਦੇਸ਼ ਅਤੇ ਬਿਹਾਰ 'ਚੋਂ ਲੈ ਆਂਦੇ। ਪਹਿਲਾਂ ਪਹਿਰ ਅੰਗਰੇਜਾਂ ਨੂੰ ਪੰਜਾਬੀਆਂ ਦੀ ਵਫਾਦਾਰੀ 'ਤੇ ਵੀ ਸ਼ੱਕ ਸੀ ਪਰ ਉਨ੍ਹਾਂ ਨੇ ਯੂਪੀ ਅਤੇ ਸੀਪੀ ਵਿਚ ਆਪਣੇ ਵਫ਼ਾਦਾਰਾਂ ਦੀ ਜਮਾਤ ਪੈਦਾ ਕਰ ਲਈ ਸੀ।

ਪਰ ਅਗਲੇ 30 ਸਾਲਾਂ ਤਕ ਅੰਗਰੇਜਾਂ ਨੇ ਪੰਜਾਬ ਦਾ ਪੁਰਾਣਾ ਪੜ੍ਹਾਈ ਲਿਖਾਈ ਦਾ ਸਿਸਟਮ ਚਲਣ ਦਿੱਤਾ। ਜਿਸ ਅਨੁਸਾਰ ਗੁਰਮੁੱਖੀ ਲਿੱਪੀ 'ਚ ਪੰਜਾਬੀ ਗੁਰਦੁਆਰਿਆਂ ਅਤੇ ਧਰਮਸ਼ਾਲਾਵਾਂ 'ਚ ਪੜ੍ਹਾਈ ਜਾਂਦੀ ਸੀ, ਹਿੰਦੀ-ਸੰਸਕ੍ਰਿਤ ਮੰਦਰਾਂ ਸ਼ਿਵਾਲਿਆਂ ਵਿਚ ਅਤੇ ਉਰਦੂ-ਅਰਬੀ ਨੂੰ ਮੌਲਵੀ ਲੋਕ ਮਸੀਤਾਂ ਮਦਰਸਿਆਂ ਵਿਚ ਪੜ੍ਹਾਇਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬੀ ਪ੍ਰਤੀ ਬਹੁਤ ਪਿਆਰ ਸੀ ਉਸ ਨੇ ਆਪਣੇ ਦਰਬਾਰ ਦੀ ਬੋਲੀ ਪੰਜਾਬੀ ਰੱਖੀ। ਸ਼ਾਹੀ ਮੋਹਰਾਂ ਪੰਜਾਬੀ ਭਾਸ਼ਾ ਵਿਚ ਸਨ ਅਤੇ ਰਣਜੀਤ ਸਿੰਘ ਟੁੱਟੇਭੱਜੇ ਦਸਖ਼ਤ ਵੀ ਪੰਜਾਬੀ ਵਿਚ ਹੀ ਕਰਦਾ ਸੀ ਪਰ ਉਸ ਨੇ ਮਹਾਂ ਭਾਰਤ ਅਤੇ ਰਮਾਇਣ ਆਦਿ ਹਿੰਦੂ ਸ਼ਾਸ਼ਤਰਾਂ ਦੇ ਉਲੱਥੇ ਪੰਜਾਬੀ ਵਿਚ ਕਰਵਾਏ। ਇਸ ਦੇ ਨਾਲ ਹੀ ਪੰਜਾਬੀ ਦੇ ਫੈਲਾਓ ਅਤੇ ਵਿਕਾਸ ਲਈ ਉਸਨੇ ਪਿੰਡ ਪਿੰਡ ਪੰਜਾਬੀ ਅਤੇ ਮੁੱਢਲੇ ਹਿਸਾਬ ਦੇ 'ਕਾਇਦੇ' ਸਰਕਾਰੀ ਪੱਧਰ 'ਤੇ ਪਿੰਡ ਪਿੰਡ ਪਹੁੰਚਾਏ ਸਨ ਅਤੇ ਵੱਡੀ ਗਿਣਤੀ ਵਿਚ ਪੰਜਾਬੀ ਔਰਤਾਂ ਪੰਜਾਬੀ ਪੜ੍ਹਨ ਅਤੇ ਘਰੇਲੂ ਹਿਸਾਬ ਕਿਤਾਬ ਰਖੱਣ ਵਿਚ ਸਮਰਥ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਵਿਚ ਵਿਦਿਆ ਦਾ ਪਧੱਰ ਉਸ ਸਮੇਂ ਦੇ ਯੋਰਪੀਅਨ ਮੁਲਕਾਂ ਦੇ ਮਿਆਰ ਤੋਂ ਉਚਾ ਸੀ ਇਸ ਗੱਲ ਦੀ ਸਾਖੀ ਤੇ ਸਬੂਤ ਉਸ ਸਮੇਂ ਦੇ ਅੰਗ੍ਰੇਜ਼ ਅਫ਼ਸਰ ਡਾਕਟਰ ਜੀ. ਡਬਲਯੂ ਲਾਇਟਨਰ ਨੇ ਦਸਤਾਵੇਜ਼ੀ ਪਧੱਰ 'ਤੇ ਆਪਣੀ ਲਿੱਖੀ ਕਿਤਾਬ ਵਿਚ ਦਿੱਤੇ ਹਨ। ਉਸ ਨੇ ਆਪਣੀ ਕਿਤਾਬ ਵਿਚ ਦਰਜ਼ ਕੀਤਾ ਹੈ ਕਿ ਲਾਹੌਰ ਵਿਚ ਕਲਾ ਸਾਂਇਸ ਅਤੇ ਸੰਗੀਤ ਪੜ੍ਹਾਉਣ ਦਾ ਵਿਦਅਕ ਪ੍ਰਬੰਧ ਯੋਰਪ ਦੇ ਮੁਲਕਾਂ ਤੋਂ ਪੰਦਰਾਂ ਸਾਲ ਅੱਗੇ ਸੀ।

ਬਰਤਾਨਵੀ ਸ਼ਾਸ਼ਕਾਂ ਨੇ ਆਉਂਦਿਆਂ ਹੀ ਪੰਜਾਬ ਦੇ ਪੁਰਾਣੇ ਵਿਦਅਕ ਢਾਂਚੇ ਨੂੰ ਤਹਿਸ਼ ਨਹਿਸ਼ ਕੀਤਾ, ਜਿਸ ਵਿਚ ਪੰਜਾਬੀ ਭਾਸ਼ਾ ਦਾ ਵੱਡਾ ਨੁਕਸਾਨ ਹੋਇਆ। ਉਨ੍ਹਾਂ ਨੇ ਇਕ ਸਾਜਿਸ਼ ਅਧੀਨ ਐਲਾਨ ਕੀਤਾ "ਜੋ ਵਿਅਕਤੀ ਸਰਕਾਰ ਕੋਲ ਕਾਇਦਾ ਜਮਾਂ ਕਰਵਾਏਗਾ ਉਸ ਨੂੰ ਦੋ ਰੁਪਏ ਅਤੇ ਹੱਥਿਆਰ ਜਮਾਂ ਕਰਵਾਉਣ ਵਾਲੇ ਨੂੰ ਇਕ ਰੁਪਇਆ ਦਿੱਤਾ ਜਾਵੇਗਾ।" ਇਉਂ ਇਕੱਤਰ ਕੀਤੇ ਸਾਰੇ ਕਾਇਦੇ ਬਾਅਦ ਵਿਚ ਅੱਗ ਲਗਾ ਜਲਾ ਦਿੱਤੇ ਗਏ।

ਅੰਗਰੇਜਾਂ ਨੇ ਪਛੱਮੀ ਵਿਦਅਕ ਢਾਂਚੇ ਦੀ ਤਰਜ਼ 'ਤੇ ਪਹਿਲਾ ਸਕੂਲ ਲਾਹੌਰ ਵਿਚ 1867 ਵਿਚ ਖੋਲ੍ਹਿਆ ਬਾਅਦ ਵਿਚ ਪਛੱਮੀ ਤਰਜ਼ ਦੀ ਵਿਦਆ ਸਾਰੇ ਪੰਜਾਬ ਵਿਚ ਫੈਲਾਉਣ ਲਈ 1882 ਵਿਚ ਲਾਰਡ ਹੰਟਰ ਦੀ ਪ੍ਰਧਾਨਗੀ ਹੇਠ ਇਕ 'ਵਿਦਅਕ ਕਮਿਸ਼ਨ' ਬਣਾਇਆ ਗਿਆ। ਇਸ ਕਮਿਸ਼ਨ ਨੇ ਸਾਰੇ ਪੰਜਾਬ ਵਿਚੋਂ ਵਿਚਾਰ ਇਕੱਠੇ ਕਰਕੇ ਇਹ ਫੈਸਲਾ ਕਰਨਾ ਸੀ ਕਿ ਪੰਜਾਬ ਦੇ ਸਕੂਲਾਂ ਵਿਚ ਪੜ੍ਹਾਈ ਕਿਹੜੀ ਭਾਸ਼ਾ ਵਿਚ ਕਰਵਾਈ ਜਾਵੇ। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਆਰੀਆ ਸਮਾਜ ਅਤੇ ਬਰਮੋ ਸਮਾਜ ਵਰਗੀਆਂ ਹਿੰਦੂ ਸੰਸਥਾਵਾਂ ਖੜ੍ਹੀਆਂ ਹੋ ਚੁੱਕੀਆਂ ਸਨ।ਜਿਨ੍ਹਾਂ ਦੀ ਪਿੱਠ 'ਤੇ ਖੜ੍ਹੇ ਅਮੀਰ ਹਿੰਦੂ ਵਪਾਰੀਆਂ ਨੇ ਕਮਿਸ਼ਨ ਕੋਲ ਸਭ ਤੋਂ ਵੱਧ ਪਟੀਸ਼ਨਾਂ ਪਹੁੰਚਾਈਆਂ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਵਿਚ ਪੜ੍ਹਾਈ ਦਾ ਮਾਧਿਅਮ ਹਿੰਦੀ ਅਤੇ ਦੇਵ ਨਾਗਰੀ ਲਿੱਪੀ ਵਿਚ ਹੋਵੇ। ਉਸ ਸਮੇਂ ਪੰਜਾਬ ਦੀ 37ਫ਼ੀਸਦੀ ਹਿੰਦੂ ਅਬਾਦੀ ਦੇ ਆਪੂ ਬਣੇ ਆਗੂਆਂ ਨੇ ਆਪਣੀ ਪੰਜਾਬੀ ਮਾਂ ਬੋਲੀ ਤਿਆਗੀ ਅਤੇ ਆਪਣਾ ਕੇਸ ਮਜ਼ਬੂਤ ਕਰਨ ਲਈ ਪੰਜਾਬੀ ਅਤੇ ਉਰਦੂ ਵਿਰੁੱਧ ਉਲ-ਜਲੂਲ ਜਮਲੇ ਘੜ੍ਹੇ। ਇਥੋਂ ਤਕ ਵੀ ਕਹਿ ਦਿੱਤਾ ਕਿ ਪੰਜਾਬੀ ਤਾਂ ਹਿੰਦੀ ਦੀ ਉਪ ਭਾਸ਼ਾ (ਡਾਇਲੈਕਟ) ਅਤੇ ਗੁਰਮੁੱਖੀ ਲਿੱਪੀ ਦੇਵ ਨਾਗਰੀ ਲਿੱਪੀ ਦੀ ਓਜੱੜ ਕਿਸਮ ਦੀ ਨਕਲ ਹੈ।ਇਉਂ ਹੀ ਪੰਜਾਬ ਦੀ 55-56% ਮੁਸਲਮਾਨ ਆਬਾਦੀ ਦੇ ਨੁਮਾਇੰਦਿਆ ਨੇ ਆਪਣੇ ਹਿੰਦੀ ਪ੍ਰਤੀ ਧਾਰਮਿਕ ਤੇ ਸੰਸਕ੍ਰਿਤ ਵਿਰੋਧ ਵਿੱਚੋਂ ਉਰਦੂ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਲਈ ਜ਼ੋਰਦਾਰ ਵਕਾਲਤ ਕੀਤੀ ਉਸ ਸਮੇਂ ਪੰਜਾਬ ਵਿੱਚ 6 ਕੁ ਪ੍ਰਤੀਸ਼ਤ ਸਿੱਖ ਅਬਾਦੀ ਨੁਮਾਇੰਦੀ ਕਰਦਿਆ ਸਿੰਘ ਸਭਾ ਪੰਜਾਬੀ ਅਤੇ ਗੁਰਮੁਖੀ ਲਿੱਪੀ ਦੇ ਹੱਕ ਵਿੱਚ ਖੜ੍ਹੀ ਹੋਈ।

ਇਤਿਹਾਸਕਾਰ ਰਾਜ ਮੋਹਨ ਗਾਂਧੀ ਲਿਖਦਾ ਕਿ 19 ਵੀਂ ਸਦੀ ਵਿੱਚ ਉਤਰ ਪ੍ਰਦੇਸ਼ ਅਤੇ ਕੇਂਦਰੀ ਪ੍ਰਦੇਸ਼ ਦੇ ਹਿੰਦੂ ਲੀਡਰਾਂ ਨੇ ਉਰਦੂ ਵਿਰੁੱਧ ਅਤੇ ਹਿੰਦੀ ਦੇ ਹੱਕ ਵਿੱਚ ਧਾਰਮਿਕ ਪੱਧਰ ਦੀ ਲੜਾਈ ਵਿੱਢ ਦਿੱਤੀ ਸੀ। ਇਸ ਲੜਾਈ ਦਾ ਅਸਰ ਪੰਜਾਬ ਤੱਕ ਪਹੁੰਚ ਗਿਆ।ਪੰਜਾਬੀ ਮੁਸਲਮਾਨਾਂ ਨੇ ਹਿੰਦੀ ਨੂੰ ਸਕੂਲਾਂ ਦੀ ਭਾਸ਼ਾ ਬਣਨ ਤੋਂ ਰੋਕਣ ਲਈ ਉਰਦੂ ਦੇ ਹੱਕ ਵਿੱਚ ਤਣ ਗਏ ਤੇ ਇਉਂ ਧਾਰਮਿਕ ਤੁਅਸਵ ਅਧੀਨ ਉਹ ਪੰਜਾਬੀ ਤੋਂ ਮੁਖ ਮੋੜ ਗਏ ਸ਼ੱਤਰਾ ਸਾਲਾ ਬਾਅਦ ਇਸੇ ਹਿੰਦੀ ਤੇ ਉਰਦੂ ਦੇ ਮੁਦੱਈਆ ਦੀ ਆਪਸੀ ਲੜਾਈ, ਵਿਰਾਟ ਹਿੰਦੂ - ਮੁਸਲਿਮ ਫਿਰਕਿਆਂ ਦੇ ਜੰਗ ਦਾ ਰੂਪ ਧਾਰਨ ਕਰ ਗਈ ਅਤੇ ਪੰਜਾਬ ਦੇ ਸੰਨ 1947 ਵਿੱਚ ਦੋ ਟੁਕੜੇ ਹੋ ਗਏ।

ਉਨ੍ਹਾਂ ਦਿਨਾਂ ਵਿੱਚ ਡਾ. ਲਾਇਟਨਰ ਨੇ ਕਮਿਸ਼ਨ ਅੱਗੇ ਆਪਣਾ ਵਿਚਾਰ ਪੇਸ਼ ਕਰਦਿਆ ਕਿਹਾ ਹਿੰਦੀ ਭਾਸ਼ਾ ਦੀ ਵਕਾਲਤ ਕਰਨ ਵਾਲੇ ਪੰਜਾਬੀ ਹਿੰਦੂ ਲੀਡਰਾਂ ਬਾਰੇ ਕਿਹਾ ਸੀ ਕਿ ਉਹ ਹਿੰਦੀ ਨੂੰ ਸਰਕਾਰੀ ਰੁਤਬਾ ਦਵਾ ਕੇ ਪੰਜਾਬ ਤੋਂ ਬਾਹਰ ਦੇਸ਼ ਦੇ ਵੱਡੇ ਹਿੰਦੂ ਤਬਕੇ ਨਾਲ ਆਪਣੀ ਸਾਂਝ ਬਣਾ ਕੇ ਵੱਡੀ 'ਕੌਮੀ ਏਕਤਾ' ਖੜ੍ਹੀ ਕਰਨਾ ਚਾਹੁੰਦੇ ਹਨ"।

ਇੱਕ ਸਦੀ ਪਹਿਲਾਂ ਪੰਜਾਬੀ ਹਿਦੂੰਆਂ ਬਾਰੇ ਡਾ. ਲਾਇਟਨਰ ਦਾ ਮੁਲਾਂਕਣ ਅਤੇ ਧਾਰਨਾ 1947 ਬਾਅਦ ਆਜ਼ਾਦ ਭਾਰਤ ਵਿੱਚ ਵੀ ਖਰ੍ਹੀ ਉੱਤਰੀ। ਆਜ਼ਾਦੀ ਪ੍ਰਾਪਤ ਹੁੰਦਿਆ ਹੀ ਪੰਜਾਬੀ ਹਿੰਦੂਆ ਨੇ ਆਪਣੀ ਮਾਂ ਬੋਲੀ ਤਿਆਗ ਕੇ ਪੰਜਾਬੀ ਸੂਬੇ ਦੇ ਵਿਰੋਧ ਵਿੱਚ ਤੇ ਹਿੰਦੀ ਦੇ ਹੱਕ ਵਿੱਚ ਨਿਤਰ ਆਏ ਸਨ।

ਅਸਲ ਵਿੱਚ ਮਹਾਤਮਾ ਗਾਂਧੀ ਦੇ ਸੰਨ 1920 ਵਿੱਚ ਕਾਂਗਰਸ ਦੀ ਅਗਵਾਈ ਸ਼ੁਰੂ ਕਰਨ ਸਮੇਂ ਤੋਂ ਹੀ ਹਿੰਦੂਵਾਦੀ ਤਾਕਤਾਂ ਦਾ ਸਿਆਸੀ ਪਧੱਰ ਤੇ ਉਭਾਰ ਸ਼ੁਰੂ ਹੋ ਗਿਆ ਸੀ। ਗਾਂਧੀ ਨੇ ਕਾਂਗਰਸ ਨੂੰ ਮਜ਼ਬੂਤ ਸਿਆਸੀ ਜਮਾਤ ਬਣਾਉਣ ਲਈ ਸਾਰੇ ਹਿੰਦੁਤਵੀ ਹੱਥਕੰਡੇ ਅਪਣਾਏ।ਆਪ ਉਸ ਨੇ ਪੈਂਟ ਕੋਟ ਉਤਾਰ ਕੇ,ਹਿੰਦੂ ਫਕੀਰ ਦਾ ਰੂਪ ਧਾਰਨ ਕਰ ਲਿਆ, ਆਸ਼ਰਮ ਬਣਾ ਲਿਆ, ਵਰਤ ਰੱਖਣੇ ਸ਼ੁਰੂ ਕਰ ਦਿੱਤੇ। ਗਾਂਧੀ ਨੇ ਆਪਣੇ ਆਪ ਨੂੰ ਜ਼ਾਹਰਾਂ ਤੌਰ ਤੇ ਹਿੰਦੂ ਧਾਰਮਿਕ ਵਿਅਕਤੀ ਐਲਾਨਿਆ ਤੇ ਹਿੰਦੀ ਭਾਸ਼ਾ ਤੇ ਜਾਤੀਵਾਦੀ ਬ੍ਰਾਹਮਣਵਾਦੀ ਵਿਵਸਥਾ ਦੇ ਹੱਕ ਵਿੱਚ ਖੜ੍ਹਾ ਹੋ ਗਿਆ। ਇਉਂ ਕਾਂਗਰਸ ਰਾਹੀਂ ਹਿੰਦੂ ਰਾਸ਼ਟਰਵਾਦੀ ਭਾਵਨਾਵਾਂ ਜਾਂ ਹਿੰਦੂਵਾਦੀ ਨੈਸ਼ਨਲਿਜ਼ਮ ਦੀ ਸ਼ੁਰੂਆਤ ਭਾਰਤੀ ਉਪਮਹਾਂਦੀਪ ਵਿੱਚ ਹੋਈ। ਭਾਵੇਂ ਕਾਂਗਰਸ ਨੇ ਧਰਮ-ਨਿਰਪੇਖ' (ਸੈਕੂਲਰ) ਚਾਦਰ ਓੜ ਕੇ,ਦੇਸ਼ ਦੀ ਆਜ਼ਾਦੀ ਦੀ ਲੜਾਈ ਆਰੰਭੀ ਸੀ। ਇਸ ਨਾਲ ਹੀ ਪੱਛਮੀ ਰਾਜਨੀਤੀ ਦੀ ਤਰਜ਼ ਤੇ ਭਾਰਤ ਨੂੰ ਇੱਕ 'ਨੇਸ਼ਨ ਸਟੇਟ' (ਅਸਲ ਵਿੱਚ ਹਿੰਦੂ ਰਾਸ਼ਟਰ) ਖੜ੍ਹਾ ਕਰਨ ਦੀ ਅੰਦਰੂਨੀ ਗੁਪਤ ਕਵਾਇਦ ਸ਼ੁਰੂ ਹੋ ਗਈ ਸੀ ਇਸ ਮੁਹਿੰਮ ਦੇ ਚਿਹਰੇ ਜਵਾਹਰ ਲਾਲ ਨਹਿਰੂ ਤੇ ਸਰਦਾਰ ਪਟੇਲ ਉਭਰੇ ਸਨ।

ਦੂਜੇ ਪਾਸੇ,ਦੇਸ਼ ਦੀ ਆਜ਼ਾਦੀ ਦਾ 25% ਮੁਸਲਮਾਨ ਫਿਰਕੇ ਦੇ ਲੀਡਰਾਂ ਖਾਸ ਕਰਕੇ ਜਿਨਾਹ ਵਰਗੇ ਕਾਂਗਰਸ ਦੀਆ ਇਨ੍ਹਾਂ ਸਿਆਸੀ ਚਾਲਾਂ ਨੂੰ ਸਮਝ ਗਏ ਸਨ ਅਤੇ ਉਨ੍ਹਾਂ ਨੇ ਕਾਂਗਰਸ ਨਾਲੋਂ ਨਾਤਾ ਤੋੜ ਕੇ ਮੁਸਲਿਮ ਲੀਗ ਦੇ ਪਲੇਟਫਾਰਮ ਤੋਂ ਵੱਖਰਾ 'ਮੁਸਲਮਾਨ ਦੇਸ਼' ਖੜ੍ਹਾ ਕਰਨ ਦੀ ਮੁਹਿੰਮ ਵਿੱਢ ਦਿੱਤੀ।ਅਤੇ ਅਖੀਰ ਉਹ ਆਪਣੇ ਮਿਸ਼ਨ ਵਿੱਚ ਕਾਮਯਾਬ ਹੋ ਗਏ।

ਵੀਹਵੀਂ ਸਦੀ ਦੇ ਮੁਢੱਲੇ ਦਿਨਾਂ ਵਿੱਚ ਪੱਛਮੀ ਯੋਰਪੀਅਨ ਤਰਜ਼ ਤੇ ਨੇਸ਼ਨ-ਸਟੇਟ' ਖੜ੍ਹੇ ਕਰਨ ਦਾ ਰਾਜਨੀਤਕ ਮੁਹਾਵਰਾਂ ਤੇ ਸਮਝ ਦਾ ਬੋਲਬਾਲਾ ਸੀ।ਇਸ ਵਿਵਸਥਾ ਨੂੰ ਡੈਮੋਕਰੇਸੀ ਤੇ ਲੋਕਤੰਤਰ ਰਾਜ-ਪ੍ਰਬੰਧ ਦਾ ਉੱਤਮ ਨਮੂੰਨਾ ਸਮਝਿਆ ਜਾਂਦਾ ਸੀ। ਜਦੋਂ ਸੰਨ 1947 ਵਿੱਚ

ਬਾਕੀ ਸਫ਼ਾ 32 'ਤੇ

# ਸਿਰਫ਼ ਧਨ-ਕੁਬੇਰਾਂ ਨੂੰ ਹੀ ਰਾਸ ਆਈ ਮੋਦੀ ਦੀ ਨੋਟਬੰਦੀ

**ਨੋਟਬੰਦੀ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਚੁੱਕੀ ਹੈ; ਕੇਵਲ ਨਕਦੀ ਕਾਲਾ ਧਨ ਰੋਕਣ ਵਿੱਚ ਹੀ ਨਹੀਂ, ਸਗੋਂ ਇਸ ਦੇ ਭਾਰਤੀ ਆਰਥਿਕਤਾ ਲਈ ਚੰਗੇ ਅਸਰਾਤ ਮਿਲਣ ਪੱਖੋਂ ਵੀ। ਭਾਰਤੀ ਰਿਜ਼ਰਵ ਬੈਂਕ ਵੱਲੋਂ ਹਾਲੀਆ ਪ੍ਰਕਾਸ਼ਿਤ ਰਿਪੋਰਟ ਨੋਟਬੰਦੀ ਦੇ ਚੰਗੇ ਨਤੀਜੇ ਨਾ ਮਿਲਣ ਨੂੰ ਦਰਸਾਉਂਦੀ ਹੈ। ਇਸ ਵਿੱਚ ਲਿਖਿਆ ਹੋਇਆ ਹੈ ਕਿ ਨੋਟਬੰਦੀ ਸਮੇਂ ਚਲਣ ਵਿੱਚ 15.44 ਲੱਖ ਕਰੋੜ ਦੇ ਇਨ੍ਹਾਂ ਨੋਟਾਂ ਵਿੱਚੋਂ ਲੋਕਾਂ ਨੇ ਬੈਂਕਾਂ ਵਿੱਚ 15.28 ਲੱਖ ਕਰੋੜ ਰੁਪਏ ਜਮ੍ਹਾਂ ਕਰਵਾ ਦਿੱਤੇ ਹਨ। ਇੱਕ ਅਨੁਮਾਨ ਅਨੁਸਾਰ ਨੋਟਬੰਦੀ ਦੇ ਘੇਰੇ ਵਿੱਚ ਆਏ 97 ਫ਼ੀਸਦੀ ਨੋਟ ਬੈਂਕਾਂ ਵਿੱਚ ਜਮ੍ਹਾਂ ਕਰਾਏ ਜਾ ਚੁੱਕੇ ਹਨ। ਇਸ ਦਾ ਵੱਡਾ ਹਿੱਸਾ ਪਹਿਲਾਂ ਹੀ ਚਿੱਟਾ ਧਨ ਹੈ ਜਿਹੜਾ ਕਰੋੜਾਂ ਆਮ ਲੋਕਾਂ ਨੇ ਕਮਾਇਆ ਹੋਇਆ ਹੈ। ਅਤੇ ਜੇ ਕਾਲਾ ਧਨ ਕਿਸੇ ਕੋਲ ਸੀ ਤਾਂ ਉਹ ਹੁਣ 'ਚਿੱਟਾ ਧਨ' ਬਣ ਗਿਆ ਹੈ। ਨੋਟਬੰਦੀ ਦੇ ਕਾਲਾ ਧਨ ਸਬੰਧੀ ਦਾਅਵੇ ਦਾ ਇਹ ਅੰਕੜੇ ਮਜ਼ਾਕ ਉਡਾ ਰਹੇ ਹਨ।**



**ਪ੍ਰੀਤਮ ਸਿੰਘ (ਪ੍ਰੋ.)***

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 8 ਨਵੰਬਰ 2016 ਨੂੰ 500 ਅਤੇ 1000 ਰੁਪਏ ਦੇ ਨੋਟਾਂ ਦਾ ਚਲਣ ਬੰਦ ਕਰਨ ਦਾ ਨਾਟਕੀ ਢੰਗ ਨਾਲ ਐਲਾਨ ਕਰਦਿਆਂ ਇਸ ਕਦਮ



ਨੂੰ ਕਾਲੇ ਧਨ, ਜਾਅਲੀ ਕਰੰਸੀ ਅਤੇ ਦਹਿਸ਼ਤਗਰਦੀ ਦੇ ਖ਼ਿਲਾਫ਼ 'ਸਰਜੀਕਲ ਸਟਰਾਈਕ' ਵਾਲੀ ਆਰਥਿਕ ਨੀਤੀ ਕਰਾਰ ਦਿੱਤਾ ਸੀ। ਹੁਣ ਪਿੱਛਲ-ਸੋਝੀ ਇਹੋ ਦਰਸਾਉਂਦੀ ਹੈ ਕਿ ਇਹ ਕਾਰਵਾਈ ਭਾਰਤੀ ਲੋਕਾਂ, ਖ਼ਾਸ ਕਰਕੇ ਗ਼ੈਰਰਸਮੀ ਆਰਥਿਕਤਾ ਨਾਲ ਜੁੜੇ ਲੋਕਾਂ ਉੱਤੇ 'ਕਾਰਪੈੱਟ ਬੰਬਾਰੀ' ਵਾਂਗ ਸੀ। ਇਹ ਉਹ ਲੋਕ ਹਨ ਜਿਹੜੇ ਆਪਣੇ ਰੋਜ਼ਾਨਾ ਕੰਮਕਾਜੀ/ਕਾਰੋਬਾਰੀ ਲੈਣ-ਦੇਣ ਲਈ ਨਕਦੀ ਉੱਪਰ ਨਿਰਭਰ ਕਰਦੇ ਹਨ। ਇਨ੍ਹਾਂ ਦੇ ਅਰਥਚਾਰੇ ਨੂੰ ਨੋਟਬੰਦੀ ਨੇ ਭਾਰੀ ਨੁਕਸਾਨ ਪਹੁੰਚਾਇਆ।

ਭਾਰਤ ਵਿੱਚ ਨਕਦੀ ਰਹਿਤ ਅਰਥਵਿਵਸਥਾ ਵਿਕਸਿਤ ਕਰਨ ਲਈ ਨੋਟਬੰਦੀ ਨੂੰ ਇੱਕ ਵੱਡੀ ਪੁਲਾਂਘ ਵਜੋਂ ਦਰਸਾਇਆ ਗਿਆ ਸੀ। ਔਕਸਫੋਰਡ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਬਾਰਬਾਰਾ ਹੈਰਿਸ-ਵਾਇਹੀਟ ਅਤੇ (ਸਵਰਗੀ) ਅਰਜਨ ਸੇਨਗੁਪਤਾ ਖੋਜ ਰਾਹੀਂ ਇਸ ਸਿੱਟੇ ਉੱਪਰ ਪਹੁੰਚੇ ਸਨ ਕਿ ਗ਼ੈਰਰਸਮੀ ਖੇਤਰ ਨਕਦ ਲੈਣ,-ਦੇਣ ਆਸਰੇ ਚੱਲਦਾ ਹੈ ਅਤੇ ਇਹ ਖੇਤਰ ਭਾਰਤੀ ਅਰਥਿਕਤਾ ਵਿੱਚ ਅਹਿਮ ਸਥਾਨ ਰੱਖਦਾ ਹੈ। ਇਹ ਖੋਜ ਆਰਥਿਕ ਨੀਤੀ ਦਾਇਰਿਆਂ ਵਿੱਚ ਬਹੁਤ ਜਾਣੀ-ਪਛਾਣੀ ਹੈ। ਇਸ ਤੱਥ ਨੂੰ ਧਿਆਨ ਵਿੱਚ ਰੱਖ ਕੇ ਕਿਹਾ ਜਾ ਸਕਦਾ ਹੈ ਕਿ ਨੋਟਬੰਦੀ ਦਾ ਕਦਮ ਆਰਥਿਕ ਪ੍ਰਬੰਧਨ ਦੇ ਇੱਕ ਅਸਤਰ ਤੇ ਇਸ ਦੇ ਨਿਆਰੇਪਣ-ਦੋਵਾਂ ਪੱਖਾਂ ਤੋਂ ਕੁਦਰਤੀ ਤੌਰ 'ਤੇ ਖ਼ਾਮੀਆਂ ਭਰਪੂਰ ਸੀ ਅਤੇ ਨਾਲ ਹੀ ਦੇਸ਼ ਦੇ ਆਮ ਕੰਮਕਾਜੀ ਲੋਕਾਂ ਦੇ ਮਾਣ ਨੂੰ ਠੇਸ ਪਹੁੰਚਾਉਣ ਵਾਲਾ ਕਦਮ ਸੀ।

ਨੋਟਬੰਦੀ ਦੇ ਪਹਿਲੇ ਪੜਾਅ ਦੇ ਐਲਾਨਾਂ ਦੌਰਾਨ ਇਸ ਸਬੰਧੀ ਜਿਵੇਂ ਆਰਥਿਕ 'ਸਰਜੀਕਲ ਸਟਰਾਈਕ' ਦੇ ਨਿਰੰਤਰ ਹਵਾਲੇ ਦਿੱਤੇ ਗਏ, ਉਹ ਉਸ ਵਰਗੇ ਸਨ ਜਿਹੜੇ ਗੁਆਂਢੀ ਦੇਸ਼ ਵਿੱਚ ਦਹਿਸ਼ਤਗਰਦਾਂ ਖ਼ਿਲਾਫ਼ ਥਲ ਸੈਨਾ ਵੱਲੋਂ ਕੀਤੇ ਗਏ ਫ਼ੌਜੀ 'ਸਰਜੀਕਲ ਸਟਰਾਈਕ' ਸਮੇਂ ਦਿੱਤੇ ਗਏ ਸਨ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਫ਼ੈਸਲਿਆਂ ਪਿੱਛੇ ਇੱਕ ਛੁਪੀ ਹੋਈ ਸਿਆਸੀ ਚਾਲ ਸੀ ਜਿਸ ਦਾ ਮੰਤਵ ਬਹੁਗਿਣਤੀ ਦੀਆਂ ਫ਼ਿਰਕੂ ਭਾਵਨਾਵਾਂ ਦਾ ਲਾਭ ਲੈ ਕੇ ਉਸ ਵਰਗ ਦੀ ਪ੍ਰਵਾਨਗੀ ਹਾਸਲ ਕਰਨਾ ਸੀ। ਜਿਵੇਂ ਕਿ ਫ਼ਿਰਕੇਦਾਰਾਨਾ ਤੇ ਵੰਡ-ਪਾਊ ਦਾਅਪੇਚਾਂ ਵੇਲੇ ਹੁੰਦਾ ਹੀ ਹੈ, ਅਜਿਹੀ ਭਾਸ਼ਾ ਤੇ ਸ਼ਬਦਾਵਲੀ ਨੇ ਘੱਟਗਿਣਤੀ ਭਾਈਚਾਰਿਆਂ ਵਿੱਚ ਇਸ ਫ਼ੈਸਲੇ ਪ੍ਰਤੀ ਡਰ ਤੇ ਦੁਸ਼ਮਣੀ ਦੀ ਭਾਵਨਾ ਪੈਦਾ ਕੀਤੀ। ਕਿਸੇ 'ਕੌਮੀ' ਨੀਤੀ ਨੂੰ ਲਾਗੂ ਕਰਨ ਦਾ ਇਸ ਤੋਂ ਮੰਦਾ ਕੋਈ ਹੋਰ ਤਰੀਕਾ ਹੋ ਨਹੀਂ ਸਕਦਾ।

ਇਸ ਦਾਅਵੇ ਦਾ ਖੋਖ਼ਲਾਪਣ ਕਿ ਇਹ ਕਦਮ ਉਠਾਉਣ ਦਾ ਉਦੇਸ਼ ਕਾਲੇ ਧਨ ਉੱਪਰ ਰੋਕ ਲਾਉਣਾ ਸੀ, ਸੈਂਟਰਲ ਬੋਰਡ ਆਫ਼ ਡਾਇਰੈਕਟ ਟੈਕਸਜ਼ (ਸੀਬੀਡੀਟੀ) ਦੀ 2012 ਵਿੱਚ ਜਾਰੀ ਹੋਈ ਰਿਪੋਰਟ 'ਕਾਲੇ ਧਨ ਨਾਲ ਨਿਪਟਣ ਲਈ ਕਦਮ' ਤੋਂ ਸਪਸ਼ਟ ਹੋ ਜਾਂਦਾ ਹੈ। ਇਹ ਰਿਪੋਰਟ ਇੱਕ ਘਟਾਕੇ ਦੱਸਣ ਵਾਲਾ ਤਰੀਕਾ ਹੈ ਜਿਸ ਵਿੱਚ ਦਲੀਲ ਦਿੱਤੀ ਗਈ ਹੈ ਕਿ ਨੋਟਬੰਦੀ ਕਾਲੇ ਧਨ ਜਾਂ ਆਰਥਿਕਤਾ ਨਾਲ ਨਿਪਟਣ ਦਾ ਸ਼ਾਇਦ ਹੱਲ ਨਹੀਂ ਹੋ ਸਕਦੀ ਕਿਉਂਕਿ ਕਾਲਾ ਧਨ ਜ਼ਿਆਦਾਤਰ ਬੇਨਾਮੀ ਸੰਪਤੀਆਂ, ਸੋਨੇ, ਚਾਂਦੀ, ਹੀਰਿਆ ਤੇ ਗਹਿਣਿਆਂ ਦੇ ਰੂਪ ਵਿੱਚ ਜਮ੍ਹਾਂ ਹੈ। ਆਮਦਨ ਕਰ ਜਾਂਚਾਂ ਰਾਹੀਂ ਪ੍ਰਾਪਤ ਅੰਕੜੇ ਦਰਸਾਉਂਦੇ ਹਨ ਕਿ ਕਾਲਾ ਧਨ ਰੱਖਣ ਵਾਲਿਆਂ ਕੋਲ ਛੇ ਫ਼ੀਸਦੀ ਜਾਂ ਇਸ ਤੋਂ ਵੀ ਘੱਟ ਦੌਲਤ ਨਕਦੀ ਦੇ ਰੂਪ ਵਿੱਚ ਹੈ। ਕੇਂਦਰ ਸਰਕਾਰ ਵੱਲੋਂ ਨੋਟਬੰਦੀ ਰਾਹੀਂ ਸਿਰਫ਼ ਇਸ ਨਿਗੂਣੀ ਨਗਦੀ ਨੂੰ ਕਾਲਾ ਧਨ ਖ਼ਤਮ ਕਰਨ ਦੀ ਰਣਨੀਤੀ ਬਣਾਉਣਾ ਜੇ ਅਪਰਾਧਿਕ ਗ਼ਲਤੀ ਨਹੀਂ ਤਾਂ ਸਪੱਸ਼ਟ ਤੌਰ 'ਤੇ ਕਰੂਰਤਾ ਜ਼ਰੂਰ ਹੈ।

ਇਸ ਤੋਂ ਸਵਾਲ ਪੈਦਾ ਹੁੰਦਾ ਹੈ: ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਹ ਨੀਤੀ ਕਿਉਂ ਅਮਲ ਵਿੱਚ ਲਿਆਂਦੀ ? ਇਸ ਫ਼ੈਸਲੇ ਪਿੱਛੇ ਇਸਦਾ ਸਿਆਸੀ ਮੰਤਵ ਕੀ ਸੀ ਕਿਉਂਕਿ ਦੁਨੀਆਂ ਵਿੱਚ ਕਿਤੇ ਵੀ ਕੋਈ ਸੱਤਾਧਾਰੀ ਪਾਰਟੀ ਬਗ਼ੈਰ ਸਿਆਸੀ ਮੰਤਵ ਦੇ ਆਰਥਿਕ ਨੀਤੀ ਲਾਗੂ ਨਹੀਂ ਕਰਦੀ। ਇਸ ਸਵਾਲ ਦਾ ਜਵਾਬ ਭਾਜਪਾ, ਵੱਡੇ ਕਾਰੋਬਾਰੀ ਘਰਾਣਿਆਂ ਅਤੇ ਪਾਰਟੀ ਦੇ ਸਮਾਜਿਕ ਵੋਟ ਆਧਾਰ ਦੇ ਗੂੜ੍ਹੇ ਸਬੰਧਾਂ ਵਿੱਚ ਛੁਪਿਆ ਹੋਇਆ ਹੈ। ਇਸ ਤੱਥ ਨੂੰ ਕੌਮਾਂਤਰੀ ਤੇ ਭਾਰਤੀ ਮੀਡੀਆ ਨੇ ਵਿਆਪਕ ਪੱਧਰ 'ਤੇ ਪ੍ਰਚਾਰਿਆ ਕਿ ਕੁਝ ਸਿਖ਼ਰਲੇ ਕਾਰੋਬਾਰੀ ਘਰਾਣਿਆਂ ਦੇ ਅਣਮੁੜੇ ਜਾਂ ਡੁੱਬੇ ਕਰਜ਼ਿਆਂ ਕਾਰਨ ਭਾਰਤੀ ਬੈਂਕਿੰਗ ਖੇਤਰ ਦਾ ਘਾਣ ਹੋਇਆ ਪਿਆ ਹੈ। ਨਤੀਜੇ ਵਜੋਂ ਬੈਂਕਾਂ, ਵਿਸ਼ੇਸ਼ ਕਰਕੇ ਸਰਕਾਰੀ ਖੇਤਰ ਦੀਆਂ ਬੈਂਕਾਂ ਕੋਲ ਕਰਜ਼ੇ ਦੇਣ ਲਈ ਫੰਡਾਂ ਦੀ ਬਹੁਤ ਵੱਡੀ ਘਾਟ ਹੈ। ਕਰਜ਼ੇ ਨਾ ਦਿੱਤੇ ਜਾਣ ਦਾ ਅਸਰ ਸਮੁੱਚੇ ਕਾਰੋਬਾਰ, ਖ਼ਾਸ ਕਰਕੇ ਨਿਰਮਾਣ ਖੇਤਰ 'ਤੇ ਮਾੜਾ ਅਸਰ ਪੈ ਰਿਹਾ ਸੀ। ਭਾਜਪਾ ਦੀ ਵੱਡੇ ਕਾਰੋਬਾਰੀ ਘਰਾਣਿਆਂ ਨਾਲ ਸਾਂਝ ਦਾ ਭਾਵ ਹੈ ਕਿ ਇਹ ਪਾਰਟੀ ਵੱਡੇ ਡਿਫ਼ਾਲਟਰ ਕਾਰੋਬਾਰੀਆਂ ਕੋਲੋਂ ਕਰਜ਼ੇ ਜਬਰੀ ਵਸੂਲ ਨਹੀਂ ਸਕਦੀ, ਪਰੰਤੂ ਇਸ ਦੀ ਇਹ ਲੋੜ ਕਿ ਬੈਂਕਾਂ ਕੋਲ ਛੋਟੇ ਤੇ ਦਰਮਿਆਨੇ ਕਾਰੋਬਾਰੀ ਭਾਈਚਾਰਿਆਂ ਵਿਚਲੇ ਆਪਣੇ ਸਮਾਜਿਕ-ਵੋਟ ਆਧਾਰ ਨੂੰ ਕਰਜ਼ੇ ਦੇ ਸਕਣ ਲਈ ਢੁਕਵੇਂ ਫੰਡ ਹੋਣ।

ਨੋਟਬੰਦੀ ਨੂੰ ਬੈਂਕਾਂ ਕੋਲ ਭਾਜਪਾ ਦੇ ਸਮਾਜਿਕ-ਵੋਟ ਆਧਾਰ ਲਈ ਢੁਕਵੇਂ ਫੰਡ ਜੁਟਾਉਣ ਵਜੋਂ ਵੇਖਿਆ ਗਿਆ ਪਰ ਨਾਲ ਇਹ ਵੀ ਖਿਆਲ ਰੱਖਿਆ ਗਿਆ ਕਿ ਸੱਤਾਧਾਰੀ ਪਾਰਟੀ ਦੇ ਕਾਰੋਬਾਰੀ ਮਿੱਤਰਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਭਾਰਤੀ ਰਿਜ਼ਰਵ ਬੈਂਕ ਦੇ ਪਹਿਲੇ ਗਵਰਨਰ ਰਘੂਰਾਮ ਰਾਜਨ ਨਾਲ ਸਰਕਾਰ ਦਾ ਵਿਵਾਦ ਹੋਣ ਦਾ ਇੱਕ ਅਹਿਮ ਕਾਰਨ ਇਹ ਵੀ ਸੀ ਕਿ ਸਰਕਾਰ ਚਾਹੁੰਦੀ ਸੀ ਕਿ ਉਹ ਪਾਰਟੀ ਦੇ ਸਮਾਜਿਕ-ਵੋਟ ਆਧਾਰ ਦੀ ਮਦਦ ਵਿਆਜ ਦਰਾਂ ਘਟਾ ਕੇ ਕਰਨ। ਸ੍ਰੀ ਰਾਜਨ ਨੇ ਇਸ ਸੌੜੇ ਸਿਆਸੀ ਮੰਤਵ ਦਾ ਵਿਰੋਧ ਕਰਦਿਆਂ ਆਪਣੀ ਪੇਸ਼ੇਵਾਰਾਨਾ ਪਹੁੰਚ ਨੂੰ ਤਰਜੀਹ ਦਿੱਤੀ।

ਨੋਟਬੰਦੀ ਦਾ ਇਹ ਪ੍ਰਚਾਰ ਜ਼ਿਆਦਾ ਹੋਇਆ ਕਿ ਇਹ ਇੱਕ ਵਧੀਆ ਨੀਤੀ ਸੀ ਪਰੰਤੂ ਇਸ ਉੱਤੇ ਅਮਲ ਸੁਚੱਜੇ ਢੰਗ ਨਾਲ ਨਹੀਂ ਹੋਇਆ। ਇਹ ਬੜੀ ਕਮਜ਼ੋਰ ਕਿਸਮ ਦੀ ਆਲੋਚਨਾ ਹੈ। ਹਾਲਾਂਕਿ ਏਟੀਐੱਮਜ਼ ਦੀ ਘਾਟ ਹੋਣ ਵਾਲਾ ਤਰਕ ਸਹੀ ਸੀ। ਇਹ ਆਪਣੇ ਆਪ ਵਿੱਚ ਨੁਕਸਾਂ ਭਰੀ ਨੀਤੀ ਸੀ ਅਤੇ ਕੇਵਲ ਲਾਗੂ ਕਰਨ ਪੱਖੋਂ ਹੀ ਭੈੜੀ ਨਹੀਂ ਸੀ।

ਨੋਟਬੰਦੀ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਚੁੱਕੀ ਹੈ; ਕੇਵਲ ਨਕਦੀ ਕਾਲਾ ਧਨ ਰੋਕਣ ਵਿੱਚ ਹੀ ਨਹੀਂ, ਸਗੋਂ ਇਸ ਦੇ ਭਾਰਤੀ ਆਰਥਿਕਤਾ ਲਈ ਚੰਗੇ ਅਸਰਾਤ ਮਿਲਣ ਪੱਖੋਂ ਵੀ। ਭਾਰਤੀ ਰਿਜ਼ਰਵ ਬੈਂਕ ਵੱਲੋਂ ਹਾਲੀਆ ਪ੍ਰਕਾਸ਼ਿਤ ਰਿਪੋਰਟ ਨੋਟਬੰਦੀ ਦੇ ਚੰਗੇ ਨਤੀਜੇ ਨਾ ਮਿਲਣ ਨੂੰ ਦਰਸਾਉਂਦੀ ਹੈ। ਇਸ ਵਿੱਚ ਲਿਖਿਆ ਹੋਇਆ ਹੈ ਕਿ ਨੋਟਬੰਦੀ ਸਮੇਂ ਚਲਣ ਵਿੱਚ 15.44 ਲੱਖ ਕਰੋੜ ਦੇ ਇਨ੍ਹਾਂ ਨੋਟਾਂ ਵਿੱਚੋਂ ਲੋਕਾਂ ਨੇ ਬੈਂਕਾਂ ਵਿੱਚ 15.28 ਲੱਖ ਕਰੋੜ ਰੁਪਏ ਜਮ੍ਹਾਂ ਕਰਵਾ ਦਿੱਤੇ ਹਨ। ਇੱਕ ਅਨੁਮਾਨ ਅਨੁਸਾਰ ਨੋਟਬੰਦੀ ਦੇ ਘੇਰੇ ਵਿੱਚ ਆਏ 97 ਫ਼ੀਸਦੀ ਨੋਟ ਬੈਂਕਾਂ ਵਿੱਚ ਜਮ੍ਹਾਂ ਕਰਾਏ ਜਾ ਚੁੱਕੇ ਹਨ। ਇਸ ਦਾ ਵੱਡਾ ਹਿੱਸਾ ਪਹਿਲਾਂ ਹੀ ਚਿੱਟਾ ਧਨ ਹੈ ਜਿਹੜਾ ਕਰੋੜਾਂ ਆਮ ਲੋਕਾਂ ਨੇ ਕਮਾਇਆ ਹੋਇਆ ਹੈ। ਅਤੇ ਜੇ ਕਾਲਾ ਧਨ ਕਿਸੇ ਕੋਲ ਸੀ ਤਾਂ ਉਹ ਹੁਣ 'ਚਿੱਟਾ ਧਨ' ਬਣ ਗਿਆ ਹੈ। ਨੋਟਬੰਦੀ ਦੇ ਕਾਲਾ ਧਨ ਸਬੰਧੀ ਦਾਅਵੇ ਦਾ ਇਹ ਅੰਕੜੇ ਮਜ਼ਾਕ ਉਡਾ ਰਹੇ ਹਨ।

ਕੁਝ ਸਮਾਜਿਕ ਗਰੁੱਪਾਂ, ਜਿਹੜੇ ਆਮ ਤੌਰ 'ਤੇ ਭਾਜਪਾ ਦੇ ਵੋਟ ਬੈਂਕ ਨਹੀਂ, ਉਨ੍ਹਾਂ ਲਈ ਨੋਟਬੰਦੀ ਦੇ ਨਤੀਜੇ ਬੜੇ ਤਬਾਹਕੁੰਨ ਰਹੇ ਹਨ। ਕਿਸਾਨ ਅਤੇ ਗ਼ੈਰਰਸਮੀ ਖੇਤਰ ਦੇ ਕਾਮੇ ਜਿਵੇਂ ਜੁਲਾਹੇ, ਬੁਣਕਰ, ਦਰਜ਼ੀ ਅਤੇ ਕਪੜਾ ਕਾਮੇ ਤੇ ਕਢਾਈ/ਬੁਣਾਈ ਕਰਨ ਵਾਲੇ ਕਾਰੀਗਰ ਖ਼ਾਸ ਕਰਕੇ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਕਿਸਾਨ, ਖ਼ਾਸ ਕਰਕੇ ਸਬਜ਼ੀਆਂ, ਫ਼ਲਾਂ ਤੇ ਪੋਲਟਰੀ ਉਤਪਾਦਾਂ ਦੇ ਉਤਪਾਦਕਾਂ ਨੂੰ ਖ਼ੁਰਾਕੀ ਕੀਮਤਾਂ ਘਟਣ ਕਾਰਨ ਭਾਰੀ ਨੁਕਸਾਨ ਉਠਾਉਣਾ ਪਿਆ ਹੈ। ਉਪਭੋਗਤਾਵਾਂ ਕੋਲ ਨਕਦੀ ਨਾ ਹੋਣ ਕਾਰਨ ਇਨ੍ਹਾਂ ਖ਼ੁਰਾਕੀ ਵਸਤਾਂ ਦੇ ਗਾਹਕ ਵੀ ਨਹੀਂ ਮਿਲ ਰਹੇ ਸਨ। ਸਨਅਤੀ ਉਤਪਾਦਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ। ਇੱਕ ਅਨੁਮਾਨ ਅਨੁਸਾਰ ਨੋਟਬੰਦੀ ਕਰਕੇ ਦੇਸ਼ ਦਾ ਸਮੁੱਚਾ ਵਿਕਾਸ ਉਤਪਾਦਨ (ਜੀਡੀਪੀ) ਵੀ 2. 25 ਲੱਖ ਕਰੋੜ ਰੁਪਏ ਨੁਕਸਾਨਿਆ ਗਿਆ।

ਕੁਲ ਮਿਲਾ ਕੇ ਨੋਟਬੰਦੀ ਫ਼ਿਰਕੂ ਸਿਆਸੀ ਮੰਤਵਾਂ ਦੀ ਪੂਰਤੀ ਲਈ ਉਲੀਕੀ ਗਈ ਇਕ ਬੁਰੀ ਨੀਤੀ ਸੀ। ਇਸ ਦੀਆਂ ਪ੍ਰਾਪਤੀਆਂ, ਜੇ ਕੋਈ ਸਨ, ਤਾਂ ਉਹ ਬਹੁਤ ਹੀ ਮਾਮੂਲੀ ਕਹੀਆਂ ਜਾ ਸਕਦੀਆਂ ਹਨ ਜਦੋਂਕਿ ਨਵੇਂ ਨੋਟਾਂ ਦੀ ਛਪਾਈ ਉਪਰ ਆਈ ਲਾਗਤ ਦੇ ਰੂਪ ਵਿੱਚ ਇਹ ਇਕ ਵੱਡਾ ਨੁਕਸਾਨ ਹੋਇਆ ਹੇ। ਖੇਤੀਬਾੜੀ, ਸਨਅਤ ਅਤੇ ਜੀਡੀਪੀ ਉੱਪਰ ਬਹੁਤ ਮਾੜਾ ਪ੍ਰਭਾਵ ਪਿਆ। ਜਿੱਥੇ ਰਿਜ਼ਕ ਦਾ ਸਵਾਲ ਹੈ, ਛੋਟੀਆਂ ਸਨਅਤਾਂ/ ਕਾਰੋਬਾਰਾਂ ਦਾ ਭਾਰੀ ਨੁਕਸਾਨ ਹੋਇਆ। ਨੋਟਬੰਦੀ ਕਾਰਨ ਬਹੁਤ ਸਾਰੀਆਂ ਬੇਲੋੜੀਆਂ ਮੌਤਾਂ ਵੀ ਹੋਈਆਂ।

*ਲੇਖਕ ਆਕਸਫੋਰਡ ਬਰੁੱਕਸ ਯੂਨੀਵਰਸਿਟੀ, ਆਕਸਫੋਰਡ (ਯੂ.ਕੇ.) ਵਿੱਚ ਇਕਨੌਮਿਕਸ ਦਾ ਪ੍ਰੋਫ਼ੈਸਰ ਹੈ।

## ਨਿਊਯਾਰਕ 'ਚ ਕਰਵਾਏ ਗਏ ਸਭਿਆਚਾਰ ਸਮਾਗਮ ਦੌਰਾਨ ਸਿਆਸੀ, ਵਪਾਰਕ ਅਤੇ ਸਮਾਜ ਸੇਵੀ ਖੇਤਰ ਦੀਆਂ ਸ਼ਖਸੀਅਤਾਂ ਵੱਲੋਂ ਸ਼ਿਰਕਤ

**ਨਿਊਯਾਰਕ/ਹੁਸਨ ਲੜੋਆ ਬੰਗਾ:** ਭਾਈਚਾਰੇ ਖਾਸ ਪਹਿਚਾਣ ਰੱਖਣ ਵਾਲੇ ਨਿਊਯਾਰਕ ਦੇ ਆਗੂ ਹਰਪ੍ਰੀਤ ਸਿੰਘ ਟੋਨੀ ਵੱਲੋਂ ਬੀਤੀ ਦਿਨੀਂ ਨਿਊਯਾਰਕ 'ਚ ਸਭਿਆਚਾਰ ਫੰਕਸ਼ਨ ਕਰਵਾਇਆ ਗਿਆ ਜੋ ਇੰਟਰਨੈਸ਼ਨਲ ਪੱਧਰ ਦਾ ਹੋ ਨਿਬੜਿਆ। ਫਲੱਸਿੰਗ ਦੇ ਹਿੰਦੂ ਐਡੀਟੋਰੀਅਮ ਵਿਚ ਕਰਵਾਏ ਇਸ ਸਮਾਰੋਹ ਵਿਚ ਡਿਪਟੀ ਕੰਪਟਰੋਲਰ ਨਿਊਯਾਰਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਰੋਹ ਵਿਚ ਨਿਊਯਾਰਕ ਅਤੇ ਨਿਊਜਰਸੀ ਦੀਆਂ ਉੱਚ ਪੱਧਰੀ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਸੈਨੇਟਰ ਟੋਬੀ ਐਨ ਸਟਾਵਿਸਕੀ ਅਤੇ ਸੈਨੇਟਰ ਟੋਨੀ ਅਵੇਲਾ ਸ਼ਾਮਲ ਸਨ। ਇਨ੍ਹਾਂ ਵੱਲੋਂ ਹਰਪ੍ਰੀਤ ਸਿੰਘ ਟੋਨੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ. ਲੈਫਟੀਨੈਂਟ ਗਵਰਨਰ ਦੇ ਦਫ਼ਤਰ ਤੋਂ ਵੀ ਹਰਪ੍ਰੀਤ ਟੋਨੀ ਨੂੰ ਸਨਮਾਨ ਪੱਤਰ ਭੇਜਿਆ ਗਿਆ। ਇਸ ਮੌਕੇ ਆਈ ਐਨ ਓ ਸੀ ਦੇ ਪ੍ਰਧਾਨ ਸ਼ੁੱਧ ਪ੍ਰਕਾਸ਼ ਪਰਿਵਾਰ ਸਮੇਤ ਪੁੱਜੇ ਹੋਏ ਸਨ। ਲਾਂਗ ਆਈਲੈਂਡ ਐਸੋਸੀਏਸ਼ਨ ਦੀ ਪ੍ਰਧਾਨ ਬੀਨਾ ਸਭਾਪਤੀ ਅਤੇ ਸਾਬਕਾ ਪ੍ਰਧਾਨ ਬੀਨ ਕੋਠਾਰੀ, ਆਈ ਐਨ ਓ ਸੀ ਦੇ ਜਨਰਲ ਸਕੱਤਰ ਜੀ ਐਸ ਤਲਵੰਡੀ, ਨਿਊਜਰਸੀ ਦੇ ਸਜਦਾ ਗਰੁੱਪ ਦੀ ਮਾਲਕਨ ਸੁਮਨ ਤੋਂ ਇਲਾਵਾ ਵੱਖ ਵੱਖ ਸਟੇਟਾਂ ਤੋਂ ਐਸੋਸੀਏਸ਼ਨਾਂ ਦੇ ਪ੍ਰਧਾਨ ਪੁੱਜੇ ਹੋਏ ਸਨ। ਇਸ ਸਮਾਰੋਹ ਵਿਚ ਵਿਰਾਸਤੀ ਅਤੇ ਮੌਜੂਦਾ ਸਭਿਆਚਾਰ ਦਾ ਸੰਗਮ ਵੇਖਣ ਨੂੰ ਮਿਲਿਆ ਫੰਕਸ਼ਨ ਵਿਚ ਬਾਲੀਵੁੱਡ ਤੋਂ ਤਨੁਸ਼੍ਰੀ ਦੱਤਾ, ਥ੍ਰੀ ਈਡੀਅਟ ਵਾਲੇ ਓਮ ਵੈਦਯ, ਸਾਰਾਗਾਮਾਪਾ ਦੇ ਵਿਨਰ ਵਿਸ਼ਵਜੀਤ, ਪੰਜਾਬੀ ਦੇ ਉੱਘੇ ਪ੍ਰਮੋਟਰ ਬਲਵਿੰਦਰ ਬਾਜਵਾ ਅਤੇ ਸੁਮਿਤ ਵਰਮਾ ਤੋਂ ਇਲਾਵਾ ਹੋਰ ਸ਼ਖਸੀਅਤਾਂ ਪੁੱਜੀਆਂ ਹੋਈਆਂ ਸਨ।



**ਸਮਾਰੋਹ ਦੌਰਾਨ ਹਰਪ੍ਰੀਤ ਸਿੰਘ ਟੋਨੀ ਦੇ ਨਾਲ ਸਨੇਟਰ ਟੋਨੀ ਅਵੇਲਾ, ਦਲੀਪ ਚੌਹਾਨ, ਭਰਤ ਗੁਰਾੜੀ ਇੰਟਰਨੈਸ਼ਨਲ ਪ੍ਰਮੋਟਰ, ਡਾ. ਰਸ਼ਮੀ ਸ਼ਰਮਾ ਅਤੇ ਮਨੀ ਕੰਬੋਜ ਸਮਾਗਮ ਦੌਰਾਨ ਇਕ ਕਲਾਕਾਰ ਨੂੰ ਸਨਮਾਨ ਕਰਦੇ ਹੋਏ।**

## ਗਾਜ਼ੀਆਬਾਦ ਦੀ ਇਕ ਅਦਾਲਤ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਖਿਲਾਫ 23 ਸਾਲ ਬਾਅਦ 'ਦੋਸ਼' ਤੈਅ ਕੀਤੇ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਗਾਜ਼ੀਆਬਾਅਦ (ਯੂ.ਪੀ.) ਦੀ ਇਕ ਅਦਾਲਤ ਨੇ ਸਿੱਖ ਸਿਆਸੀ ਕੈਦੀ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੇ ਖਿਲਾਫ 2 ਨਵੰਬਰ, 2017) ਨੂੰ 23 ਸਾਲਾਂ ਬਾਅਦ ਨਵੇਂ ਦੋਸ਼' ਤੈਅ ਕੀਤੇ ਹਨ।



ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਸਿੱਖ ਸਿਆਸਤ ਨਿਊਜ਼ ਨੂੰ ਦੱਸਿਆ ਕਿ ਐਡੀਸ਼ਨਲ ਸੈਸ਼ਨ ਜੱਜ ਵੰਦਨਾ ਸਿੰਘ ਨੇ 19 ਅਪ੍ਰੈਲ 1994 ਦੇ ਇਕ ਕੇਸ ਵਿਚ ਪ੍ਰੋ. ਭੁੱਲਰ ਖਿਲਾਫ ਦੋਸ਼ ਤੈਅ ਕੀਤੇ ਹਨ। ਇਹ ਕੇਸ ਗਾਜ਼ੀਆਬਾਦ ਦੇ ਕਵੀ ਨਗਰ ਥਾਣੇ 'ਚ ਐਫ.ਆਈ.ਆਰ. ਨੰ: 219 ਤਹਿਤ ਧਾਰਾ 364-ਏ, 365 ਅਧੀਨ 19 ਅਪ੍ਰੈਲ 1994 ਨੂੰ ਦਰਜ ਕੀਤਾ ਗਿਆ ਸੀ। ਇਸ ਮੁਕੱਦਮੇ ਦੀ ਅਗਲੀ ਤਰੀਕ 25 ਨਵੰਬਰ, 2017 ਪਈ ਹੈ।

# ਚਾਰ ਦਿਨ ਦੀ ਦਿੱਲੀ



(ਲੇਖਕ ਅਤੇ ਪ੍ਰਕਾਸ਼ਕ ਐੱਸ ਬਲਵੰਤ ਦੀ ਸਵੈ-ਜੀਵਨੀ 'ਤੇ ਆਧਾਰਿਤ ਪੁਸਤਕ 'ਮਹਿਫ਼ੂਜ਼ ਪਲ' ਦੇ ਅਧਿਆਇ 'ਦਿੱਲੀ 1984: ਇੱਕ ਇਤਿਹਾਸਿਕ ਵਿਸ਼ਵਾਸਘਾਤ' ਦੇ ਅੰਸ਼)

**ਐੱਸ. ਬਲਵੰਤ**

ਇੰਦਰਾ ਗਾਂਧੀ ਦਾ ਕਤਲ ਇਕੱਤੀ ਅਕਤੂਬਰ ਨੂੰ ਸਵੇਰੇ ਹੀ ਉਸ ਦੇ ਜ਼ਾਤੀ ਬਾਡੀਗਾਰਡਾਂ ਵੱਲੋਂ ਹੋ ਚੁੱਕਾ ਸੀ। ਉਸ ਦਿਨ ਮੈਂ ਆਪਣੇ ਦਫ਼ਤਰ ਦੀ ਪਹਿਲੀ ਮੰਜ਼ਿਲ 'ਤੇ ਬੈਠਾ



ਕੰਮ ਕਰ ਰਿਹਾ ਸਾਂ। ਬਾਹਰਲੀ ਦੁਨੀਆਂ ਤੋਂ ਬੇਖ਼ਬਰ। ਦੁਪਹਿਰ ਬਾਅਦ, ਅਚਾਨਕ ਮੇਰਾ ਬਾਈਂਡਰ ਅਹਿਮਦ ਦੀਨ ਮੇਰੇ ਕੋਲ ਆਇਆ ਤੇ ਉਸ ਦੱਬੀ ਜ਼ੁਬਾਨ 'ਚ ਕਿਹਾ, "ਕੁਛ ਸੁਨਾ ਆਪ ਨੇ ? ਨੀਚੇ ਜੁੰਡਲੀਆਂ ਬਨਾ ਲੋਗ ਖੁਸਰ ਫੁਸਰ ਕਰ ਰਹੇ ਹੈਂ... ਇੰਦਰਾ ਗਾਂਧੀ ਕੋ ਕਿਸੀ ਸਿੱਖ ਬਾਡੀਗਾਰਡ ਨੇ ਗੋਲੀ ਮਾਰ ਦੀ ਹੈ !"

ਮੈਂ ਘਬਰਾਇਆ, ਤੇ ਆਪਣੇ ਦਰਾਜ਼ 'ਚੋਂ ਟ੍ਰਾਂਜ਼ਿਸਟਰ ਕੱਢ ਚਾਲੂ ਕੀਤਾ ਤਾਂ ਪਾਕਿਸਤਾਨ ਰੇਡੀਓ 'ਤੇ ਖ਼ਬਰਾਂ ਦਾ 'ਵਿਸ਼ੇਸ਼ ਬੁਲੇਟਿਨ' ਆ ਰਿਹਾ ਸੀ। ਇਸ ਨੂੰ ਬੰਦ ਕਰਨ ਤੋਂ ਪਹਿਲਾਂ ਮੈਂ ਉਸੇ ਬੈਂਡ 'ਤੇ ਮੈਚ ਸੁਣ ਰਿਹਾ ਸਾਂ। ਪਾਕਿਸਤਾਨ ਤੋਂ ਜੋ ਕੁਝ ਨਸ਼ਰ ਹੋ ਰਿਹਾ ਸੀ ਉਸ ਵਿੱਚ ਮੁੱਖ ਖ਼ਬਰ ਇਹੀ ਸੀ ਕਿ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਕਿਸੇ ਨੇ ਗੋਲੀ ਮਾਰ ਦਿੱਤੀ ਹੈ ਤੇ ਉਹ 'ਕ੍ਰਿਟੀਕਲ' ਹਾਲਾਤ ਵਿੱਚ ਹਸਪਤਾਲ ਲਿਜਾਏ ਗਏ ਹਨ। ਇੰਦਰਾ ਗਾਂਧੀ ਦੇ ਕਤਲ ਦੀ ਖ਼ਬਰ ਭਾਰਤ ਸਰਕਾਰ ਨੇ ਤਾਂ ਕਈ ਕਾਰਨਾਂ ਕਰਕੇ ਤਸਦੀਕ ਨਹੀਂ ਸੀ ਕੀਤੀ, ਪਰ ਬੀਬੀਸੀ ਤੋਂ ਖ਼ਬਰ ਆ ਚੁੱਕੀ ਸੀ! ਝਆਸਟਰੇਲੀਆ ਰੇਡੀਓ ਵੀ ਦੱਸ ਚੁੱਕਾ ਸੀ! ਝਪਾਕਿਸਤਾਨ ਨੇ ਵੀ ਮੈਚ ਕੈਂਸਲ ਕਰ ਦਿੱਤਾ ਸੀ!

ਮੈਂ ਦਫ਼ਤਰ ਬੰਦ ਕਰਕੇ ਘਰ ਨੂੰ ਭੱਜਾ। ਪਤਨੀ ਜਸਬੀਰ ਨਾਲ ਸਲਾਹ ਕਰਨ ਮਗਰੋਂ ਅਸੀਂ ਫ਼ੈਸਲਾ ਕੀਤਾ ਕਿ ਕੁਝ ਦਿਨਾਂ ਲਈ ਘਰੋਂ ਕਿਤੇ ਹੋਰ ਚਲੇ ਚੱਲੀਏ। ਪਰ ਕਿੱਥੇ ? ਇਹ ਸੁਆਲ ਕਾਫ਼ੀ ਚਿਰ ਨਾ ਸੁਲਝਿਆ। ਕਈ ਕਾਰਨ ਸਨ। ਘਰ ਅਸੀਂ ਰਹਿ ਨਹੀਂ ਸੀ ਸਕਦੇ। ਕਿਸੇ 'ਤੇ ਬੋਝ ਬਣਨ ਦਾ ਮੌਕਾ ਨਹੀਂ ਸੀ ਕਿਉਂਕਿ ਹਰੇਕ ਪੰਜਾਬੀ ਨੂੰ ਹਫੜਾ-ਦਫੜੀ ਪਈ ਹੋਈ ਸੀ। ਗੁਰਦੁਆਰੇ ਸ਼ਰਨ ਲੈਣ 'ਚ ਸਾਨੂੰ ਗੁਰੇਜ਼ ਸੀ ਕਿਉਂਕਿ ਮੇਰੇ ਸਿਰ 'ਤੇ ਕੇਸ ਬਚਪਨ ਤੋਂ ਹੀ ਨਹੀਂ ਸਨ ਤੇ ਮੈਨੂੰ ਦੋਹਰਾ ਖ਼ਤਰਾ ਮਹਿਸੂਸ ਹੋਇਆ। ਇੱਕ ਤਾਂ ਇਹ ਕਿ ਮੇਰੇ ਮੋਨਾ ਹੋਣ ਕਰਕੇ ਕੋਈ ਸਿੱਖ ਗੁੱਸੇ 'ਚ ਆ ਮੇਰਾ ਘਾਣ ਨਾ ਕਰ ਦੇਵੇ। ਪਰ ਜੇ ਆਪਣੇ ਘਰ ਰਹਾਂ ਤਾਂ ਲੋਕਾਂ ਦਾ ਕੋਈ ਭਰੋਸਾ ਨਹੀਂ। ਇਸ ਕਰਕੇ ਮੈਂ ਇੱਕ ਹੋਟਲ ਚੁਣਿਆ। ਕਿਰਾਇਆ ਵੀ ਮੁਨਾਸਿਬ ਸੀ ਤੇ ਹੋਟਲ ਵੀ ਸਰਕਾਰੀ ਹੋਣ ਕਰਕੇ ਸਕਿਉਰਿਟੀ ਵੀ ਠੀਕ ਹੁੰਦੀ ਸੀ ਉੱਥੇ। ਨਾਲੇ ਸਾਡੇ ਉੱਥੇ ਰਹਿਣ ਕਰਕੇ ਕਿਸੇ ਨੂੰ ਅਜਿਹਾ ਚਿੱਤ ਚੇਤਾ ਵੀ ਨਹੀਂ ਹੋ ਸਕਦਾ ਸੀ ਕਿ ਅਸੀਂ ਉਸ ਹੋਟਲ 'ਚ ਕਿਉਂ ਰਹਿ ਰਹੇ ਹਾਂ। ਪਰ ਜਦੋਂ ਅਸੀਂ ਤਿਆਰੀ ਕਰ ਲਈ ਤਾਂ ਸਾਡੇ ਗੁਆਂਢੀਆਂ ਨੇ ਸਾਨੂੰ ਨਾ ਜਾਣ ਦਿੱਤਾ। ਸਾਡਾ ਆਂਢ-ਗੁਆਂਢ ਬਹੁਤ ਚੰਗਾ ਸੀ ਤੇ ਸਾਡੇ ਮੁਹੱਲੇ ਦਾ ਲੋਕਾਂ ਦਾ ਆਸੇ-ਪਾਸੇ ਦਬਦਬਾ ਵੀ ਬਹੁਤ ਸੀ। ਮੈਨੂੰ ਇਸ ਗੱਲ ਦਾ ਭਰੋਸਾ ਸੀ ਕਿ ਜੇ ਇਹ ਸਾਰੇ ਸੱਚੇ ਦਿਲੋਂ ਕਹਿ ਰਹੇ ਹਨ ਤਾਂ ਸਾਡਾ ਕੋਈ ਵਾਲ ਤਕ ਵਿੰਗਾ ਨਹੀਂ ਕਰ ਸਕਦਾ। ਸੋ ਅਸੀਂ ਉੱਥੋਂ ਜਾਣ ਦਾ ਫ਼ੈਸਲਾ ਇਸੇ ਆਧਾਰ 'ਤੇ ਰੱਦ ਤਾਂ ਕਰ ਲਿਆ, ਪਰ ਮਨ 'ਚ ਧੁੜਕੂ ਫਿਰ ਵੀ ਬਰਕਰਾਰ ਸੀ।

ਸਾਡੇ ਇੱਕ ਗੁਆਂਢੀ ਨੇ ਸਾਨੂੰ ਹਦਾਇਤ ਕਰਦਿਆਂ ਇਹ ਵੀ ਕਿਹਾ ਸੀ ਕਿ ਸਾਡੇ 'ਚੋਂ ਬਾਜ਼ਾਰ ਕੋਈ ਨਾ ਜਾਵੇ। ਜੋ ਸਾਨੂੰ ਚਾਹੀਦਾ ਹੋਵੇ, ਅਸੀਂ ਉਨ੍ਹਾਂ ਨੂੰ ਦੱਸੀਏ। ਉਹ ਆਪੇ ਉਸ ਦਾ ਇੰਤਜ਼ਾਮ ਕਰ ਦੇਣਗੇ। ਉਸ ਗੁਆਂਢੀ ਦੀ ਪਤਨੀ ਵੀ ਬਹੁਤ ਦਲੇਰ ਸੀ ਤੇ ਆਸੇ-ਪਾਸੇ ਦੇ ਮਰਦ ਵੀ ਉਸ ਕੋਲੋਂ ਡਰਦੇ ਸਨ।

ਉਸ ਦਿਨ ਸਾਰੀ ਗੱਲਬਾਤ ਤੋਂ ਬਾਅਦ ਜਦੋਂ ਸਾਡਾ ਇਸੇ ਘਰ ਰਹਿਣਾ ਤੈਅ ਹੋ ਗਿਆ ਤਾਂ ਮੈਂ ਬਾਜ਼ਾਰੋਂ ਇੰਨਾ ਕੁ ਸਾਮਾਨ ਲੈ ਆਇਆ ਤਾਂ ਜੋ ਹਫ਼ਤਾ-ਦਸ ਦਿਨ ਹੋਰ ਕਿਸੇ ਚੀਜ਼ ਦੀ ਲੋੜ ਹੀ ਨਾ ਪਵੇ। ਬਾਹਰ ਸੜਕਾਂ 'ਤੇ, ਅੰਦਰ ਮੁਹੱਲਿਆਂ 'ਚ, ਸਾਰਾ ਦਿਨ ਭੀੜ ਮਜਮੇ ਵਾਂਗ ਢਾਣੀਆਂ ਬਣਾ ਖੁਸਰ-ਫੁਸਰ ਕਰਦੀ ਰਹੀ ਸੀ। ਹਰ ਕੋਈ ਆਪੋ-ਆਪਣੇ ਕਿਆਸ ਲਗਾ ਰਿਹਾ ਸੀ।

ਪਰ ਸਰਕਾਰ ਨੇ ਤ੍ਰਿਕਾਲਾਂ ਤੀਕ ਕੋਈ ਪੁਸ਼ਟੀ ਨਾ ਕੀਤੀ ਕਿ ਇੰਦਰਾ ਗਾਂਧੀ ਕਿਸ ਹਾਲਾਤ ਵਿੱਚ ਹਨ।

ਇਸ ਗੱਲ 'ਤੇ ਹੈਰਾਨੀ ਹੋਈ ਕਿ ਜਿਸ ਦਿਨ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਹੋਇਆ, ਉਸ ਦਿਨ ਵੀ ਬੁੱਧਵਾਰ ਸੀ ਤੇ ਇੰਦਰਾ ਨੂੰ ਗੋਲੀ ਲੱਗਣ ਵਾਲਾ ਦਿਨ ਵੀ। ਇਸ ਸਾਰੇ ਕਾਂਡ ਲਈ ਵਿਉਂਤੀਆਂ ਵੱਲੋਂ ਦਿਨ ਵੀ ਐਸਾ ਚੁਣਿਆ ਗਿਆ ਕਿ ਕੋਈ ਵੀ ਵੱਡਾ ਨੇਤਾ ਦਿੱਲੀ ਵਿੱਚ ਨਹੀਂ ਸੀ। ਰਾਜੀਵ ਗਾਂਧੀ ਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੀ ਦਿੱਲੀ ਤੋਂ ਬਾਹਰ ਹੀ ਸਨ। ਇਸ ਖ਼ਬਰ ਨੂੰ ਸੁਣ, ਉਹ ਦੋਵੇਂ ਦਿੱਲੀ ਨੂੰ ਭੱਜੇ। ਬਾਅਦ ਵਿੱਚ ਇਹ ਖ਼ਬਰ ਵੀ ਪਤਾ ਲੱਗੀ ਸੀ ਕਿ ਇਸ ਸਾਰੀ ਹਫੜਾ-ਦਫੜੀ ਕਾਰਨ ਸਕਿਓਰਿਟੀ ਇੰਨੀ ਬੌਖਲਾਈ ਹੋਈ ਸੀ ਕਿ ਉਨ੍ਹਾਂ 'ਚੋਂ ਕਿਸੇ ਨੇ ਰਾਜੀਵ ਗਾਂਧੀ ਨੂੰ ਵੀ ਨਹੀਂ ਸੀ ਪਛਾਣਿਆ ਤੇ ਉਨ੍ਹਾਂ ਨੂੰ ਹਸਪਤਾਲ ਦੇ ਅੰਦਰ ਨਾ ਵੜਨ ਦਿੱਤਾ। ਭੀੜ ਨੇ ਗਿਆਨੀ ਜ਼ੈਲ ਸਿੰਘ ਨੂੰ ਵੀ ਇੱਕ ਆਮ ਸਿੱਖ ਸਮਝ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਸੀ। ਮਗਰੋਂ ਮੋਹਤਬਰ ਲੋਕਾਂ ਦੀ ਦਖਲਅੰਦਾਜ਼ੀ ਨਾਲ ਉਹ ਅੰਦਰ ਗਏ।

ਬਾਅਦ ਦੀਆਂ ਖ਼ਬਰਾਂ ਇਹ ਵੀ ਕਹਿੰਦੀਆਂ ਸਨ ਕਿ ਜਦੋਂ ਇੰਦਰਾ ਗਾਂਧੀ ਨੂੰ ਗੋਲੀਆਂ ਮਾਰੀਆਂ ਜਾ ਰਹੀਆਂ ਸਨ ਤਾਂ ਐਨ ਉਸੇ ਵੇਲੇ ਨਾਲ ਦੀ ਕੋਠੀ ਵਿੱਚ ਹੌਲੀਵੁੱਡ ਦਾ ਰੂਸੀ ਮੂਲ ਦਾ ਅਦਾਕਾਰ ਤੇ ਦਸਤਾਵੇਜ਼ੀ ਫ਼ਿਲਮਸਾਜ਼ ਪੀਟਰ ਉਸਤੀਨੋਵ ਆਪਣਾ ਕੈਮਰਾ ਖੋਲ੍ਹ ਕੇ ਕਿਸੇ ਨੂੰ ਇੰਟਰਵਿਊ ਕਰ ਰਿਹਾ ਸੀ। ਮਗਰੋਂ ਉਸ ਨੇ ਇੰਦਰਾ ਗਾਂਧੀ ਨੂੰ ਵੀ ਇੰਟਰਵਿਊ ਕਰਨਾ ਸੀ। ਇਸੇ ਲਈ ਇੰਦਰਾ ਗਾਂਧੀ ਉਸ ਦਿਨ ਵਧੀਆ ਸਾੜ੍ਹੀ ਪਹਿਨ ਤੇ ਖ਼ੂਬ ਤਿਆਰ ਹੋ ਆਰ.ਕੇ. ਧਵਨ ਦੀ ਅਗਵਾਈ ਵਿੱਚ ਉਸਤੀਨੋਵ ਨੂੰ ਇੰਟਰਵਿਊ ਦੇਣ ਲਈ ਘਰੋਂ ਬਾਹਰ ਗਾਰਡਨ ਵੱਲ ਜਾ ਰਹੇ ਸਨ, ਜਦ ਉਨ੍ਹਾਂ ਨੂੰ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਰੋਕਿਆ ਤੇ ਬੇਅੰਤ ਸਿੰਘ ਨੇ ਉਨ੍ਹਾਂ ਉੱਪਰ ਗੋਲੀਆਂ ਦੀ ਬਰਸਾਤ ਸ਼ੁਰੂ ਕਰ ਦਿੱਤੀ ਸੀ। ਬਾਅਦ ਵਿੱਚ ਬਹੁਤ ਲੋਕ ਇਸ ਗੱਲੋਂ ਵੀ ਹੈਰਾਨ ਹੋਏ ਕਿ ਧਵਨ, ਇੰਦਰਾ ਗਾਂਧੀ ਦੇ ਨਾਲ ਨਾਲ ਚੱਲ ਰਹੇ ਸਨ, ਪਰ ਮੈਗਜ਼ੀਨ ਦੀਆਂ ਗੋਲੀਆਂ ਸਿਰਫ਼ ਇੰਦਰਾ ਗਾਂਧੀ ਨੂੰ ਹੀ ਕਿਉਂ ਲੱਗੀਆਂ। ਅਖ਼ਬਾਰਾਂ ਨੇ ਉਸ ਵੇਲੇ ਇਹ ਵੀ ਲਿਖਿਆ ਸੀ ਕਿ ਉਸਤੀਨੋਵ ਨੇ ਜਦ ਗੁਆਂਢ ਦੀ ਕੋਠੀ 'ਚੋਂ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਤਾਂ ਉਸ ਆਪਣਾ ਕੈਮਰਾ ਇਧਰ ਘੁਮਾ ਕੇ ਲਾਈਵ ਰਿਕਾਰਡਿੰਗ ਵੀ ਕੀਤੀ ਸੀ। ਪਰ ਪਤਾ ਨਹੀਂ, ਬਾਅਦ ਵਿੱਚ ਇਹ ਰਿਕਾਰਡਿੰਗ ਕਿੱਥੇ ਗਾਇਬ ਹੋ ਗਈ ? ਉਦੋਂ ਹੀ ਕੁਝ ਅਖ਼ਬਾਰਾਂ ਨੇ ਇਹ ਵੀ ਲਿਖਿਆ ਕਿ ਗੋਲੀ ਚੱਲਣ ਵੇਲੇ ਉੱਥੇ ਤਿੰਨ ਬੰਦੇ ਸਨ। ਇਹ ਵੀ ਲਿਖਿਆ ਕਿ ਐਨ ਉਸੇ ਵੇਲੇ ਕੋਈ ਮੁਸਲਮਾਨ ਨਾਂ ਵਾਲਾ ਬੰਦਾ ਵੀ ਉਸ ਕੋਠੀ ਵਿੱਚ ਦਾਖਲ ਹੋਇਆ ਸੀ। ਪ੍ਰਧਾਨ ਮੰਤਰੀ ਦੇ ਵਿਜ਼ਟਿੰਗ ਰਜਿਸਟਰ ਵਿੱਚ ਉਸ ਦਾ ਨਾਂ ਵੀ ਲਿਖਿਆ ਹੋਇਆ ਸੀ, ਪਰ ਬਾਅਦ ਵਿੱਚ ਵਿਜ਼ਟਿੰਗ ਰਜਿਸਟਰ ਵਿੱਚੋਂ ਉਹ ਸਫ਼ਾ ਹੀ ਗਾਇਬ ਸੀ। ਅਖ਼ਬਾਰੀ ਚਰਚਾ ਅਨੁਸਾਰ ਬੇਅੰਤ ਸਿੰਘ ਨੇ ਤਾਂ ਇੰਡੋ-ਤਿੱਬਤਨ ਬਾਰਡਰ ਪੁਲੀਸ ਮੂਹਰੇ ਇਹ ਕਹਿੰਦਿਆਂ ਆਪਣੇ ਹਥਿਆਰ ਸੁੱਟ ਦਿੱਤੇ ਸਨ, ਕਿ 'ਮੈਂ ਜੋ ਕਰਨਾ ਸੀ ਕਰ ਲਿਆ, ਹੁਣ ਜੋ ਤੁਸੀਂ ਕਰਨਾ ਹੈ ਕਰ ਲਓ !' ਕਹਿੰਦੇ ਹਨ ਉਸੇ ਵੇਲੇ ਪਿੱਛਿਓਂ ਇੱਕ ਆਵਾਜ਼ ਗੂੰਜੀ, "ਮਾਰੋ ਇਨਕੋ !" ਤੇ ਬੇਅੰਤ ਸਿੰਘ ਨੂੰ ਥਾਏਂ ਮਾਰ ਦਿੱਤਾ ਗਿਆ। ਗੋਲੀਆਂ ਸਤਵੰਤ ਸਿੰਘ ਨੂੰ ਵੀ ਲੱਗੀਆਂ, ਪਰ ਉਹ ਥਾਏਂ ਨਹੀਂ ਮਰਿਆ। ਅਸਲੀ ਗੱਲ ਤਾਂ ਬੇਅੰਤ ਸਿੰਘ ਨੂੰ ਪਤਾ ਸੀ। ਉਸ ਦੇ ਮਰਨ ਨਾਲ ਕਤਲ ਦੇ ਮਕਸਦ ਦੇ ਨਾਲ ਸਾਰੇ ਸਬੂਤ ਵੀ ਮਿਟ ਗਏ। ਰਾਜਨੀਤਕ ਕਤਲਾਂ ਦੀ ਲੜੀ ਵਿੱਚ ਅਜਿਹੀਆਂ ਮਿਸਾਲਾਂ ਪਹਿਲਾਂ ਵੀ ਸਾਡੇ ਸਾਹਮਣੇ ਹਨ। ਜਦੋਂ ਅਮਰੀਕੀ ਰਾਸ਼ਟਰਪਤੀ ਜੌਹਨ ਐੱਫ. ਕੈਨੇਡੀ ਜਾਂ ਮਾਰਟਿਨ ਲੂਥਰ ਕਿੰਗ ਦਾ ਕਤਲ ਹੋਇਆ, ਉਸੇ ਵੇਲੇ ਕਾਤਿਲਾਂ ਨੂੰ ਗੋਲੀ ਮਾਰ ਕੇ ਖ਼ਤਮ ਕਰ ਦਿੱਤਾ ਗਿਆ ਤੇ ਅਸਲੀਅਤ 'ਤੇ ਹਮੇਸ਼ਾਂ ਲਈ ਪਰਦਾ ਪੈ ਗਿਆ।

ਅਸੀਂ ਦੁਬਕੇ ਹੋਏ ਆਪਣੇ ਘਰ ਟੀਵੀ ਮੂਹਰੇ ਬੈਠੇ ਸਾਂ। ਪਰ ਰੇਡੀਓ ਜਾਂ ਟੈਲੀਵਿਜ਼ਨ ਉਪਰ ਇੰਦਰਾ ਗਾਂਧੀ ਦੇ ਜੀਵਤ ਜਾਂ ਮ੍ਰਿਤਕ ਹੋਣ ਬਾਰੇ ਕੋਈ ਖ਼ਬਰ ਨਹੀਂ ਸੀ। ਕਰੀਬ ਸਵਾ ਕੁ ਛੇ ਵਜੇ ਜਾਂ ਉਸ ਦੇ ਆਸ-ਪਾਸ ਟੀਵੀ ਦੀ ਸਕਰੀਨ ਉਪਰ ਉਸ ਵੇਲੇ ਦੇ ਗ੍ਰਹਿ ਮੰਤਰੀ ਨਰਸਿਮਹਾ ਰਾਓ ਦਿਸੇ। ਉਨ੍ਹਾਂ ਇੰਦਰਾ ਗਾਂਧੀ ਦੇ ਚਲਾਣੇ ਦੀ ਖ਼ਬਰ ਬਹੁਤ ਦਰਦ ਭਰੇ ਲਹਿਜੇ ਵਿੱਚ ਸੁਣਾਈ ਤੇ ਨਾਲ ਹੀ ਇਹ ਵੀ ਕਿਹਾ ਕਿ ਸਰਕਾਰ ਨੇ ਪੰਜਾਬ ਦੇ ਸਾਰੇ ਬਾਰਡਰ ਸੀਲ ਕਰ ਦਿੱਤੇ ਹਨ ਤਾਂ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਮੈਨੂੰ ਇਸ ਖ਼ਬਰ ਨੇ ਵੀ ਕਾਫ਼ੀ ਹੈਰਾਨ ਕੀਤਾ ਕਿ ਪੰਜਾਬ ਦੇ ਬਾਰਡਰ ਸੀਲ ਕਿਉਂ ਕੀਤੇ ਹੋਣਗੇ ਸਰਕਾਰ ਨੇ ? ਝਕੀ ਪਾਕਿਸਤਾਨ ਤੋਂ ਕੋਈ ਖ਼ਤਰਾ ਹੋਵੇਗਾ ? ਝਕੀ ਪੰਜਾਬ ਦੇ ਆਮ ਲੋਕ 'ਟੈਂਕ' ਲੈ ਕੇ ਬੈਠੇ ਹੋਣਗੇ ਦਿੱਲੀ 'ਤੇ ਹਮਲਾ ਕਰਨ ਲਈ ? ਝਜੇ ਪੰਜਾਬ ਤੋਂ ਇੰਨਾ ਖ਼ਤਰਾ ਹੈ ਤਾਂ ਫਿਰ ਰਾਹ ਵਿੱਚ ਹਰਿਆਣਾ ਵੀ ਤਾਂ ਪੈਂਦਾ ਸੀ ? ਹਾਲੇ ਕੁਝ ਸਮਾਂ ਪਹਿਲਾਂ ਹੀ ਉੱਥੇ ਵੀ ਭਜਨ ਲਾਲ ਦੀ ਹਕੂਮਤ ਸਮੇਂ ਸਿੱਖਾਂ ਦੀ ਕੁੱਟ-ਕੁਟਾਈ ਹੋ ਚੁੱਕੀ ਸੀ। ਝਫੇਰ ਬਾਰਡਰ ਕਿਉਂ ਸੀਲ ਕੀਤੇ ਹੋਣਗੇ ? ਮੇਰਾ ਖਦਸ਼ਾ ਹੋਰ ਵਧਿਆ ! ਝਆਪਣੇ ਅੰਦਰ ਭਰ ਰਿਹਾ ਡਰ ਉਦੋਂ ਇੰਤਹਾ ਤੀਕ ਪਹੁੰਚ ਗਿਆ ਜਦੋਂ ਉਸੇ ਰਾਤ ਸਾਰੇ ਫੋਨ ਵੀ ਡੈੱਡ ਕਰ ਦਿੱਤੇ ਗਏ ਜਿਸ ਨਾਲ ਕਿਸੇ ਦੋਸਤ-ਮਿੱਤਰ ਨਾਲ ਕੋਈ ਸੰਪਰਕ ਕਰਨ ਦੀ ਸੰਭਾਵਨਾ ਵੀ ਖ਼ਤਮ ਹੋ ਗਈ।

ਸਾਡੇ ਚਾਰੋਂ ਪਾਸੇ ਹਾਹਾਕਾਰ ਮੱਚਣੀ ਸ਼ੁਰੂ ਹੋ ਰਹੀ ਸੀ। ਇੱਕ ਗੁਆਂਢੀ ਖ਼ਬਰ ਲਿਆਇਆ ਕਿ ਸਾਡੇ ਘਰ ਨੇੜੇ ਪੰਜਾਬ ਐਂਡ ਸਿੰਧ ਬੈਂਕ ਦੇ ਨਾਲ ਇੱਕ ਸਰਦਾਰ ਦੀ ਡਰਾਈਕਲੀਨਿੰਗ ਦੀ ਦੁਕਾਨ ਲੁੱਟੀ ਗਈ। ਸਾਰੇ ਕੱਪੜੇ ਲੋਕੀਂ ਲੁੱਟ ਕੇ ਲਿਜਾ ਰਹੇ ਹਨ। ਇਹ ਉਸ ਦਿਨ ਦੀ ਪਹਿਲੀ ਘਟਨਾ ਸੀ। ਫਿਰ ਉਸ ਇਹ ਵੀ ਦੱਸਿਆ ਕਿ ਉਹ ਹੁਣੇ ਹੁਣੇ ਦੇਖ ਕੇ ਆਇਆ ਕਿ ਦੀਨੇ ਕੇ ਤਲਾਅ ਵੱਲੋਂ ਮਲਕਾਗੰਜ ਤੋਂ ਆ ਰਹੀ ਬੱਸ ਮੂਹਰੇ ਕਾਫ਼ੀ ਸਾਰੀ ਭੀੜ ਬਣਾ ਕੇ ਲੋਕਾਂ ਇੱਕ ਬੱਸ ਨੂੰ ਰੋਕ ਲਿਆ ਤੇ ਉਸ 'ਚੋਂ ਇੱਕ ਸਿੱਖ ਸਵਾਰੀ ਨੂੰ ਲਾਹ ਕੇ ਉਸ ਨੂੰ ਖ਼ੂਬ ਮਾਰ ਰਹੇ ਸਨ। ਇਸੇ ਤਰ੍ਹਾਂ ਇੱਕ ਹੋਰ ਸਿੱਖ ਸਵਾਰੀ ਵੀ ਉਸੇ ਬੱਸ 'ਚ ਬੈਠੀ ਸੀ, ਪਰ ਉਸ ਦੀ ਪਤਨੀ ਨੇ ਹੁਸ਼ਿਆਰੀ ਕਰ ਸਰਦਾਰ 'ਤੇ ਆਪਣੀ ਸਾੜ੍ਹੀ ਪਾ ਉਸ ਨੂੰ ਬੱਸ ਦੀ ਸੀਟ ਦੇ ਥੱਲੇ ਨੂੰ ਸੁੱਟ ਦਿੱਤਾ। ਉਹ ਉੱਥੋਂ ਤਾਂ ਬਚ ਗਿਆ, ਪਰ ਅੱਗੇ ਇੱਕ ਹੋਰ ਭੀੜ ਸੀ ਜਿਸ ਨੇ ਉਸ ਨੂੰ ਮੁੜ ਲਾਹ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਇੱਕ ਸਿੱਖ ਬੱਚਾ ਵੀ ਉਤਾਰ ਕੇ ਕਾਫ਼ੀ ਕੁੱਟਿਆ ਗਿਆ।

ਹਾਲੇ ਇਹ ਸਭ ਕੁਝ ਹਜ਼ਮ ਨਹੀਂ ਸੀ ਹੋਇਆ ਕਿ ਉਸੇ ਸ਼ਾਮ ਮੇਰੇ ਘਰ ਉੱਪਰ ਪੱਥਰਾਂ ਦੀ ਬਾਰਿਸ਼ ਸ਼ੁਰੂ ਹੋ ਗਈ। ਪਹਿਲਾਂ ਇੱਕਾ-ਦੁੱਕਾ ਤੇ ਫਿਰ ਧੜਾਧੜ ਪੱਥਰ ਵਰ੍ਹਨੇ ਸ਼ੁਰੂ ਹੋ ਗਏ। ਕੁਝ ਸ਼ੀਸ਼ੇ ਵੀ ਟੁੱਟ ਗਏ। ਮੇਰਾ ਇੱਕ ਗੁਆਂਢੀ ਭੱਜਾ ਆਇਆ ਤੇ ਪੱਥਰ ਮਾਰਨ ਵਾਲਿਆਂ ਨੂੰ ਝਿੜਕਣ ਲੱਗਾ। ਭੀੜ 'ਚੋਂ ਇੱਕ ਬੰਦਾ ਕਹਿੰਦਾ ਕਿ 'ਇਹ ਸਰਦਾਰ ਹੈਝ ਇਨ੍ਹਾਂ ਨੇ ਹੀ ਸਾਡੀ ਇੰਦਰਾ ਮਾਰੀ ਹੈ।' ਇੰਨੇ ਚਿਰ 'ਚ ਹੋਰ ਗੁਆਂਢੀ ਵੀ ਨਿਕਲ ਆਏ ਤੇ ਉਹ ਉਲਟਾ ਦੰਗਈਆਂ ਨੂੰ ਪੈ ਗਏ। ਇੱਕ ਨੇ ਕਿਹਾ, "ਇਹ ਤੁਹਾਨੂੰ ਸਰਦਾਰ ਲੱਗਦੈ ? ਝਜੋ ਬੰਦਾ ਦਿਹਾੜੀ

ਵਿੱਚ ਤਿੰਨ ਵਾਰੀ ਸ਼ੇਵ ਕਰਦਾ ਹੋਵੇ, ਉਹ ਸਰਦਾਰ ਕਿਸ ਗੱਲ ਤੋਂ ਹੋ ਗਿਆ?" ਫਿਰ ਭੀੜ 'ਚੋਂ ਇੱਕ ਦੰਗਈ ਨੇ ਕਿਹਾ, "ਇਸ ਦੇ ਘਰ ਸਰਦਾਰ ਆਉਂਦੇ ਬਹੁਤ ਹਨਤ!" ਗੁਆਂਢੀ ਨੇ ਫਿਰ ਉਨ੍ਹਾਂ ਨੂੰ ਬੋਲਣੋਂ ਬੰਦ ਕਰਾ ਦਿੱਤਾ, ਜਦੋਂ ਉਸ ਇਹ ਕਿਹਾ ਕਿ "ਸਰਦਾਰ ਤਾਂ ਤੁਹਾਡੇ ਘਰ ਵੀ ਬਹੁਤ ਆਉਂਦੇ ਹਨ ਤਪਰ ਇਸ ਨਾਲ ਫਿਰ ਤੂੰ ਖ਼ੁਦ ਵੀ ਸਰਦਾਰ ਨਹੀਂ ਬਣ ਜਾਵੇਂਗਾ?" ਉਸ ਨੇ ਹੋਰ ਸਖ਼ਤ ਆਵਾਜ਼ ਵਿੱਚ ਦੁਹਰਾਇਆ, "ਖਬਰਦਾਰ! ਜੇ ਕਿਸੇ ਨੇ ਇਸ ਘਰ ਜਾਂ ਘਰ ਦੇ ਕਿਸੇ ਬੰਦੇ ਵੱਲ ਅੱਖ ਚੁੱਕ ਕੇ ਵੀ ਦੇਖਿਆਤ!" ਅਜਿਹੇ ਜੁਆਬ ਸੁਣ ਉਹ ਦੰਗਈ ਹੱਥ ਮਲਦੇ ਚਲੇ ਗਏ। ਸਾਡੇ ਸਾਹ 'ਚ ਸਾਹ ਆਇਆ।

ਕੁਝ ਗੁਆਂਢੀ ਅੱਧੀ ਰਾਤ ਤੀਕ ਮੇਰੇ ਕੋਲ ਬੈਠੇ ਰਹੇ। ਮੇਰੀ ਪਤਨੀ ਨੇ ਬੁਝੇ ਮਨ ਨਾਲ ਖਾਣਾ ਬਣਾਇਆ। ਉਨ੍ਹਾਂ 'ਚੋਂ ਕੁਝ ਨੇ ਜਾਂ ਕਹਿ ਲਓ ਸਾਨੂੰ ਖੁਆਉਣ ਖਾਤਿਰ ਕੁਝ ਬੁਰਕੀਆਂ ਸਾਡੇ ਨਾਲ ਸਾਂਝੀਆਂ ਕੀਤੀਆਂ। ਮਗਰੋਂ ਉਹ ਚਲੇ ਗਏ। ਪਰ ਨੀਂਦ ਕਿਵੇਂ ਆਉਣੀ ਸੀ? ਟੈਲੀਵਿਜ਼ਨ ਚਲਦਾ ਰਿਹਾ। ਕਿਸੇ ਨਾ ਕਿਸੇ ਤਰ੍ਹਾਂ ਰਾਤ ਲੰਘ ਗਈ।

ਫਿਰ ਆਈ ਪਹਿਲੀ ਨਵੰਬਰ ਦੀ ਸਵੇਰ। ਤੇ ਅਗਲੀਆਂ ਕਈ ਸਵੇਰਾਂ ਵੀਤ। ਹਰ ਸਵੇਰ ਮਗਰੋਂ ਦੁਪਹਿਰ ਤੇ ਪਿੱਛੋਂ ਤ੍ਰਿਕਾਲਾਂ 'ਚ ਬਦਲ ਰਾਤਾਂ ਦਾ ਸੰਘਣਾ ਹਨੇਰਾ ਬਣ ਜਾਂਦੀ। ਪਰ ਇਹ ਸਵੇਰਾਂ, ਵਧੀਆ ਖਿਆਲ ਮਨ 'ਚ ਲਿਆਉਣ ਦੀ ਥਾਂ ਖ਼ੌਫ਼ ਨਾਲ ਭਰੀਆਂ ਹੋਈਆਂ ਆਉਂਦੀਆਂ। ਇਸ ਪਹਿਲੀ ਸਵੇਰ ਬਾਹਰੋਂ ਦੇਖਿਆਂ ਥਾਂ ਥਾਂ ਧੂੰਆਂ ਨਜ਼ਰ ਆ ਰਿਹਾ ਸੀ। ਕਿਤੇ ਕਿਤੇ ਅੱਗ ਦੀਆਂ ਲਪਟਾਂ ਵੀ ਸਨ! ਕੱਲ੍ਹ ਦੀ ਤਾਂ ਹੋਸ਼ ਹੀ ਨਹੀਂ ਸੀ ਕਿਉਂਕਿ ਹਾਲਾਤ ਹੀ ਇਸ ਤਰ੍ਹਾਂ ਬਣਦੇ ਗਏ ਕਿ ਕੁਝ ਵੀ ਸੁੱਝ ਨਹੀਂ ਸੀ ਰਿਹਾ।

ਹਾਲਾਂਕਿ ਕੱਲ੍ਹ ਮੇਰੇ ਸਾਰੇ ਗੁਆਂਢੀਆਂ ਨੇ ਸਾਡੇ 'ਚੋਂ ਕਿਸੇ ਨੂੰ ਵੀ ਬਾਹਰ ਜਾਣ ਤੋਂ ਵਰਜਿਆ ਸੀ, ਪਰ ਮੇਰੀ ਪਤਨੀ ਜਸਬੀਰ ਕਹਿਣ ਲੱਗੀ, "ਦੁੱਧ ਤਾਂ ਚਾਹੀਦਾ ਹੀ ਹੈ, ਮੈਂ ਭੱਜ ਕੇ ਲੈ ਆਉਨੀ ਆਂ। ਤਆਹ ਨਾਲ ਹੀ ਤਾਂ ਡੇਅਰੀ ਹੈ। ਨਾਲੇ ਔਰਤਾਂ ਨੂੰ ਤਾਂ ਨਹੀਂ ਕੁਝ ਕਹਿਣ ਲੱਗੇ?"

ਰੋਜ਼ ਵਾਂਗ ਉੱਥੇ ਲੋਕੀਂ ਦੁੱਧ ਵਾਲੇ ਵੱਲੋਂ ਧਾਰ ਕੱਢਣ ਦੀ ਉਡੀਕ ਕਰ ਰਹੇ ਸਨ। ਜਸਬੀਰ ਵੀ ਉਨ੍ਹਾਂ ਵਿੱਚ ਹੀ ਜਾ ਖੜ੍ਹੀ ਹੋਈ। ਦੁੱਧ ਲੈ ਕੇ ਪਰਤੀ ਤਾਂ ਖ਼ੌਫ਼ ਨਾਲ ਉਸ ਦੇ ਹੋਸ਼ ਉੱਡੇ ਹੋਏ ਸਨ। ਉਸ ਦੱਸਿਆ ਕਿ ਦੁੱਧ ਲੈਣ ਆਏ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਕੋਈ ਕੁਝ ਕਹਿ ਰਿਹਾ ਸੀ ਤੇ ਕੋਈ ਕੁਝ। ਉੱਥੇ ਹੀ ਇੱਕ ਹੋਰ ਔਰਤ ਨੇ ਜਸਬੀਰ ਨੂੰ ਦੱਸਿਆ ਕਿ 'ਕੱਲ੍ਹ ਰਾਤੀਂ ਭੀੜ ਨੇ ਕਿਸੇ ਸਿੱਖ ਦੇ ਘਰ ਪੱਥਰ ਮਾਰੇ ਸਨ!' ਜਸਬੀਰ ਨੇ ਘਰ ਆ ਕੇ ਮੈਨੂੰ ਦੱਸਿਆ, "ਮੈਂ ਉਸ ਦੀ ਹਾਂ 'ਚ ਹਾਂ ਮਿਲਾਉਂਦੀ ਰਹੀ। ਉਸ ਨੂੰ ਕੀ ਕਹਿੰਦੀ ਕਿ ਜਿਸ ਘਰ 'ਚ ਪੱਥਰ ਵੱਜੇ, ਉਹ ਘਰ ਮੇਰਾ ਹੀ ਸੀ?"

ਲੋਕਾਂ 'ਚ ਅਫ਼ਵਾਹਾਂ ਦਾ ਸਿਲਸਿਲਾ ਜਾਰੀ ਸੀ। ਇਨ੍ਹਾਂ ਅਫ਼ਵਾਹਾਂ ਅਨੁਸਾਰ ਸਾਰੀ ਦਿੱਲੀ ਵਿੱਚ ਕਾਫ਼ੀ ਸਾਰੀਆਂ ਮਾਰਕੀਟਾਂ 'ਚ ਅੱਗਾਂ ਲੱਗਣੀਆਂ ਤੇ ਦੁਕਾਨਾਂ ਲੁੱਟਣੀਆਂ ਸ਼ੁਰੂ ਹੋ ਚੁੱਕੀਆਂ ਸਨ। ਰਾਜੀਵ ਗਾਂਧੀ ਨੂੰ ਇੰਦਰਾ ਦੇ ਕਤਲ ਵਾਲੀ ਰਾਤ ਨੂੰ ਹੀ ਪ੍ਰਧਾਨ ਮੰਤਰੀ ਥਾਪ ਦਿੱਤਾ ਗਿਆ ਸੀ। ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਤੀਨ ਮੂਰਤੀ ਹਾਊਸ 'ਚ ਅੰਤਿਮ ਦਰਸ਼ਨ ਲਈ ਰੱਖ ਦਿੱਤੀ ਗਈ ਸੀ। ਟੈਲੀਵਿਜ਼ਨ ਦਾ ਕੈਮਰਾ ਵਾਰ ਵਾਰ ਉਸ 'ਤੇ ਆਪਣਾ ਫੋਕਸ ਟਿਕਾ ਉਸ ਬਾਰੇ ਖ਼ਬਰਾਂ ਦੇ ਰਿਹਾ ਸੀ। ਲੋਕ ਅੰਤਿਮ ਦਰਸ਼ਨ ਕਰਨ ਆਉਣ ਲੱਗੇ ਸਨ। ਖ਼ਲਕਤ ਕਤਾਰ ਬਣ ਤੁਰੀ ਆਉਂਦੀ ਤੇ ਲੋਕ ਸ਼ਰਧਾਂਜਲੀ ਭੇਟ ਕਰ ਅੱਗੇ ਵਧਦੇ ਜਾ ਰਹੇ ਸਨ। ਗਾਂਧੀ ਪਰਿਵਾਰ ਦੇ ਨੇੜਲੇ ਵਿਅਕਤੀ ਲੋਕਾਂ ਨੂੰ ਅਗਾਂਹ ਤੋਰ ਰਹੇ ਸਨ।

ਬੰਗਲੋ ਰੋਡ, ਕਮਲਾ ਨਗਰ ਇਲਾਕੇ ਵਿੱਚ ਸਿੱਖਾਂ ਦੀਆਂ ਦੁਕਾਨਾਂ ਦੇ ਸ਼ਟਰ ਕਿਸੇ ਵੱਲੋਂ ਉਤਾਂਹ ਚੁੱਕ ਦਿੱਤੇ ਗਏ ਸਨ। ਲੋਕਾਂ ਨੂੰ ਉਨ੍ਹਾਂ ਦੁਕਾਨਾਂ ਅੰਦਰੋਂ ਸਾਮਾਨ ਲੁੱਟਣ ਲਈ ਉਕਸਾਇਆ ਜਾ ਰਿਹਾ ਸੀ। ਸ਼ਟਰ ਖੋਲ੍ਹਣ ਤੇ ਇਨ੍ਹਾਂ ਨੂੰ ਲੁੱਟਣ ਲਈ ਉਕਸਾਉਣ ਵਾਲੇ ਕੌਣ ਸਨ, ਇਹ ਕੋਈ ਨਹੀਂ ਸੀ ਜਾਣਦਾ। ਲੁੱਟਣ ਵਾਲੀ ਭੀੜ 'ਚ ਕਾਫ਼ੀ ਸਾਰੇ ਦਿੱਲੀ ਯੂਨੀਵਰਸਿਟੀ ਦੇ ਹੋਸਟਲਾਂ 'ਚ ਰਹਿਣ ਵਾਲੇ ਵਿਦਿਆਰਥੀ ਵੀ ਸਨ। ਉਹੀ ਲੋਕ ਕੁਝ ਖਾਣ ਪੀਣ ਕਮਲਾ ਨਗਰ ਆਉਂਦੇ ਸਨ। ਜਦ ਭੀੜ ਲੁੱਟ ਰਹੀ ਸੀ ਤਾਂ ਇਹ ਵਿਦਿਆਰਥੀ ਵੀ ਸ਼ਾਮਲ ਹੋ ਗਏ। ਪਰ ਉਹ ਪੇਸ਼ੇਵਰ ਚੋਰ ਜਾਂ ਲੁਟੇਰੇ ਨਹੀਂ ਸਨ। ਇਸ ਲਈ ਸ਼ਾਇਦ ਆਪੋ ਆਪਣੀ ਲੋੜ ਜਾਂ ਅਣਹੋਂਦ ਦੀਆਂ ਚੀਜ਼ਾਂ ਹੀ ਲਿਜਾ ਰਹੇ ਸਨ। ਜਿਵੇਂ ਇੱਕ ਬਿਹਾਰੀ ਵਿਦਿਆਰਥੀ ਨੂੰ ਦੋ ਜੀਨਜ਼ ਦੀਆਂ ਪੈਂਟਾਂ ਲੁੱਟ ਕੇ ਹੀ ਤਸੱਲੀ ਸੀ ਤੇ ਕੁੜੀਆਂ ਨੂੰ ਮੇਕਅੱਪ ਦੇ ਸਾਮਾਨ ਦੀ। ਪਹਿਲੇ ਦਿਨ ਇੱਕ ਦੋ ਕੁੜੀਆਂ ਨੇ ਤਾਂ ਇਹੋ ਜਿਹਾ ਕਾਰਾ ਕੀਤਾ, ਪਰ ਮੁੜ ਕੇ ਅਜਿਹੀਆਂ ਵਿਦਿਆਰਥਣਾਂ ਕਿਸੇ ਨੂੰ ਨਜ਼ਰ ਨਹੀਂ ਆਈਆਂ। ਸ਼ਾਇਦ ਪਹਿਲਾਂ ਉਹ ਕਿਸੇ ਮੌਜ-ਮਸਤੀ ਦੀ ਤਵੱਕੋ ਕਰ ਕੇ ਆਈਆਂ ਹੋਣਗੀਆਂ, ਪਰ ਮਗਰੋਂ ਕਤਲੇਆਮ ਕਾਰਨ ਸਹਿਮ ਗਈਆਂ ਹੋਣ।

ਲੋਕ ਇੰਦਰਾ ਗਾਂਧੀ ਦੇ ਦਰਸ਼ਨਾਂ ਲਈ ਆ-ਜਾ ਰਹੇ ਸਨ। ਰਾਜੀਵ ਗਾਂਧੀ ਤੇ ਹੋਰ ਸਾਥੀ ਭੀੜ ਨੂੰ ਰੁਕਣ ਤੇ ਇਕੱਠ ਹੋਣ ਤੋਂ ਬਚਾਉਣ ਲਈ ਉਨ੍ਹਾਂ ਨੂੰ ਅਗਾਂਹ ਤੋਰੀ ਜਾ ਰਹੇ ਸਨ



ਕਿ ਅਚਾਨਕ ਵਿੱਚੋਂ ਨੌਜੁਆਨ ਮੁੰਡਿਆਂ ਦੇ ਇੱਕ ਗਰੁੱਪ ਨੇ ਨਾਅਰਾ ਲਗਾ ਦਿੱਤਾ, "ਖ਼ੂਨ ਕਾ ਬਦਲਾ ਖ਼ੂਨ"। ਰਾਜੀਵ ਗਾਂਧੀ ਨੇ ਉਸ ਗਰੁੱਪ ਨੂੰ ਇੱਕ ਪਾਸੇ ਕਰ ਬਹੁਤ ਠਰ੍ਹੰਮੇ ਨਾਲ ਸਮਝਾਇਆ, "ਆਪ ਲੋਗ ਸ਼ਾਂਤ ਹੋ ਜਾਈਏ, ਹਮ ਬਦਲਾ ਲੇਂਗੇ, ਪਰ ਅਪਨੇ ਤਰੀਕੇ ਸੇਤ!" ਇੰਨੀ ਕੁ ਤਸੱਲੀ ਨਾਲ ਉਹ ਭੀੜ ਅਗਾਂਹ ਨਹੀਂ ਸੀ ਤੁਰ ਰਹੀ, ਪਰ ਅਖੀਰ ਰਾਜੀਵ ਗਾਂਧੀ ਉਨ੍ਹਾਂ ਨੂੰ ਅੱਗੇ ਤੋਰਨ 'ਚ ਕਾਮਯਾਬ ਹੋ ਗਏ। ਲੋਕ ਮੁੜ ਰੁਟੀਨ ਵਿੱਚ ਤੁਰਨੇ ਸ਼ੁਰੂ ਹੋ ਗਏ। ਟੈਲੀਵਿਜ਼ਨ ਚਲੀ ਜਾ ਰਿਹਾ ਸੀ। ਲੋਕਾਂ ਦੇ ਸ਼ੋਕ ਸੁਨੇਹਿਆਂ ਬਾਰੇ ਵੀ ਦੱਸ ਰਿਹਾ ਸੀ। ਅਸੀਂ ਬੰਦ ਘਰ ਵਿੱਚ ਟੈਲੀਵਿਜ਼ਨ ਮੂਹਰੇ ਦੁਬਕੇ ਬੈਠੇ ਸਾਂ।

ਸ਼ਹਿਰ ਵਿੱਚ ਪਹਿਲਾਂ ਹੀ ਲਾਂਬੂ ਲੱਗਣੇ ਸ਼ੁਰੂ ਹੋ ਚੁੱਕੇ ਸਨ। ਕੁੱਟ-ਮਾਰ ਵੀ ਹੋ ਰਹੀ ਸੀ। ਲੁੱਟ-ਮਾਰ ਦੀ ਤਾਂ ਇੰਤਹਾ ਸੀ। ਸ਼ਹਿਰ ਵਿੱਚ ਅਜੀਬੋ-ਗਰੀਬ ਆਵਾਜ਼ਾਂ ਆ ਰਹੀਆਂ ਸਨ। ਕਿਤੇ ਚੀਕਾਂ। ਕਿਤੇ ਲੇਰਾਂ। ਕਿਤੇ ਵਿਲਕਣ। ਫਿਰ ਇੱਕ ਸਭ ਤੋਂ ਭਿਆਨਕ ਖ਼ਬਰ ਇਹ ਆਈ ਸੀ ਕਿ ਸਿੱਖਾਂ ਨੇ ਬਦਲੇ ਦੀ ਭਾਵਨਾ ਨਾਲ ਕਸ਼ਮੀਰੀ ਗੇਟ ਇਲਾਕੇ 'ਚ ਪੈਂਦੇ ਕੁੜੀਆਂ ਦੇ ਕਾਲਜ ਦੇ ਹੋਸਟਲ 'ਚ ਵੜ ਕੇ ਉਨ੍ਹਾਂ ਦੀ ਇੱਜ਼ਤ ਲੁੱਟਣੀ ਸ਼ੁਰੂ ਕਰ ਦਿੱਤੀ ਹੈ। ਇਹ ਖ਼ਬਰ ਸ਼ਾਇਦ ਦੋ ਨਵੰਬਰ ਦੀ ਸੀ ਜਾਂ ਇੱਕ ਦੀ। ਉੱਤਰੀ ਦਿੱਲੀ ਦੇ ਸਾਰੇ ਇਲਾਕਿਆਂ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਸੀ। ਇਸ ਖ਼ਬਰ ਨੇ ਤਾਂ ਮੇਰਾ ਵੀ ਤ੍ਰਾਹ ਹੀ ਕੱਢ ਦਿੱਤਾ ਸੀ।

ਉਂਜ ਤਾਂ ਹੋਰ ਵੀ ਕਈ ਅਫ਼ਵਾਹਾਂ ਖ਼ੂਬ ਗਰਮ ਸਨ।

ਪਹਿਲਾਂ ਮਠਿਆਈਆਂ ਵੰਡਣ ਦੀਆਂ ਖ਼ਬਰਾਂ। ਪੀਣ ਵਾਲੇ ਪਾਣੀ 'ਚ ਜ਼ਹਿਰ ਮਿਲਾਉਣ ਦੀਆਂ ਖ਼ਬਰਾਂ। 'ਨਵੀਂ ਦਿੱਲੀ ਸਟੇਸ਼ਨ 'ਤੇ ਪੰਜਾਬ ਤੋਂ ਸਿੱਖਾਂ ਨੇ ਹਿੰਦੂਆਂ ਨੂੰ ਵੱਢ ਕੇ ਲਾਸ਼ਾਂ ਦੀ ਗੱਡੀ ਭੇਜੀ ਹੈ' ਵਰਗੀਆਂ ਖ਼ਬਰਾਂ! ਸੁਣ ਸੁਣ ਦਿਲ ਦਹਿਲ ਰਿਹਾ ਸੀ।

ਪਰ ਉਪਰੋਕਤ ਖ਼ਬਰ ਨੇ ਤਾਂ ਮੇਰਾ ਸਾਹ ਹੀ ਸੁਕਾ 'ਤਾ ਸੀ। ਇਸ ਅਫ਼ਵਾਹ ਨੇ ਸਿੱਖ-ਵਿਰੋਧੀ ਭਾਵਨਾ ਭੜਕਾਉਣ 'ਚ ਬਹੁਤ ਅਹਿਮ ਰੋਲ ਅਦਾ ਕੀਤਾ ਸੀ ਉਸ ਦਿਨ। ਇੱਥੋਂ ਤੀਕ ਕਿ ਇਹ ਸੁਣ ਮੈਂ ਖ਼ੁਦ ਪਸੀਜਿਆ ਗਿਆ ਸਾਂ। ਮੈਨੂੰ ਹਾਲੇ ਵੀ ਐਨ ਉਸੇ ਤਰ੍ਹਾਂ ਚੇਤੇ ਹੈ ਜਦੋਂ ਇੱਕ ਗੁਆਂਢੀ ਨੇ ਮੇਰੇ ਕੋਲ ਆਣ ਕੇ ਇਹ ਗੱਲ ਦੱਸੀ ਸੀ। ਉਸ ਵੇਲੇ ਮੈਨੂੰ ਲੱਗਾ ਸੀ ਜਿਵੇਂ ਸਿੱਖ ਇਤਿਹਾਸ ਦੇ ਵਰਕੇ ਉੱਡ-ਉੱਡ ਮੇਰੇ ਮੂੰਹ 'ਤੇ ਲਫੇੜਿਆਂ ਵਾਂਗ ਵੱਜ ਰਹੇ ਰਹੇ ਹੋਣ ਤਜਿਨ੍ਹਾਂ ਵਰਕਿਆਂ 'ਤੇ ਮੋਟੇ ਮੋਟੇ ਅੱਖਰਾਂ 'ਚ ਉਕਰਿਆ ਇਸ ਦੇ ਉਲਟ ਹੋਵੇ। ਉਹ ਇਤਿਹਾਸ,



ਜੋ ਅਸੀਂ ਪੜ੍ਹਦੇ ਸੁਣਦੇ ਰਹੇ ਸਾਂ। ਅਸੀਂ ਇਤਿਹਾਸ ਦੇ ਪੰਨਿਆਂ 'ਤੇ ਇਹੀ ਲਿਖਿਆ ਪੜ੍ਹਿਆ ਸੀ ਕਿ ਜਦੋਂ ਤੋਂ ਸਿੱਖ ਹੋਂਦ ਵਿੱਚ ਆਇਆ, ਉਦੋਂ ਤੋਂ ਹੋਰ ਹਰ ਕੌਮ ਦਾ ਬੰਦਾ ਮਾਣ ਨਾਲ ਇਹ ਕਸਮ ਖਾ ਸਕਦਾ ਸੀ ਕਿ ਜੇ ਸੌ ਕੁੜੀਆਂ ਵਿੱਚ ਇੱਕ ਵੀ ਸਿੱਖ ਹੈ ਤਾਂ ਉਹ ਕੁੜੀਆਂ ਸੌ ਫ਼ੀਸਦੀ ਸੁਰੱਖਿਅਤ ਹਨ। ਤੇ ਅੱਜ?

ਪਰ ਦੂਸਰੀ ਸਵੇਰ ਹੁੰਦਿਆਂ ਹੀ ਕੁਝ ਰਾਹਤ ਦੀ ਖ਼ਬਰ ਆਈ। ਪਤਾ ਲੱਗਾ ਕਿ ਇਹ ਖ਼ਬਰ ਝੂਠੀ ਸੀ। ਇਹ ਗੱਲ ਉਸੇ ਦੋਸਤ ਨੇ ਖ਼ੁਦ ਤਸਦੀਕ ਕੀਤੀ ਜਿਸ ਨੇ ਇਹ ਖ਼ਬਰ ਸੁਣਾਈ ਸੀ। ਉਸ ਨੇ ਆਪਣੀ ਖ਼ਬਰ 'ਤੇ ਸ਼ਰਮਸਾਰ ਹੁੰਦਿਆਂ ਦੱਸਿਆ ਕਿ ਕਸ਼ਮੀਰੀ ਗੇਟ ਵਿਖੇ ਕੁੜੀਆਂ ਦੇ ਕਾਲਜ ਉਪਰ ਸਿੱਖਾਂ ਨੇ ਜਬਰ-ਜਨਾਹ ਦੇ ਮਕਸਦ ਨਾਲ ਹਮਲਾ ਨਹੀਂ ਸੀ ਕੀਤਾ ਸਗੋਂ ਉਹ ਤਾਂ ਅੱਧੀ ਰਾਤ ਵੇਲੇ ਆਪਣੀ ਜਾਨ ਬਚਾਉਣ ਲਈ ਛੱਤ ਭਾਲਦੇ ਉਸ ਕਾਲਜ 'ਚ ਵੜ ਰਹੇ ਸਨ। ਉਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਉਹ ਕੁੜੀਆਂ ਦਾ ਕਾਲਜ ਹੈ! ਲੋਕਾਂ ਵਿੱਚ ਇਹ ਚਰਚਾ ਸੀ ਕਿ ਸਰਕਾਰ ਦੇ ਕਹਿਣ 'ਤੇ ਪੁਲੀਸ ਵਾਲੇ ਸਿੱਖ ਪਰਿਵਾਰਾਂ ਨੂੰ ਦਿੱਲੀ ਦੇ ਪਿੰਡਾਂ 'ਚੋਂ ਕੱਢ ਕੇ ਲਿਆਏ ਸਨ ਕਿਉਂਕਿ ਦਿੱਲੀ ਦੇ ਬਹੁਤ ਸਾਰੇ ਪਿੰਡਾਂ ਵਿੱਚ ਇੱਕਾ-ਦੁੱਕਾ ਹੀ ਸਿੱਖ ਪਰਿਵਾਰ ਰਹਿੰਦੇ ਸਨ ਤੇ ਉਨ੍ਹਾਂ ਨੂੰ ਉੱਥੇ ਇਕੱਲਿਆਂ ਹੋਣ ਕਰਕੇ ਵਧੇਰੇ ਖਤਰਾ ਹੈ। ਇਸ ਲਈ ਉਨ੍ਹਾਂ ਨੂੰ ਪਿੰਡਾਂ ਦੇ ਖਤਰੇ 'ਚੋਂ ਕੱਢ ਕੇ ਸਰਕਾਰੀ ਜਾਂ ਗੈਰ-ਸਰਕਾਰੀ ਕੈਂਪਾਂ 'ਚ ਪਹੁੰਚਾ ਦਿੱਤਾ ਜਾਵੇ। ਪੁਲੀਸ ਵਾਲਿਆਂ ਨੇ ਉਨ੍ਹਾਂ ਨੂੰ ਪਿੰਡਾਂ 'ਚੋਂ ਤਾਂ ਲੈ ਆਂਦਾ, ਪਰ ਕੁਝ ਸ਼ਰਾਰਤੀ ਪੁਲੀਸ ਵਾਲਿਆਂ ਨੇ ਉਨ੍ਹਾਂ ਲੋਕਾਂ ਨੂੰ ਲਿਆ ਕੇ ਸੜਕ 'ਤੇ ਹੀ ਬੱਸਾਂ 'ਚੋਂ ਉਤਾਰ ਲਾਵਾਰਿਸ ਛੱਡ ਦਿੱਤਾ। ਉਨ੍ਹਾਂ ਲਈ ਤਾਂ ਹਰ ਪਾਸੇ ਮੌਤ ਮੰਡਰਾ ਰਹੀ ਸੀ। ਉਹ ਵਿਚਾਰੇ ਤਾਂ ਅੱਧੀ ਰਾਤ ਸਿਰ ਲੁਕਾਉਣ ਲਈ ਥਾਂ ਭਾਲ ਰਹੇ ਸਨ ਤੇ ਦੂਜੇ ਪਾਸੇ ਉਨ੍ਹਾਂ ਹੀ ਪੁਲੀਸ ਵਾਲਿਆਂ 'ਚੋਂ ਜਾਂ ਕਿਸੇ ਦੰਗਈ ਨੇ ਇਹ ਅਫ਼ਵਾਹ ਉਡਾ ਦਿੱਤੀ ਸੀ ਕਿ "ਅਸੀਂ ਤਾਂ ਇਨ੍ਹਾਂ ਨੂੰ ਪਿੰਡਾਂ ਦੇ ਖਤਰਿਆਂ ਤੋਂ ਬਚਾ ਕੇ ਲਿਆਏ ਸਾਂ, ਪਰ ਇਹੀ ਸਿੱਖ ਹੋਸਟਲ ਦੀਆਂ ਕੁੜੀਆਂ ਦੀ ਬੇਹੁਰਮਤੀ ਕਰਨ ਤੁਰ ਪਏ ਹਨ!" ਅਜਿਹੀ ਅਫ਼ਵਾਹ ਤਾਂ ਅੱਗ ਵਾਂਗ ਫੈਲਦੀ ਹੀ ਹੈ।

ਮੇਰਾ ਇੱਕ ਛੋਟਾ ਭਰਾ ਸਰਾਇ ਰੋਹਿਲਾ ਵੱਲ ਰਹਿੰਦਾ ਸੀ। ਮੇਰੇ ਪਿਤਾ ਪੱਗ ਬੰਨ੍ਹਦੇ ਸਨ ਤੇ ਇਸੇ ਭਰਾ ਕੋਲ ਰਹਿੰਦੇ ਸਨ। ਹੋਰ ਸਾਡੇ ਘਰ 'ਚ ਕੋਈ ਪੱਗ ਨਹੀਂ ਸੀ ਬੰਨ੍ਹਦਾ। ਉਨ੍ਹਾਂ ਚਾਰ ਦਿਨਾਂ ਦਾ ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ। ਕੌਣ ਜਿਊਂਦਾ ਤੇ ਕੌਣ ਮਰਿਆ। ਜਦੋਂ ਮਾੜੀ ਮੋਟੀ ਸ਼ਾਂਤੀ ਹੋਈ ਤਾਂ ਪਤਾ ਲੱਗਾ ਕਿ ਮੇਰੇ ਪਿਤਾ ਕਿਵੇਂ ਛੁਪ ਛੁਪਾ ਕੇ ਬਚੇ ਸਨ। ਮੇਰੇ ਪਿਤਾ ਨੇ ਦੱਸਿਆ ਕਿ ਇੱਕ ਨਵੰਬਰ ਨੂੰ ਉਹ ਹਮੇਸ਼ਾਂ ਵਾਂਗ ਭੋਲੇਪਣ 'ਚ ਹੀ ਆਪਣੇ ਕੰਮ 'ਤੇ ਚਲੇ ਗਏ। ਉਨ੍ਹਾਂ ਨੂੰ ਇਸ ਸਭ ਦੀ ਕੋਈ ਖਬਰ ਨਹੀਂ ਸੀ। ਜਦੋਂ ਉਹ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ 'ਤੇ ਆਪਣੇ ਕੰਮ ਵਾਲੀ ਥਾਂ ਪਹੁੰਚੇ ਤਾਂ ਉਨ੍ਹਾਂ ਦੇ ਸਾਥੀ ਹੈਰਾਨ ਸਨ। ਉਨ੍ਹਾਂ ਮੇਰੇ ਪਿਤਾ ਨੂੰ ਡਾਂਟਿਆ ਕਿ ਅੱਜ ਉਹ ਘਰ ਕਿਉਂ ਨਹੀਂ ਬੈਠੇ ਬਾਹਰ ਲਾਂਬੂ ਲੱਗੇ ਹੋਏ ਹਨ? ਫਿਰ ਉਨ੍ਹਾਂ ਸਲਾਹ ਕੀਤੀ ਤੇ ਮੇਰੇ ਪਿਤਾ ਨੂੰ ਆਪਣੀ ਪੱਗ ਉਤਾਰਨ ਲਈ ਬੇਨਤੀ ਕੀਤੀ। ਮਗਰੋਂ ਉਨ੍ਹਾਂ ਮੇਰੇ ਪਿਤਾ ਦੇ ਸਿਰ ਦੇ ਵਾਲ ਖਿਲਾਰ ਦਿੱਤੇ। ਉਸ ਦਿਨ ਉਨ੍ਹਾਂ ਕੁਦਰਤੀ ਹੀ ਭਗਵਾਂ ਕੁੜਤਾ ਪਾਇਆ ਹੋਇਆ ਸੀ। ਪੱਗ ਲਾਹ ਕੇ ਵਾਲ ਖਿਲਾਰਨ ਕਰਕੇ ਉਨ੍ਹਾਂ ਦਾ ਲਗਪਗ ਸਾਧੂਆਂ ਵਰਗਾ ਭੇਸ ਬਣ ਗਿਆ। ਉਨ੍ਹਾਂ ਦੇ ਹੀ ਕੁਝ ਸਾਥੀ ਉਨ੍ਹਾਂ ਨੂੰ ਫਤਹਿਪੁਰੀ ਤੋਂ ਮਾਲ ਗੱਡੀ ਦੇ ਇੱਕ ਐਸੇ ਡੱਬੇ ਵਿੱਚ ਚੜ੍ਹਾ ਗਏ ਜੋ ਸਾਮਾਨ ਦੀਆਂ ਪੇਟੀਆਂ ਨਾਲ ਭਰਿਆ ਹੋਇਆ ਸੀ। ਇੱਕ ਬੰਦਾ ਨਾਲ ਉਨ੍ਹਾਂ ਦੀ ਹਿਫਾਜ਼ਤ ਲਈ ਭੇਜਿਆ। ਉਹ ਦੋਵੇਂ ਡੱਬੇ ਅੰਦਰ ਸਾਮਾਨ ਪਿੱਛੇ ਲੁਕ ਕੇ ਬੈਠ ਗਏ ਤੇ ਅਖੀਰ ਸਰਾਇ ਰੋਹੇਲਾ ਸਟੇਸ਼ਨ ਤੋਂ ਬਚਦੇ ਬਚਾਉਂਦੇ ਕਿਸੇ ਤਰ੍ਹਾਂ ਘਰ ਪਹੁੰਚੇ ਸਨ।

ਇੰਦਰਾ ਗਾਂਧੀ ਦੇ ਸਸਕਾਰ ਦਾ ਦਿਨ ਮਿੱਥਿਆ ਗਿਆ ਸੀ। ਬਾਹਰੋਂ ਵਿਦੇਸ਼ੀ ਮਹਿਮਾਨ ਆਉਣੇ ਸ਼ੁਰੂ ਹੋ ਗਏ ਸਨ। ਸਸਕਾਰ ਵਾਲੇ ਦਿਨ ਕਰਫਿਊ ਹਟਾ ਦਿੱਤਾ ਗਿਆ ਸੀ, ਪਰ ਸ਼ਹਿਰ ਦੇ ਹਾਲਾਤ ਵਿੱਚ ਕੋਈ ਬਹੁਤਾ ਸੁਧਾਰ ਨਹੀਂ ਸੀ ਹੋਇਆ। ਯਮਨਾ ਪਾਰ ਮੇਰਾ ਦੋਸਤ ਮੁਲਖ ਰਾਜ ਰਹਿੰਦਾ ਸੀ। ਕੱਟੜ ਜਨਸੰਘੀ। ਉਸ ਦੇ ਨੇੜੇ ਹੀ ਲੋਕ ਪ੍ਰਿੰਟਰ ਵਾਲਾ ਬਲਵੰਤ ਸਿੰਘ ਵੀ ਰਹਿੰਦਾ ਸੀ ਜਿਸ ਦੀ ਪ੍ਰੈੱਸ ਵਿੱਚ ਪੰਜਾਬੀ ਦੀਆਂ ਬਹੁਤ ਸਾਰੀਆਂ ਅਖ਼ਬਾਰਾਂ/ਮੈਗਜ਼ੀਨਾਂ ਛਪਦੀਆਂ ਹੁੰਦੀਆਂ ਸਨ। ਉਸੇ ਕੋਲ ਅੰਮ੍ਰਿਤਾ ਪ੍ਰੀਤਮ ਦਾ ਰਸਾਲਾ 'ਨਾਗਮਣੀ' ਵੀ ਛਪਦਾ ਸੀ। ਉਸ ਦੀ ਪ੍ਰੈੱਸ ਵਿੱਚ ਉਸ ਦੇ ਘਰ ਦੇ ਹੀ 13-14 ਲੋਕ ਕੰਮ ਕਰਦੇ ਸਨ। ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਤੇ ਸ਼ਹਿਰ 'ਚ ਸੰਨਾਟਾ ਜਿਹਾ ਦਿੱਸਿਆ ਤਾਂ ਮੁਲਖ ਰਾਜ, ਬਲਵੰਤ ਸਿੰਘ ਦੇ ਪੂਰੇ ਪਰਿਵਾਰ ਨੂੰ ਆਪਣੇ ਘਰ ਲੈ ਆਇਆ। ਉਸ ਮੈਨੂੰ ਵੀ ਸੁਨੇਹਾ ਭੇਜਿਆ ਸੀ ਕਿ ਮੈਂ ਪਰਿਵਾਰ ਲੈ ਕੇ ਉਸ ਦੇ ਘਰ ਆ ਜਾਵਾਂ। ਪਰ ਮੁਲਖ ਰਾਜ ਦਾ ਜੋ ਬੰਦਾ ਸਾਨੂੰ ਲੈਣ ਆਇਆ ਸੀ, ਸਾਡੇ ਸਮਝਾਉਣ 'ਤੇ ਉਹ ਸਾਡੀ ਸੁੱਖ-ਸਾਂਦ ਦਾ ਸੁਨੇਹਾ ਲੈ ਵਾਪਸ ਚਲਾ ਗਿਆ। ਜਾਣ ਤੋਂ ਪਹਿਲਾਂ ਮੁਲਖ ਰਾਜ ਦੇ ਬੰਦੇ ਨੇ ਦਿਲ ਹਿਲਾ ਦੇਣ ਵਾਲੀਆਂ ਗੱਲਾਂ ਦੱਸੀਆਂ। ਉਸ ਦੱਸਿਆ ਕਿ ਉਸ ਰਾਹ 'ਚ ਬਹੁਤ ਤਬਾਹੀ ਹੋਈ ਦੇਖੀ ਹੈ। ਭਜਨਪੁਰਾ, ਮੌਜਪੁਰ, ਲੋਨੀ, ਸ਼ਾਹਦਰਾ ਤੇ ਉਧਰ ਹੋਰ ਸਾਰੇ ਇਲਾਕੇ 'ਚ ਅਜੀਬ ਮਾਹੌਲ ਹੈ। ਲੋਕਾਂ ਦੀ ਭੀੜ ਇਧਰ ਭੱਜਦੀ ਹੈ, ਉੱਧਰ ਭੱਜਦੀ ਹੈ। ਕਿਤੇ ਕੋਈ ਸਿੱਖ ਨਜ਼ਰੀਂ ਪੈ ਜਾਵੇ। ਬੱਸ 'ਲਾ 'ਲਾ ਕਰਕੇ ਪਿੱਛੇ ਪੈ ਜਾਂਦੇ ਹਨ। ਲੁੱਟਣ ਵਾਲੇ ਲੁੱਟਦੇ। ਤਮਾਸ਼ਬੀਨ ਕੁੱਟਦੇ ਤੇ ਮਾਰਨ ਵਾਲੇ ਆ ਕੇ ਘੜੱਚ ਕਰ ਦਿੰਦੇ।

ਬਲਵੰਤ ਸਿੰਘ ਤੇ ਉਸ ਦੇ ਪਰਿਵਾਰ ਦੇ ਉਹ ਤੇਰਾਂ/ਚੌਦਾਂ ਜਣੇ ਇਕੱਤੀ ਅਕਤੂਬਰ ਤੋਂ ਕਰਫਿਊ ਹਟਣ ਵਾਲੇ ਦਿਨ ਤਕ ਮੁਲਖ ਰਾਜ ਦੇ ਘਰ ਹਿਫਾਜ਼ਤ ਨਾਲ ਰਹੇ। ਪਰ ਇੰਦਰਾ ਗਾਂਧੀ ਦੇ ਸਸਕਾਰ ਵਾਲੇ ਦਿਨ ਬਲਵੰਤ ਸਿੰਘ ਨੇ ਮੁਲਖ ਰਾਜ ਨਾਲ ਇਸ ਗੱਲ 'ਤੇ ਜ਼ਿੱਦ ਕੀਤੀ, "ਹੁਣ ਤਾਂ ਸ਼ਾਂਤੀ ਹੈ। ਕਰਫਿਊ ਵੀ ਹਟ ਗਿਆ। ਹੁਣ ਉਹ ਘਰ ਚੱਲਦੇ ਹਨ।" ਮੁਲਖ ਰਾਜ ਨੇ ਦੱਸਿਆ ਕਿ ਉਸ ਨੇ ਬਹੁਤ ਜ਼ਿੱਦ ਕੀਤੀ, ਪਰ ਬਲਵੰਤ ਹੋਰ ਰੁਕਣ ਲਈ ਨਾ ਮੰਨਿਆ। ਕਹਿੰਦਾ, "ਆਪਣਾ ਦੇਸ਼ ਹੈਤ ਆਪਣੇ ਦੇਸ਼ 'ਚ ਹੀ ਕਾਹਦਾ ਡਰ?" ਮੁਲਖ ਰਾਜ ਬਹੁਤ ਰੋਇਆ ਸੀ ਉਸ ਦਿਨ ਮੇਰੇ ਕੋਲ ਇਸ ਗੱਲ ਨੂੰ ਲੈ ਕੇ। ਕਹਿੰਦਾ ਸਾਰੇ ਦੇ ਸਾਰੇ ਜੀਅ ਬਲਵੰਤ ਦੇ ਕਹਿਣ 'ਤੇ ਉਸ ਦੇ ਘਰ ਵੱਲ ਨੂੰ ਪੈਦਲ ਹੀ ਤੁਰ ਪਏ। ਉਹ ਹਾਲੇ ਅੱਧ 'ਚ ਹੀ ਪਹੁੰਚੇ ਹੋਣਗੇ ਕਿ ਉਨ੍ਹਾਂ ਦੇ ਪੱਗਾਂ ਬੰਨ੍ਹੀਆਂ ਦੇਖ ਉਨ੍ਹਾਂ ਕੋਲ ਆ ਕੇ ਇੱਕ ਮਿਲਟਰੀ ਟਰੱਕ ਰੁਕਿਆ। ਉਸ 'ਚੋਂ ਕੁਝ ਬੰਦੇ ਮਿਲਟਰੀ ਦੀ ਵਰਦੀ ਪਾਈ ਉਤਰੇ ਤੇ ਬਲਵੰਤ ਸਿੰਘ ਨੂੰ ਕਹਿੰਦੇ, "ਸਰਦਾਰ ਜੀ, ਤੁਸੀਂ ਕਿੱਥੇ ਘੁੰਮ ਰਹੇ ਹੋ? ਹਾਲੇ ਖਤਰਾ ਹੈ। ਆਓ ਤੁਹਾਨੂੰ ਮਿਲਟਰੀ ਦੇ ਕੈਂਪ ਪਹੁੰਚਾ ਦਿੰਦੇ ਹਾਂ।" ਬਲਵੰਤ ਪਹਿਲਾਂ ਤਾਂ ਸਹਿਮਿਆ ਤੇ ਉਸ ਨੂੰ ਇਹ ਪਛਾਣ ਨਾ ਹੋਈ ਕਿ ਇਹ ਦੰਗਈ ਹਨ ਜੋ ਅਜਿਹੇ ਕੰਮਾਂ ਨੂੰ ਅੰਜਾਮ ਦੇਣ ਲਈ ਮਿਲਟਰੀ ਵਾਲਿਆਂ ਦਾ ਭੇਸ ਵਟਾਈ ਫਿਰ ਰਹੇ ਸਨ।

ਬਲਵੰਤ ਸਿੰਘ ਅਖੀਰ ਉਨ੍ਹਾਂ ਦੀ ਗੱਲ ਮੰਨ ਗਿਆ ਤੇ ਵਿਸ਼ਵਾਸ ਕਰ ਸਰੀਰਕ ਤੌਰ 'ਤੇ ਢਿੱਲਾ ਜਿਹਾ ਹੋ ਗਿਆ। ਉਹ ਸਾਰੇ ਟਰੱਕ ਵੱਲ ਵਧੇ ਹੀ ਸਨ ਕਿ ਉਹਦੇ 'ਚੋਂ ਕਈ ਹੋਰ ਦੰਗਈ, ਮਿਲਟਰੀ ਦੀਆਂ ਟੁੱਟੀਆਂ-ਫੁੱਟੀਆਂ ਵਰਦੀਆਂ ਪਾਈ ਟਰੱਕ ਵਿੱਚੋਂ ਨਿਕਲ ਆਏ ਤੇ ਦੇਖਦਿਆਂ ਹੀ ਦੇਖਦਿਆਂ ਉਨ੍ਹਾਂ ਸਭ ਨੂੰ ਕਾਬੂ ਕਰ ਘੇਰਾ ਪਾ ਕੇ ਉਨ੍ਹਾਂ ਉਪਰ ਮਿੱਟੀ ਦਾ ਤੇਲ ਛਿੜਕ ਅੱਗਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਸਾਰੇ ਦੇ ਸਾਰੇ ਜੀਅ- ਔਰਤਾਂ, ਬੱਚੇ, ਮਰਦ, ਚੀਖ-ਚਿਹਾੜਾ ਪਾਉਂਦੇ ਰਹੇ, ਪਰ ਦੰਗਈ ਆਪਣਾ ਕੰਮ ਕਰਦੇ ਰਹੇ। ਅੱਗ ਦੀ ਤੀਲ੍ਹੀ ਭਾਂਬੜ ਬਣਦੀ ਗਈ ਤੇਤ। ਉਨ੍ਹਾਂ 'ਚੋਂ ਮੌਕਾ ਦੇਖ ਬਲਵੰਤ ਦਾ ਭਾਣਜਾ ਹਰਮੀਤ ਉੱਥੋਂ ਭੱਜ ਨਿਕਲਿਆ। ਉਹ ਉਂਜ ਵੀ ਪਤਲਾ ਤੇ ਫੁਰਤੀਲਾ ਸੀ। ਪਿਛਲੀਆਂ ਗਲੀਆਂ 'ਚੋਂ ਹੁੰਦਾ ਹੋਇਆ, ਉਹ ਇੱਕ ਘਰ ਅੰਦਰ ਵੜ ਆਪਣੇ ਚਿੱਤੋਂ ਲੁਕ ਤਾਂ ਗਿਆ ਪਰ ਦੰਗਈ ਲੱਭਦੇ-ਲੱਭਦੇ ਉੱਥੇ ਤੀਕ ਵੀ ਪਹੁੰਚ ਗਏ ਜਿਸ ਘਰ ਵਿੱਚ ਉਹ ਲੁਕਿਆ ਹੋਇਆ ਸੀ। ਅਫ਼ਸੋਸ, ਉਸ ਘਰ ਦੇ ਬਾਹਰਲੇ ਪਾਸੇ ਖੜ੍ਹੀ ਇੱਕ ਔਰਤ ਨੇ ਉਂਗਲ ਨਾਲ ਇਸ਼ਾਰਾ ਕਰ ਕੇ ਦੰਗਈਆਂ ਨੂੰ ਦੱਸ ਦਿੱਤਾ ਕਿ ਉਹ ਇੱਥੇ ਛੁਪਿਆ ਹੋਇਆ ਹੈ। ਉਨ੍ਹਾਂ ਨੇ ਹਰਮੀਤ ਨੂੰ ਵੀ ਉੱਥੋਂ ਹੀ ਬਾਹਰ ਕੱਢ ਉਸੇ ਘਰ ਦੇ ਮੂਹਰਲੀ ਗਲੀ ਵਿੱਚ ਉਸ ਉੱਤੇ ਵੀ ਤੇਲ ਛਿੜਕ ਅੱਗ ਲਗਾ ਦਿੱਤੀ। ਹਰਮੀਤ ਦਾ ਸਰੀਰ ਵੀ ਸੜ ਰਿਹਾ ਸੀ। ਉਸ ਨੇ ਕਦੇ ਬੜੇ ਚਾਅ ਨਾਲ ਚਾਂਦਨੀ ਚੌਂਕ 'ਤੋਂ ਆਪਣੇ ਹੱਥ ਪਿੱਛੇ '੧ਓ' ਲਿਖਵਾਇਆ ਸੀ ਤੇ ਦੂਜੇ ਹੱਥ ਦੇ ਪਿੱਛੇ 'ਓਮ' ਕਿਉਂਕਿ ਉਹ ਮੰਦਰ ਨੂੰ ਵੀ ਓਨਾ ਹੀ ਪਿਆਰ ਕਰਦਾ ਸੀ ਜਿੰਨਾ ਗੁਰਦੁਆਰੇ ਨੂੰ। ਪਰ ਅੱਜ ਹਰਮੀਤ ਦੇ ਸਰੀਰ ਦੇ ਨਾਲ ਨਾਲ ਉਹ ਦੋਵੇਂ ਪਵਿੱਤਰ ਨਿਸ਼ਾਨ ਵੀ ਉਸ ਅੱਗ 'ਚ ਸੜ ਰਹੇ ਸਨ।

ਬਹੁਤ ਕੁਝ ਹੋਰ ਵੀ ਹੋਇਆ। ਬਹੁਤ ਲੰਬੀ ਕਹਾਣੀ ਹੈ। ਪਰ ਇੱਥੇ ਇਹ ਗੱਲ ਕਹਿ ਕੇ ਹੀ ਖਤਮ ਕਰਦਾ ਹਾਂ ਕਿ ਸ਼ਾਇਦ ਹੀ ਦੁਨੀਆਂ ਦੇ ਕਿਸੇ ਦੇਸ਼ ਵਿੱਚ ਸ਼ਰੀਫ ਨਾਗਰਿਕਾਂ ਨਾਲ ਇਸ ਤਰ੍ਹਾਂ ਦਾ ਵਿਸ਼ਵਾਸਘਾਤ ਹੋਇਆ ਹੋਵੇ।

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥
ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥



Bhai Chamanjeet Singh Ji (Lal)

ਗੁਰੂ ਘਰ ਦੇ ਅਨਿਨ ਸੇਵਕ ਰੇਵਾ ਕੁਮਾਰ ਜੀ ਅਤੇ ਪਰਿਵਾਰ ਵਲੋਂ
ਪੰਥ ਪ੍ਰਸਿੱਧ ਰਾਗੀ

# Bhai Chamanjeet Singh Ji (Lal)

# ਭਾਈ ਚਮਨਜੀਤ ਸਿੰਘ ਜੀ (ਲਾਲ) ਦੇ

# ਮਹਾਨ ਕੀਰਤਨ ਸਮਾਗਮ

## 18 ਅਤੇ 19 ਨਵੰਬਰ, 2017

## 18 -19 November, 2017

## Program

**Sri Gurdwara Sahib, San Jose**
3636 Murillo Ave, San Jose, CA 95148, USA
**Saturday, November 18, 2017**
Evening 7:00 p.m. to 9:00 p.m.

**Sri Gurdwara Sahib, Fremont**
300 Gurdwara Rd, Fremont, CA 94536, USA
**Sunday, November 19, 2017**
Afternoon 2:30 p.m. to 4:30 p.m.

Langar Seva by Ritesh ji of The Nawab Kitchen,
Sodhi Singh of Fronitier Spice
Sanjeev Shera & Bay Area Divine Sat Sangat

For Further Information Please contact

Varinder Pal Singh Phone : 510-673-8400 • A.P.S. Bhatia Phone : 408-509-2223

Organised by:

**Rewa Kumar ji & Family, Phone : 510-868-3338**

# ਯੂਬਾ ਸਿਟੀ ਨਗਰ ਕੀਰਤਨ ਲਈ ਲਾਸ ਏਂਜਲਸ ਤੋਂ ਸੰਗਤਾਂ ਦਾ ਕਾਫ਼ਲਾ







ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾ ਗੱਦੀ ਦਿਵਸ ਦੇ ਸਬੰਧ 'ਚ ਲੰਘੇ ਐਤਵਾਰ ਨੂੰ ਹੋਏ ਯੂਬਾ ਸਿਟੀ ਵਿੱਚ ਲਾਸ ਏਂਜਲਸ ਇਲਾਕੇ ਦੇ ਵੱਖ ਵੱਖ ਗੁਰੂ ਘਰਾਂ ਬਿਊਨਾ ਪਾਰਕ, ਔਰੇਂਜ ਕਾਉਂਟੀ ਤੇ ਲਾਸ ਏਂਜਲਸ ਤੋਂ ਸਿੱਖ ਸ਼ਰਧਾਲੂਆਂ ਦੀਆਂ ਭਰੀਆਂ ਦੋ ਵੱਖ ਵੱਖ ਬੱਸਾਂ ਨਗਰ ਕੀਰਤਨ 'ਚ ਸ਼ਾਮਲ ਹੋਣ ਲਈ ਪੁੱਜੀਆਂ। ਸੰਗਤਾਂ ਨੇ ਰਾਹ ਵਿੱਚ ਗੁਰਦੁਆਰਾ ਗੁਰੂ ਅੰਗਦ ਦਰਬਾਰ ਸਾਹਿਬ ਬੇਕਰਸਫੀਲਡ ਵਿਖੇ ਸਵੇਰ ਦਾ ਨਾਸ਼ਤਾ/ ਲੰਗਰ ਛਕਿਆ। ਉਸਤੋਂ ਅੱਗੇ ਇਹ ਕਾਫ਼ਲਾ ਇੱਕ ਆਰਗੈਨਿਕ ਡੇਅਰੀ ਫਾਰਮ ਵਿਖੇ ਰੁਕਿਆ। ਫਿਰ ਲੋਡਾਈ ਗੁਰੂ ਘਰ ਵਿਖੇ ਰਹਿਰਾਸ ਦੇ ਪਾਠ 'ਚ ਸ਼ਮੂਲੀਅਤ ਕਰਕੇ ਸੰਗਤਾਂ ਰਾਤੀਂ 10:00 ਵਜੇ ਦੇ ਕਰੀਬ ਯੂਬਾ ਸਿਟੀ ਪੁੱਜੀਆਂ।

ਰਾਤ ਦਾ ਠਹਿਰਾਅ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਰੋਡ ਵਿਖੇ ਸੀ ਜਿੱਥੇ ਰਾਤ ਦੇ ਧਾਰਮਿਕ ਪ੍ਰਗਰਾਮਾਂ ਤੇ ਆਤਿਸ਼ਬਾਜ਼ੀ ਦੇ ਜਸ਼ਨਾਂ ਦਾ ਆਨੰਦ ਮਾਣਿਆ। ਸਵੇਰੇ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਉਪਰੰਤ ਵਾਪਸੀ ਤੇ ਸੈਕਰਾਮੈਂਟੋ ਗੁਰੂ ਘਰ ਵਿਖੇ ਚਾਹ ਤੇ ਪਕੌੜਿਆਂ ਦਾ ਆਨੰਦ ਮਾਣਦੀਆਂ ਵਾਪਸ ਪੁੱਜੀਆਂ। ਸਾਰੀ ਸੰਗਤ ਨੇ ਇਸ ਯਾਤਰਾ ਲਈ ਬੱਸ ਦੀ ਸੇਵਾ ਕਰਨ ਵਾਲਿਆਂ ਤੋਂ ਇਲਾਵਾ ਸਹਿਯੋਗ ਬਦਲੇ ਸਾਰੇ ਗੁਰੂ ਘਰਾਂ ਦੇ ਪ੍ਰਬੰਧਕਾਂ, ਸੇਵਾਦਾਰਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ।




Raja™ SWEETS & CATERING®
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.



$20 Off For Trans-Alliance Carriers
TRANS-ALLIANCE
TOGETHER WE SAVE
SPECIAL TIRE PRICING
TRAILER TIRES STARTING AT $259*
REGULAR RETAIL $324
ROADMASTER TIRES
TRAILER TIRES STARTING AT $289*
REGULAR RETAIL $354
KELLY TIRES
TRAILER TIRES STARTING AT $359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# Watch Your Favorite Channel

# FREE PREVIEW

jus punjabi




The 1st American-Punjabi Television Channel

**WATCH jus punjabi ON CHANNEL 736 ON**

dish | sling TELEVISION

for advertisement & more information call: +1-718-752-9290 x 202

**www.jusbroadcasting.com**


NOW OPEN IN MODESTO/CERES
PANNU'S
LEGAL SERVICES (Regd. & Bonded)
G.S. Pannu
Immigration Consultant-LDA
510.677.5200
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B • Student • Relegious ... & related matters
Family Petitions
FREE
DIVORCE
• Petitions
• Child Support
• Child Visitation
• Child Custody
• Modification
...& related matters
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com


SINGH
TRANSPORT INC
● ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
● ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
● ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
● ਅਸੀਂ ਬੋਨਸ ਵੀ ਦਿੰਦੇ ਹਾਂ।
● ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578

*Recognize Humanity as One!*
*"Manas Ki Jaat Sabhe Ekae Pachanabo"*

**Consulate General of India, San Francisco; the Ministry of Culture, Government of India & the Sikh & Jain Professorship of Loyola Marymount University Presents**



# One-Day Seminar Honoring Guru Gobind Singh's 350th Birthday

*Friday, Nov 10, 2017 10am-5pm*
*Hilton Center 100*
*Loyola Marymount University (near LAX)*
*1 LMU Drive, Los Angeles, California 90045*
*FREE ADMISSION*

Kirtan by Nanak Sadan Jatha at 10 AM .
Speakers:

Professor Nirinjan Kaur Khalsa (LMU), Sikh and Jain Coexistence: Young Gobind Rai in Patna Sahib

Professor Surinder Singh (Raj Academy, UK) Guru Gobind Singh: The Forgotten Legend of India's Musical Heritage

Sikh Graduate Student Panel on Truth, Justice, Equality, Freedom: Harleen Kaur (UCLA), Tejpaul Singh (UCR), Harsimranjit Singh (UCI)

Bibiji Inderjit Kaur Khalsa, Ph.D. (Chief Religious Minister Sikh Dharma) Guru Gobind Singh's Life and Legacy

Dr. Kuldeep Singh (Nanak Sadan Sikh Temple), Sparrow to Hawk: Combating Oppression with Love & Unity

Professor Pashaura Singh (UC Riverside), Guru Gobind Singh's Egalitarian Message and its Relevance in Modern Times

Interfaith Panel: Recognize Humanity as One! Speakers: Nirinjan Singh Khalsa (Executive Director California Sikh Council), Sushama Parekh (Jain Center, Claremont School of Theology), Dean Manohar Singh (Humboldt State University), Professor Amir Hussain (LMU), Professor Mugdha Yeolekar (LMU)

Langar (lunch) served at 1 pm.

The program will conclude at 5 PM with the final segment of Gurbani Kirtan by Raj Academy of UK.

Sikh and Interfaith Scholars and Leaders discussing Guru Gobind Singh's Legacy of Truth, Justice, Equality, and Freedom

*Gurbani Kirtan by Nanak Sadan JathaRaj Academy, UK*

*Supported by Sikh Sangat of Southern California, Ministry of Culture, Government of India and Consulate General of India*

Hollywood Sikh Temple - Baldev Singh Johal - (661) 965-5937
International Institute of Gurmat Studies - Kaviraj Singh - (714) 210-9297
Guru Ram Das Ashram Los Angeles - Kirtan-Singh Khalsa - (310) 990-4573
Siri Guru Singh Sabha Walnut - Saab Singh Bhullar - (626) 893-2314
Sikh Gurdwara of Sadh Sangat Norco - Hari Singh - (951) 372-0788
Nanak Sadan Sikh Temple - Gajinder Shah Singh - (818) 830-4647
Sikh Gurdwara of Los Angeles, Lankershim - Ranjit Singh Kamboj - (626) 676-1664

For more information, please contact:

H. Sahota MD, FACC, FSCAI - Nirinjan.Khalsa@lmu.edu
Indersingh.usa@gmail.com
Raman Chadha (818-438-5595) • Baljit Toor (909-844-1600)
Kirtan Singh Khalsa (310) 990-4573 • Nirinjan Singh Khalsa (310) 270-5988
Gurinder Singh, San Diego (858) 779-4878 • Navdeep 'Bittu' Singh (818) 943-3570

# ਵਰ੍ਹਿਆਂ ਤੋਂ ਅਸਹਿ ਪੀੜ ਝੱਲ ਰਹੇ ਸਿੱਖ ਕਤਲੇਆਮ ਦੇ ਪੀੜਤਾਂ ਵੱਲੋਂ ਇਨਸਾਫ਼ ਮਾਰਚ

**ਲੁਧਿਆਣਾ/ਬਿਊਰੋ ਨਿਊਜ਼:**
ਸਿੱਖ ਕਤਲੇਆਮ ਪੀੜਤ ਵੈਲਫੇਅਰ ਸੁਸਾਇਟੀ ਦੇ ਸੈਂਕੜੇ ਵਰਕਰਾਂ ਨੇ ਇਨਸਾਫ਼ ਦੀ ਮੰਗ ਨੂੰ ਲੈ ਕੇ ਭਾਰਤ ਨਗਰ ਚੌਂਕ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਇਨਸਾਫ਼ ਮਾਰਚ ਕੀਤਾ ਅਤੇ ਦਫ਼ਤਰ ਬਾਹਰ ਧਰਨਾ ਦੇ ਕੇ ਪ੍ਰਧਾਨ ਮੰਤਰੀ ਲਈ ਡੀ. ਸੀ. ਨੂੰ ਮੰਗ ਪੱਤਰ ਸੌਂਪਿਆ।

ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਮਹਿਲਾ ਵਿੰਗ ਪ੍ਰਧਾਨ ਗੁਰਦੀਪ ਕੌਰ ਦੀ ਅਗਵਾਈ ਹੇਠ ਕੀਤੇ ਗਏ ਮਾਰਚ ਦੌਰਾਨ ਵਰਕਰਾਂ ਨੇ ਕਾਂਗਰਸ ਅਤੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਜਦਕਿ ਮਹਿਲਾ ਵਰਕਰਾਂ ਨੇ ਦੋਹਾਂ ਪਾਰਟੀਆਂ ਦਾ ਪਿੱਟ-ਸਿਆਪਾ ਕੀਤਾ। ਇਸ ਸਮੇਂ ਪੀੜਤਾਂ ਨੇ ਇਨਸਾਫ਼ ਪ੍ਰਾਪਤੀ ਲਈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਸੁਰਜੀਤ ਸਿੰਘ ਦੁੱਗਰੀ ਨੇ ਕਿਹਾ ਕਿ ਸਿੱਖ ਨਸਲਕੁਸ਼ੀ ਦੇ 33 ਸਾਲ ਬੀਤ ਜਾਣ ਦੇ ਬਾਵਜ਼ੂਦ ਵੀ ਹਜ਼ਾਰਾਂ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਹੁਣ ਤੱਕ ਸੱਤਾ ’ਤੇ ਕਾਬਜ਼


ਇਨਸਾਫ਼ ਮਾਰਚ ਦੌਰਾਨ ਨਾਅਰੇਬਾਜ਼ੀ ਕਰਦੇ ਦੰਗਾ ਪੀੜਤ ਪਰਿਵਾਰ।

ਰਹੀਆਂ ਵੱਖ ਵੱਖ ਕੇਂਦਰ ਸਰਕਾਰਾਂ ਵੱਲੋਂ 11 ਕਮਿਸ਼ਨ ਕਾਇਮ ਕੀਤੇ ਜਾ ਚੁੱਕੇ ਹਨ ਪਰ ਇਕ ਵੀ ਕਮਿਸ਼ਨ ਦੀ ਰਿਪੋਰਟ ’ਤੇ ਕੋਈ ਕਾਰਵਾਈ ਨਹੀਂ ਹੋਈ, ਜਿਸ ਕਾਰਨ ਮੁਲਜ਼ਮ ਖੁਲ੍ਹੇਆਮ ਘੁੰਮ ਰਹੇ ਰਨ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਵੀ ਵਾਅਦਿਆਂ ਤੋਂ ਮੁਕਰਨ ਦਾ ਦੋਸ਼ ਲਗਾਉਂਦਿਆਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਗਠਿਤ ਜਾਂਚ ਕਮੇਟੀ ਦੇ ਕੰਮਕਾਜ ਵਿੱਚ ਤੇਜ਼ੀ ਲਿਆਂਦੀ ਜਾਵੇ। ਉਨਾਂ ਕਿਹਾ ਕਿ ਕਤਲੇਆਮ ਤੋਂ ਬਾਦ ਉਜੜ ਕੇ ਪੰਜਾਬ ਆਏ 25000 ਦੇ ਕਰੀਬ ਪਰਿਵਾਰਾਂ ਨੂੰ ਮੁੜ ਵਸੇਬੇ ਲਈ 5-5 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ। ਉਨ੍ਹਾਂ ਬੇਰੁਜ਼ਗਾਰ ਬੱਚਿਆਂ ਨੂੰ ਨੌਕਰੀਆਂ ਦੇਣ ਅਤੇ ਰਹਿਣ ਲਈ ਮਕਾਨ ਦੇਣ ਦੀ ਮੰਗ ਵੀ ਕੀਤੀ।

ਬੀਬੀ ਗੁਰਦੀਪ ਕੌਰ ਨੇ ਕਿਹਾ ਕਿ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਉਜੜ ਕੇ ਆਏ ਸੈਂਕੜੇ ਪਰਿਵਾਰਾਂ ਦੇ ਹਾਲੇ ਤੱਕ ਲਾਲ ਕਾਰਡ ਨਹੀਂ ਬਣੇ ਜਦਕਿ ਉਨ੍ਹਾਂ ਨੂੰ ਦਰਖ਼ਾਸਤਾਂ ਦਿੱਤਿਆਂ ਵੀ ਲੰਬਾ ਸਮਾਂ ਹੋ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਪੀੜਤਾਂ ਦੇ ਵੀ ਲਾਲ ਕਾਰਡ ਬਣਾ ਕੇ ਫ਼ੌਰਨ ਐਲਾਨੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ। ਇਸ ਸਮੇਂ ਗੁਰਦੇਵ ਸਿੰਘ ਚੇਅਰਮੈਨ, ਜਗੀਰ ਸਿੰਘ ਗੁਰਦਾਸਪੁਰ, ਹਰਨੇਕ ਸਿੰਘ ਮੋਹਾਲੀ, ਰਤਨ ਸਿੰਘ ਤਰਨਤਾਰਨ ਅਤੇ ਬੀਬੀ ਹਰਬੰਸ ਕੌਰ ਹਾਜ਼ਰ ਸਨ।

## ਸ਼ਾਇਰ ਪ੍ਰੋ. ਸੁਖਵਿੰਦਰ ਕੰਬੋਜ ਨੂੰ ਦਿੱਤਾ ਜਾਵੇਗਾ ‘ਸ. ਪ੍ਰੀਤਮ ਸਿੰਘ ਬਾਸੀ ਯਾਦਗਾਰੀ ਪੁਰਸਕਾਰ’

**ਸਰੀ/ਬਿਊਰੋ ਨਿਊਜ਼:** ਅਮਰੀਕਾ ਵਸਦੇ ਨਾਮਵਰ ਸ਼ਾਇਰ ਪ੍ਰੋ. ਸੁਖਵਿੰਦਰ ਕੰਬੋਜ ਨੂੰ, ਉਹਨਾਂ ਦੀਆਂ ਜੀਵਨ ਭਰ ਦੀਆਂ ਸਾਹਿਤਕ ਪ੍ਰਾਪਤੀਆਂ ਅਤੇ ਸਮਾਜਿਕ ਤੇ ਸੱਭਿਆਚਾਰਕ ਪਿੜ ਵਿਚ ਪਾਏ ਯੋਗਦਾਨ ਨੂੰ ਮੁਖ ਰਖਦਿਆਂ, ਸ਼ਾਇਰ ਮੰਗਾ ਸਿੰਘ ਬਾਸੀ ਵਲੋਂ ਆਪਣੇ ਪਿਤਾ ਦੀ ਯਾਦ ਵਿਚ ਸ਼ੁਰੂ ਕੀਤੇ ਗਏ ਸ. ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ’ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਪੁਰਸਕਾਰ ਵਿਚ ਸਨਮਾਨ ਚਿੰਨ੍ਹ ਵਜੋਂ ਗਿਆਰਾਂ ਸੌ ਡਾਲਰ (ਕਨੇਡੀਅਨ), ਇਕ ਸ਼ਾਲ ਤੇ ਇਕ ਪਲੇਕ ਹੁੰਦੀ ਹੈ।



ਬੀ. ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ ਵਲੋਂ ਇਸ ਮੰਤਵ ਲਈ ਆਪਣਾ ਵਾਰਸ਼ਿਕ ਸਮਾਗਮ 26 ਨਵੰਬਰ ਨੂੰ ਬਾਅਦ ਦੁਪਹਿਰ 1:00 ਵਜੇ, ਬੰਬੇ ਬੈਂਕੁਇਟ ਹਾਲ, 7475, 135 ਸਟਰੀਟ ਸਰੀ ਵਿਚ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਪ੍ਰੋ. ਸੁਖਵਿੰਦਰ ਕੰਬੋਜ ਨੂੰ ਪੁਰਸਕਾਰ ਨਾਲ ਸਨਮਾਨਿਆ ਜਾਵੇਗਾ। ਇਸ ਤੋਂ ਪਹਿਲਾਂ ਇਹ ਪੁਰਸਕਾਰ ਭਾਰਤ ਰਹਿੰਦੇ ਨਾਮਵਰ ਕਵੀ ਸਰਵਣ ਰਾਹੀ, ਉਸਤਾਦ ਗ਼ਜ਼ਲਗੋ ਨਦੀਮ ਪਰਮਾਰ ਤੇ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਝੋਲ਼ੀ ਪੈ ਚੁੱਕਾ ਹੈ। ਪੰਜਾਬੀ ਸਾਹਿਤ ਦੇ ਨਾਮਵਰ ਚਿੰਤਕ ਡਾ. ਸਾਧੂ ਸਿੰਘ, ਮੈਗਜ਼ੀਨਸਿਰਜਣਾ’ ਦੇ ਸੰਪਾਦਕ ਤੇ ਅਲੋਚਕ ਡਾ. ਰਘਬੀਰ ਸਿੰਘ, ਅਮਰੀਕਾ ਵਸਦੇ ਕਵੀ ਤੇ ਸਾਹਿਤਕ ਮੈਗਜ਼ੀਨ ਹੁਣ’ ਦੇ ਸੰਪਾਦਕ ਸ੍ਰੀ ਰਵਿੰਦਰ ਸਹਿਰਾਅ ਅਤੇ ਹੋਰ ਬੁੱਧੀਜੀਵੀ ਇਸ ਸਮਾਗਮ ਵਿਚ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਨਗੇ। ਉਸ ਸਮੇਂ ਮੰਗਾ ਸਿੰਘ ਬਾਸੀ ਦੀਆਂ ਦੋ ਪੁਸਤਕਾਂ ਕਾਵਿ ਸੰਗ੍ਰਹਿ ਮਾਂ ਕਹਿੰਦੀ ਸੀ’ ਤੇ ਮੰਗਾ ਬਾਸੀ ਕਾਵਿ, ਮੂਲਵਾਸ ਅਤੇ ਪਰਵਾਸ ਦਾ ਦਵੰਦ’, ਸੰਪਾਦਕ ਡਾ. ਦਰਿਆ, ਵੀ ਰੀਲੀਜ਼ ਕੀਤੀਆਂ ਜਾਣਗੀਆਂ। ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਹੈ।

## ਇੰਟਰਨੈਸ਼ਨਲ ਪੰਜਾਬੀ ਪੀਜੈਂਟ 11 ਨਵੰਬਰ ਨੂੰ

**ਮਿਲਪੀਟਸ/ਬਿਊਰੋ ਨਿਊਜ਼:**
ਇੱਥੇ ਇੰਡੀਆ ਕਮਿਊਨਿਟੀ ਸੈਂਟਰ ਵਿਖੇ 11 ਨਵੰਬਰ ਸ਼ਨੀਵਾਰ ਨੂੰ ਸ਼ਾਮ 5:00 ਵਜੇ ਤੋਂ ਦੇਰ ਰਾਤ ਤੱਕ ਕਰਵਾਏ ਜਾਣ ਵਾਲੇ ਇੰਟਰਨੈਸ਼ਨਲ ਪੰਜਾਬੀ ਪੀਜੈਂਟ ਦੀਆਂ ਤਿਆਰੀਆਂ ਜੋਰਾਂ ਸ਼ੋਰਾਂ ਸਿਖ਼ਰਾਂ ਉੱਤੇ ਹਨ । ਪ੍ਰੋਗਰਾਮ ਦੀ ਮੁੱਖ ਪ੍ਰਬੰਧਕਾ ਪਰਮੀਤ ਕੌਰ ਰੰਧਾਵਾ ਨੇ ਦੱਸਿਆ ਕਿ ਪਿਛਲੇ 6 ਸਾਲਾਂ ਵਿੱਚ ਇਹ ਪੀਜੈਂਟ ਪੰਜਾਬੀ ਜੋੜਿਆਂ ਲਈ ’ਮਿਸਟਰ ਤੇ ਮਿਸਜ ਪੰਜਾਬਣ’ ਦੇ ਨਾਂ ਹੇਠ ਕਰਵਾਇਆ ਜਾਂਦਾ ਸੀ ਤੇ ਹੁਣ ਇਸਦਾ ਘੇਰਾ ਵੱਡਾ ਕਰਦਿਆਂ ਇਸ ਵਿੱਚ ਕਿਸੇ ਵੀ ਉਮਰ ਜਾਂ ਵਿਆਹੇ ਹੋਣ ਦੀ ਸ਼ਰਤ ਨੂੰ ਖਤਮ ਕਰਦਿਆਂ ਇਹ ਭਾਰਤ ਦੀਆਂ ਹੋਰ ਭਾਸ਼ਾਈ ਲੋਕਾਂ ਲਈ ਵੀ ਇੱਕ ਸੱਭਿਆਚਾਰਕ ਮੰਚ ਪ੍ਰਦਾਨ ਕਰੇਗਾ।

ਪ੍ਰੋਗਰਾਮ ਦੇ ਸਹਿਯੋਗੀ ਕੁਲਵੰਤ ਸਿੰਘ ਨਿੱਝਰ ਨੇ ਦੱਸਿਆ ਕਿ ਇਸ ਵਾਰ ਦੇ ਪੀਜੈਂਟ ਵਿੱਚ 17 ਪ੍ਰਤੀਯੋਗੀ ਭਾਗ ਲੈ ਰਹੇ ਤੇ 3 ਰਾਊਂਡ ਵਿੱਚ ਹੋਣ ਵਾਲੇ ਇਸ ਮੁਕਾਬਲੇ ’ਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਪ੍ਰਤੀਯੋਗੀ ਨੂੰ ਏਅਰ ਇੰਡੀਆ ਵਲੋਂ ਇੰਡੀਆ ਦੀ ਮੁਫਤ ਟਿਕਟ ਆਉਣ ਜਾਣ ਲਈ ਦਿੱਤੀ ਜਾਵੇਗੀ। ਨਾਸਾ ਲਈ ਚੁਣੀ ਗਈ ਜਸਲੀਨ ਕੌਰ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ। ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਜਸਪਾਲ ਸਿੰਘ ਅਤੇ ਬੀਬੀ ਆਸ਼ਾ ਸ਼ਰਮਾ ਕਰਨਗੇ।

# ਅਮਰੀਕਾ ਪੁਜਣ ਦੇ ਚਾਹਵਾਨ ਰਾਹ ਵਿੱਚ ਹੀ ਹੋਏ ਲਾਪਤਾ ਪੰਜਾਬ ਦੇ 3 ਨੌਜਵਾਨਾਂ ਦੇ ਪਰਿਵਾਰ ਗਹਿਰ ਸਦਮੇ ’ਚ

**ਮੁਕੇਰੀਆਂ/ਬਿਊਰੋ ਨਿਊਜ਼:** ਪਿੰਡ ਪੁਰੀਕਾ ਤੇ ਅਬਦੁੱਲਾਪੁਰ ਦੇ ਅਮਰੀਕਾ ਜਾਂਦਿਆਂ ਲਾਪਤਾ ਹੋਏ ਤਿੰਨ ਲੜਕਿਆਂ ਦੇ ਪਰਿਵਾਰਕ ਮੈਂਬਰ ਚਿੰਤਤ ਹਨ। ਪੀੜਤਾਂ ਨੇ 1 ਨਵੰਬਰ ਨੂੰ ਵਿਦੇਸ਼ ਮੰਤਰਾਲੇ ਦੇ ਦਫ਼ਤਰ ‘ਚ ਏਜੰਟ ਖ਼ਿਲਾਫ਼ ਲਿਖਤੀ ਸ਼ਿਕਾਇਤ ਦਿੱਤੀ ਸੀ, ਪਰ ਹਾਲੇ ਤੱਕ ਕੋਈ ਕਾਰਵਾਈ ਨਾ ਹੋਣ ਕਾਰਨ ਪਰਿਵਾਰ ਸਦਮੇ ਵਿੱਚ ਹਨ। ਤਿੰਨਾਂ ਲਾਪਤਾ ਲੜਕਿਆਂ ਦੇ ਪਰਿਵਾਰ ਏਜੰਟ ਕੋਲੋਂ 25-25 ਲੱਖ ਰੁਪਏ ਲੈ ਚੁੱਕੇ ਹਨ। ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲਾ ਸਥਾਨਕ ਏਜੰਟ ਰੂਪੋਸ਼ ਹੋ ਗਿਆ ਹੈ ਅਤੇ ਉਸ ਨੇ ਆਪਣਾ ਫੋਨ ਵੀ ਬੰਦ ਕਰ ਲਿਆ ਹੈ। ਪਰਿਵਾਰਾਂ ਨੂੰ ਖ਼ਦਸ਼ਾ ਹੈ ਕਿ ਏਜੰਟ ਕੋਲ 10 ਸਾਲ ਦਾ ਕੈਨੇਡਾ ਦਾ ਵੀਜ਼ਾ ਹੋਣ ਕਾਰਨ ਉਹ ਕਿਸੇ ਵੇਲੇ ਵੀ ਵਿਦੇਸ਼ ਜਾ ਸਕਦਾ ਹੈ। ਰਕਮ ਵਾਪਸ ਕਰਨ ਬਾਰੇ ਸਾਹਮਣੇ ਆਏ ਇਕਰਾਰਨਾਮੇ ਵਿੱਚ ਨੌਜਵਾਨਾਂ ਦਾ ਜਾਨੀ ਨੁਕਸਾਨ ਹੋਣ ‘ਤੇ ਪਰਿਵਾਰਾਂ ਵੱਲੋਂ ਏਜੰਟਾਂ ‘ਤੇ ਕੋਈ ਕੇਸ ਨਾ ਕਰਨ ਦੀ ਗੱਲ ਵੀ ਸਾਹਮਣੇ ਆਈ ਹੈ। ਪੁਰੀਕਾ ਦੇ ਲਾਪਤਾ ਸਰਬਜੀਤ ਸਿੰਘ (24 ਸਾਲ) ਦੀ ਮਾਤਾ ਸੱਤਪਾਲ ਕੌਰ ਨੇ ਦੱਸਿਆ ਕਿ ਏਜੰਟ ਸੁਖਵਿੰਦਰ ਸਿੰਘ, ਜੋ ਪੀਏਪੀ ਵਿੱਚ ਏਐੱਸਆਈ ਸੀ, ਨਾਲ ਉਨ੍ਹਾਂ ਨੇ ਆਪਣੇ ਲੜਕੇ ਨੂੰ ਕਾਨੂੰਨੀ ਤਰੀਕੇ ਨਾਲ ਅਮਰੀਕਾ ਭੇਜਣ ਲਈ 35 ਲੱਖ ਰੁਪਏ ਵਿੱਚ ਗੱਲਬਾਤ ਕੀਤੀ ਸੀ। ਏਜੰਟ ਨੇ ਲੜਕੇ ਨੂੰ ਪੰਜ ਦਿਨਾਂ ਵਿੱਚ ਵਿਦੇਸ਼ ਪਹੁੰਚਾ ਦੇਣ ਦਾ ਦਾਅਵਾ ਕੀਤਾ ਸੀ। ਇਸੇ ਤਰ੍ਹਾਂ, ਅਬਦੁੱਲਾਪੁਰ ਦੇ ਲਾਪਤਾ ਇੰਦਰਜੀਤ ਸਿੰਘ (22 ਸਾਲ) ਦੀ ਮਾਤਾ ਸੁਖਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਆਪਣੇ ਲੜਕੇ ਨੂੰ ਅਮਰੀਕਾ ਭੇਜਣ ਦਾ ਇਸ ਏਜੰਟ ਨਾਲ 35 ਲੱਖ ਰੁਪਏ ਵਿੱਚ ਸੌਦਾ ਤੈਅ ਹੋਇਆ ਸੀ।


ਪੁਰੀਕਾ ਦੇ ਨੌਜਵਾਨ ਸਰਬਜੀਤ ਦੀ ਮਾਤਾ ਹੱਥ ਵਿੱਚ ਪਰਿਵਾਰਕ ਫੋਟੋ ਫੜੀ ਹੋਈ।


ਅਬਦੁੱਲਾਪੁਰ ਦੇ ਨੌਜਵਾਨ ਇੰਦਰਜੀਤ ਦੀ ਮਾਤਾ ਆਪਣੇ ਪੁੱਤਰ ਦੀ ਫੋਟੋ ਤੇ ਰਿਸ਼ਤੇਦਾਰ ਔਰਤਾਂ ਨਾਲ।

ਉਨ੍ਹਾਂ ਪੇਸ਼ਗੀ ਵਜੋਂ 12-12 ਲੱਖ ਦੇ ਦਿੱਤੇ ਸਨ ਅਤੇ ਬਾਕੀ ਰਕਮ ਅਮਰੀਕਾ ਪੁੱਜਣ ‘ਤੇ ਦੇਣੀ ਸੀ। ਉਨ੍ਹਾਂ ਦੇ ਲੜਕੇ 27 ਮਈ 2017 ਨੂੰ ਘਰੋਂ ਗਏ ਸਨ ਅਤੇ ਏਜੰਟ ਨੇ 10 ਦਿਨ ਦਿੱਲੀ ਰੱਖਣ ਪਿੱਛੋਂ 18 ਦਿਨ ਦੇ ਵੀਜ਼ੇ ‘ਤੇ ਉਨ੍ਹਾਂ ਦੀ ਮਾਸਕੋ ਦੀ ਟਿਕਟ ਕਟਾ ਕੇ ਉੱਥੇ ਭੇਜ ਦਿੱਤਾ ਸੀ। ਉੱਥੋਂ ਅੱਗੇ ਲੜਕਿਆਂ ਨੂੰ ਬਾਹਮਾਸ ਰਾਹੀਂ ਕਾਨੂੰਨੀ ਤਰੀਕੇ ਨਾਲ ਹਵਾਈ ਜਹਾਜ਼ ਰਾਹੀਂ ਅਮਰੀਕਾ ਭੇਜਿਆ ਜਾਣਾ ਸੀ। ਦੋ ਮਹੀਨੇ ਬੀਤਣ ‘ਤੇ ਵੀ ਲੜਕੇ ਦੇ ਅਮਰੀਕਾ ਨਾ ਪੁੱਜਣ ‘ਤੇ ਜਦੋਂ ਉਨ੍ਹਾਂ ਏਜੰਟ ‘ਤੇ ਜ਼ੋਰ ਪਾਇਆ ਤਾਂ ਉਨ੍ਹਾਂ ਦੇ ਲੜਕੇ ਨੇ ਆਖ਼ਰੀ ਵਾਰ ਆਪਣੇ ਫੋਨ ‘ਤੇ ਵੁਆਇਸ ਮੈਸੇਜ ਰਾਹੀਂ ਦੋ ਅਗਸਤ ਨੂੰ ਗੱਲਬਾਤ ਕੀਤੀ। ਉਸ ਨੇ ਦੱਸਿਆ ਕਿ ਉਹ ਫਰੀਪੋਰਟ ਟਾਪੂ ‘ਤੇ ਹਨ। ਇਸ ਪਿੱਛੋਂ ਏਜੰਟ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਲੜਕੇ ਅਮਰੀਕਾ ਪੁੱਜ ਗਏ ਹਨ। ਸਰਬਜੀਤ ਸਿੰਘ ਦੇ ਪਹਿਲਾਂ ਅਮਰੀਕਾ ਗਏ ਛੋਟੇ ਭਰਾ ਨੇ ਪਰਿਵਾਰ ਨੂੰ ਫੋਨ ਕਰ ਕੇ ਦੱਸਿਆ ਕਿ ਸਰਬਜੀਤ ਅਮਰੀਕਾ ਨਹੀਂ ਪੁੱਜਾ। ਜਦੋਂ ਵਾਰ-ਵਾਰ ਏਜੰਟ ‘ਤੇ ਦਬਾਅ ਬਣਾਇਆ ਤਾਂ ਉਸ ਨੇ ਕਿਹਾ ਕਿ ਉਹ ਖ਼ੁਦ ਥਾਣੇਦਾਰ ਹੈ ਤੇ ਉਨ੍ਹਾਂ ਨੂੰ ਰਕਮ ਦੇਣ ਦੀ ਥਾਂ ਪੁਲੀਸ ਨੂੰ ਦੇ ਕੇ ਆਪਣੇ-ਆਪ ਨੂੰ ਛੁਡਾ ਲਵੇਗਾ। ਇਸੇ ਦੌਰਾਨ ਏਜੰਟ ਸੁਖਵਿੰਦਰ ਸਿੰਘ ਨੇ ਪਰਿਵਾਰਾਂ ਨਾਲ ਸੰਪਰਕ ਕਰ ਕੇ ਲਏ 12 ਲੱਖ ਰੁਪਏ ਦੀ ਥਾਂ ਦੁੱਗਣੇ 25 ਲੱਖ ਰੁਪਏ ਵਾਪਸ ਲੈਣ ਲਈ ਆਖਿਆ। ਇਸ ‘ਤੇ ਪਰਿਵਾਰ ਨੇ ਏਜੰਟ ਨਾਲ ਬੀਤੀ 20 ਸਤੰਬਰ ਨੂੰ ਇਕਰਾਰਨਾਮਾ ਕੀਤਾ ਕਿ ਉਹ ਆਪਣੀ ਰਕਮ ਵਾਪਸ ਲੈ ਰਹੇ ਹਨ ਤੇ ਜੇਕਰ ਲੜਕੇ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਏਜੰਟ ਖ਼ਿਲਾਫ਼ ਕਾਰਵਾਈ ਨਹੀਂ ਕਰਨਗੇ।

ਐੱਸਐੱਸਪੀ ਜੇ. ਇਲਨਚੇਲੀਅਨ ਨੇ ਕਿਹਾ ਕਿ ਮਾਮਲੇ ਦਾ ਖ਼ੁਲਾਸਾ ਹੋਣ ‘ਤੇ ਪੁਲੀਸ ਨੇ ਏਜੰਟ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਪਰਿਵਾਰਾਂ ਨਾਲ ਵੀ ਪੁਲੀਸ ਨੇ ਮੁਲਾਕਾਤ ਕਰ ਕੇ ਲਿਖਤੀ ਦਰਖ਼ਾਸਤ ਦੇਣ ਲਈ ਆਖਿਆ ਹੈ।

*ਗੁਰਦੁਆਰਾ ਗਿਆਨ ਗੋਦੜੀ ਮਾਮਲਾ*

# ਉਤਰਾਖੰਡ ਪੁਲੀਸ ਨੇ ਹਰਿ ਕੀ ਪਉੜੀ ਜਾ ਰਹੇ ਸਿੱਖਾਂ ਨੂੰ ਹਿਰਾਸਤ ’ਚ ਲਿਆ

**ਅੰਮ੍ਰਿਤਸਰ/ਬਿਊਰੋ ਨਿਊਜ਼:** ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਉਸਾਰੀ ਦੀ ਮੰਗ ਕਰ ਰਹੇ ਸਿੱਖਾਂ ਨੂੰ ਉਤਰਾਖੰਡ ਸਰਕਾਰ ਵੱਲੋਂ ਹਰਿਦੁਆਰ ਜਾਣ ਤੋਂ ਰੋਕ ਦਿੱਤਾ ਗਿਆ ਅਤੇ ਕੁਝ ਸਿੱਖਾਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਹੈ। ਇਹ ਸਿੱਖ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਵਾਲੀ ਥਾਂ ‘ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣਾ ਚਾਹੁੰਦੇ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਕਾਨਫਰੰਸ ਦੇ ਆਗੂ ਗੁਰਚਰਨ ਸਿੰਘ ਬੱਬਰ ਨੇ ਆਖਿਆ ਕਿ ਉਹ ਅਤੇ ਉਨ੍ਹਾਂ ਦੇ ਸਮਰਥਕ ਅੱਜ ਗੁਰਪੁਰਬ ਮਨਾਉਣ ਲਈ ਹਰਿਦੁਆਰ ਲਈ ਰਵਾਨਾ ਹੋਏ ਸਨ ਪਰ ਉਨ੍ਹਾਂ ਨੂੰ ਗੁਰਦੁਆਰਾ ਪਾਉਂਟਾ ਸਾਹਿਬ ਤੋਂ ਦੇਹਰਾਦੂਨ ਰਸਤੇ ਹਰਿਦੁਆਰ ਜਾਣ ਤੋਂ ਰੋਕ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਹਰਿਦੁਆਰ ਨੇੜਲੇ ਪਿੰਡਾਂ ਵਿੱਚੋਂ ਕੁਝ ਸਿੱਖਾਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਵੀ ਲਿਆ ਹੈ, ਜਿਨ੍ਹਾਂ ਖ਼ਿਲਾਫ਼ ਕੇਸ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇਨ੍ਹਾਂ ਸਿੱਖਾਂ ਵਿੱਚ ਸੂਬਾ ਸਿੰਘ ਢਿੱਲੋਂ ਤੇ ਬਲਬੀਰ ਸਿੰਘ ਦੋਵੇਂ ਵਾਸੀ ਪਿੰਡ ਦਿਨਾਰਪੁਰ, ਸਤਵਿੰਦਰ ਸਿੰਘ ਤੇ ਜੋਗਾ ਸਿੰਘ ਦੋਵੇਂ ਵਾਸੀ ਪਿੰਡ ਐਥਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰਿਆਂ ਨੂੰ ਬੀਤੀ ਰਾਤ ਘਰਾਂ ਵਿੱਚੋਂ ਅਚਨਚੇਤੀ ਚੁੱਕ ਲਿਆ ਗਿਆ ਸੀ ਅਤੇ ਅੱਜ ਮੈਜਿਸਟਰੇਟ ਅੱਗੇ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਗੁਰਪੁਰਬ ਮੌਕੇ ਪੁਲੀਸ ਵੱਲੋਂ ਕੀਤੀ ਗਈ ਇਸ ਕਾਰਵਾਈ ਦੀ ਉਨ੍ਹਾਂ ਨਿਖੇਧੀ ਕੀਤੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਿੱਖਾਂ ਨੂੰ ਹਰਿਦੁਆਰ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਸਾਰੇ ਰਸਤਿਆਂ ‘ਤੇ ਨਾਕੇ ਲਾਏ ਹੋਏ ਹਨ ਅਤੇ ਸਿੱਖਾਂ ਨੂੰ ਰੋਕਿਆ ਗਿਆ ਹੈ, ਜਿਨ੍ਹਾਂ ਵਿੱਚ ਉਹ ਖੁਦ ਵੀ ਸ਼ਾਮਲ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਕੁਝ ਗੈਰ-ਪਗੜੀਧਾਰੀ ਸਿੱਖ ਵਿਅਕਤੀ ਹਰਿਦੁਆਰ ਪੁੱਜ ਗਏ ਹਨ, ਜਿਨ੍ਹਾਂ ਨੇ ਜਾਣਕਾਰੀ ਦਿੱਤੀ ਹੈ ਕਿ ਹਰਿ ਕੀ ਪਉੜੀ ਵਿਖੇ ਉਤਰਾਖੰਡ ਪੁਲੀਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਪਿੰਡ ਐਥਲ ਦੇ ਸਿੱਖ ਆਗੂ ਚੰਚਲ ਸਿੰਘ ਨੇ ਵੀ ਆਪਣੇ ਚਾਰ ਸਾਥੀਆਂ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਹ ਅੱਜ ਇਨ੍ਹਾਂ ਨੂੰ ਮਿਲਣ ਲਈ ਗਏ ਸਨ ਪਰ ਮਿਲਣ ਨਹੀਂ ਦਿੱਤਾ ਗਿਆ। ਪਹਿਲਾਂ ਤਾਂ ਪੁਲੀਸ ਵੱਲੋਂ ਹਰਿਦੁਆਰ ਜਾਣ ਤੋਂ ਰੋਕਣ ਲਈ ਕੁਝ ਘੰਟਿਆਂ ਵਾਸਤੇ ਹੀ ਹਿਰਾਸਤ ਵਿੱਚ ਰੱਖਿਆ ਜਾਂਦਾ ਸੀ ਪਰ ਇਸ ਵਾਰ ਕੇਸ ਦਰਜ ਕਰਕੇ ਸਿੱਖ ਆਗੂਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਸ੍ਰੀ ਬੱਬਰ ਵੱਲੋਂ ਇਸ ਸਬੰਧ ਵਿੱਚ ਉਤਰਾਖੰਡ ਦੇ ਮੁੱਖ ਮੰਤਰੀ ਸਮੇਤ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਹੋਰਨਾਂ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਗਈ ਸੀ ਕਿ ਉਤਰਾਖੰਡ ਪੁਲੀਸ ਵੱਲੋਂ ਸਿੱਖਾਂ ਨਾਲ ਵਧੀਕੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਬਰੀ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਤਿੰਨ ਨਵੰਬਰ ਨੂੰ ਭੇਜੇ ਇਸ ਪੱਤਰ ਵਿੱਚ ਅਪੀਲ ਕੀਤੀ ਸੀ ਕਿ ਸਿੱਖਾਂ ਨੂੰ ਗੁਰਦੁਆਰਾ ਗਿਆਨ ਗੋਦੜੀ ਵਿਖੇ ਜਾ ਕੇ ਗੁਰਪੁਰਬ ਮਨਾਉਣ ਦੀ ਆਗਿਆ ਦਿੱਤੀ ਜਾਵੇ।

ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਤੇ ਹੋਰਨਾਂ ਨੇ ਵੀ ਉਤਰਾਖੰਡ ਪੁਲੀਸ ਵੱਲੋਂ ਸਿੱਖਾਂ ਦੀ ਗ੍ਰਿਫ਼ਤਾਰੀ ਦੀ ਨਿੰਦਾ ਕੀਤੀ ਹੈ। ਇਸ ਮਾਮਲੇ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਿੱਜੀ ਸਹਾਇਕ ਸਤਿੰਦਰਪਾਲ ਸਿੰਘ ਨੇ ਆਖਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸਹੀ ਵੇਰਵੇ ਮਿਲਣ ਮਗਰੋਂ ਹੀ ਇਸ ਸਬੰਧੀ ਗਿਆਨੀ ਗੁਰਬਚਨ ਸਿੰਘ ਕੁਝ ਕਹਿਣਗੇ।

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪਹਿਲੇ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ






**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੁ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਬੜੇ ਹੀ ਪ੍ਰੇਮ ਪਿਆਰ ਦੇ ਨਾਲ ਮਨਾਇਆ। 3 ਨਵੰਬਰ ਸ਼ੁਕਰਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੇ ਭੋਗ 5 ਨਵੰਬਰ ਐਤਵਾਰ ਨੂੰ ਪਾਏ ਗਏ। ਪ੍ਰਬੰਧਕ ਕਮੇਟੀ ਵੱਲੋਂ ਇਸ ਵਿਸ਼ੇਸ਼ ਦਿਹਾੜੇ ਤੇ ਪੰਥ ਪ੍ਰਸਿੱਧ ਕਥਾਵਾਚਕ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲਿਆਂ ਨੂੰ ਅਤੇ ਪ੍ਰਸਿੱਧ ਕੀਰਤਨੀ ਜਥਾ ਭਾਈ ਗੁਰਦਿਆਲ ਸਿੰਘ ਯੂ ਕੇ ਵਾਲਿਆਂ ਨੂੰ ਬੁਲਾਇਆ ਗਿਆ ਸੀ ਜਿਨ੍ਹਾਂ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੁ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਕਥਾ ਅਤੇ ਕੀਰਤਨ ਰਾਹੀਂ ਚਾਨਣਾ ਪਾਇਆ। ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰ ਸਿੰਘ ਨੇ ਅਤੇ ਭਾਈ ਰਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਨੇ ਹਾਜ਼ਰੀ ਲਗਵਾਈ। ਸੰਗਤਾਂ ਵੱਲੋਂ ਨਿਸ਼ਾਨ ਸਾਹਿਬ ਦੇ ਨਵੇਂ ਬਸਤਰ ਬਦਲੇ ਗਏ। ਇਸ ਵਿਸ਼ੇਸ਼ ਦਿਹਾੜੇ ਤੇ ਸੰਗਤਾਂ ਗੁਰੂ ਘਰ ਵਿਚ ਭਾਰੀ ਗਿਣਤੀ ਵਿਚ ਪਹੁੰਚੀਆਂ ਹੋਈਆਂ ਸਨ। ਸ਼ਨਿਚਰਵਾਰ ਸਵੇਰ ਵੇਲੇ ਸੰਗਤਾਂ ਵੱਲੋਂ ਪ੍ਰਭਾਤ ਫੇਰੀ ਵੀ ਕੱਢੀ ਗਈ ਸੀ ਜਿਸ ਵਿਚ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਾਜ਼ਰੀ ਭਰੀ। ਸਟੇਜ ਦੀ ਸੇਵਾ ਹਰਜੀਤ ਸਿੰਘ ਗਿੱਲ ਨੇ ਨਿਭਾਈ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਮਹਾਂਵੀਰ ਸਿੰਘ ਬਰਾੜ ਨੇ ਸਮੂਹ ਸੰਗਤਾਂ ਨੂੰ ਸ੍ਰੀ ਗੁਰੁ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਅਤੇ ਸਾਰੇ ਜਥਿਆਂ ਦਾ ਧੰਨਵਾਦ ਕੀਤਾ। ਵਿਸ਼ੇਸ਼ ਤੌਰ ਭਾਈ ਕੁਲਵੰਤ ਸਿੰਘ ਲਧਿਆਣੇ ਵਾਲਿਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਨੂੰ ਉਨ੍ਹਾਂ ਫਿਰ ਆਉਣ ਦੀ ਬੇਨਤੀ ਕੀਤੀ । ਉਨ੍ਹਾਂ ਸਾਰੇ ਸੇਵਾਦਾਰਾਂ ਦਾ ਵੀ ਧੰਨਵਾਦ ਕੀਤਾ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਗੁਰਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ





**ਨਿਊਯਾਰਕ/ਬਿਊਰੋ ਨਿਊਜ਼:** ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਗੁਰਪੁਰਬ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਵਿਖੇ ਵੱਡੇ ਪੱਧਰ ਤੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਦਿਨ ਭਰ ਦੇ ਦੀਵਾਨ ਸਜਾਏ ਗਏ।

ਇਸ ਮੌਕੇ ਸੰਗਤਾਂ ਦਾ ਉਤਸ਼ਾਹ ਦੇਖਣ ਯੋਗ ਸੀ, ਸੰਗਤਾਂ ਨੇ ਸਾਰਾ ਦਿਨ ਸੰਗਤਾਂ ਤੇ ਹੋਰ ਸਥਾਨਾਂ ਤੇ ਹੁੰਮ ਹੁੰਮਾ ਕੇ ਸੇਵਾ ਕੀਤੀ ਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਆਤਮ ਰਸ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਪੰਥ ਦੇ ਮਹਾਨ ਰਾਗੀ ਭਾਈ ਗੁਰਮੇਲ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ, ਭਾਈ ਜਗਬੀਰ ਸਿੰਘ ਜੀ ਲੁਧਿਆਣੇ ਵਾਲੇ, ਭਾਈ ਹਰਪ੍ਰੀਤ ਸਿੰਘ ਜੀ ਹਰਿਆਣੇ ਵਾਲੇ, ਭਾਈ ਬਲਜਿੰਦਰ ਸਿੰਘ ਜੀ ਭੇਵੇ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਕਥਾਵਾਚਕ ਗਿਆਨੀ ਅਵਤਾਰ ਸਿੰਘ ਜੀ ਦਮਦਮੀ ਟਕਸਾਲ ਵਾਲਿਆ ਨੇ ਸੰਗਤਾਂ ਨੂੰ ਗੁਰੂ ਬਚਨਾ ਨਾਲ ਨਿਹਾਲ ਕੀਤਾ। ਇਸੇ ਤਰ੍ਹਾਂ ਕਵੀਸ਼ਰੀ ਜਥਾ ਭਾਈ ਦਲਵੀਰ ਸਿੰਘ ਯੂ ਕੇ ਵਾਲੇ ਤੇ ਢਾਡੀ ਜਥਾ ਬੀਬੀ ਜਸਵਿੰਦਰ ਕੌਰ ਰਾਮਾ ਮੰਡੀ ਵਾਲਿਆਂ ਨੇ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਜੋੜਿਆ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੇ ਵੀ ਸੰਗਤਾਂ ਨੂੰ ਗੁਰੂ ਬਚਨਾਂ ਨਾਲ ਨਿਹਾਲ ਕੀਤਾ ਤੇ ਗੁਰੂ ਸਾਹਿਬਾਂ ਦੇ ਦਰਸਾਏ ਹੋਏ ਮਾਰਗਾਂ ਤੇ ਚੱਲਣ ਲਈ ਪ੍ਰੇਰਿਤ ਕੀਤਾ। ਸੰਗਤਾਂ ਨੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹੋਏ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫੁੱਲਾਂ ਦੀ ਵਰਖਾ ਕਰਦਿਆਂ ਜੈਕਾਰਿਆਂ ਦੀ ਗੂੰਜ ਵਿਚ ਦਿਨ ਭਰ ਦੇ ਦੀਵਾਨਾਂ ਦੀ ਸਮਾਪਤੀ ਹੋਈ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਵਲੋਂ ਸਰਬੱਤ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ।

## 'ਕਿਸਾਨ ਖੁਦਕੁਸ਼ੀ ਦੇ ਮੋੜ ਤੇ' ਨਾਟਕ ਦੀ ਦੀ ਸੈਨਹੋਜ਼ੇ 'ਚ ਪੇਸ਼ਕਾਰੀ 18 ਨੂੰ




**ਸੈਨਹੋਜੇ/ਬਿਊਰੋ ਨਿਊਜ਼:**
ਰੇਡੀਓ ਮਿਰਚੀ ਵਲੋਂ ਐੱਸ ਪੀ ਸਿੰਘ ਦੇ ਯਤਨਾਂ ਨਾਲ ਨਿਰਦੇਸ਼ਕ ਅਸ਼ੋਕ ਟਾਂਗਰੀ ਅਤੇ ਨਿਰਮਾਤਾ ਤਾਰਾ ਸਿੰਘ ਸਾਗਰ ਦੀ ਪੇਸ਼ਕਸ਼ ਪੰਜਾਬ ਅੰਦਰ ਕਿਸਾਨ ਦੀ ਵਰਤਮਾਨ ਦੁਰਦਸ਼ਾ ਨੂੰ ਬਾਖੂਬੀ ਪੇਸ਼ ਕਰਦਾ ਨਾਟਕ ''ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' 18 ਨਵੰਬਰ ਸ਼ਨੀਵਾਰ ਨੂੰ ਐਵਰਗਰੀਨ ਸਕੂਲ 1300 ਕੁੰਭੀ ਰੋਡ, ਸੈਨਹੋਜੇ ਦੇ ਐਵਰਗਰੀਨ ਸਕੂਲ ਦੇ ਥੀਏਟਰ ਵਿੱਚ ਖੇਡਿਆ ਜਾਵੇਗਾ।

ਐੱਸ ਪੀ ਸਿੰਘ ਅਨੁਸਾਰ ਕਿਉਂਕਿ ਪ੍ਰਵਾਸ 'ਚ ਵਸਦਾ ਹਰ ਪੰਜਾਬੀ ਆਪਣੀ ਮਿੱਟੀ ਨਾਲ ਜੁੜਿਆ ਹੋਇਆ ਹੈ ਤੇ ਮਿੱਟੀ ਦਾ ਪੁੱਤ ਕਿਸਾਨ ਇਸ ਵੇਲੇ ਕਰਜ਼ੇ ਦੇ ਭਾਰ ਹੇਠ ਆਪਣੀ ਜ਼ਿੰਦਗੀ ਦੀ ਗੱਡੀ ਖਿੱਚਣ ਤੋਂ ਵੀ ਅਸਮਰਥ ਹੁੰਦਾ ਜਾ ਰਿਹਾ ਹੈ। ਅਜਿਹੇ ਮੌਕੇ ਤੇ ਕੁਲਦੀਪ ਦੀਪ ਦਾ ਇਹ ਲਿਖਿਆ ਨਾਟਕ ਹਰ ਪੰਜਾਬੀ ਦੇ ਦਿਲ ਨੂੰ ਝੰਜੋੜਦਾ ਹੈ। ਨਾਟਕ ਵਿੱਚ ਮੁੱਖ ਕਿਰਦਾਰ ਜਸਵੰਤ ਸ਼ਾਦ, ਡਿੰਪਲ ਅਤੇ ਅਸ਼ੋਕ ਟਾਂਗਰੀ ਦਾ ਹੈ। ਨਿਰਮਾਤਾ ਤਾਰਾ ਸਾਗਰ ਨੇ ਵੀ ਪੰਜਾਬੀਆਂ ਨੂੰ ਇਸ ਨਾਟਕ ਨੂੰ ਵੇਖਣ ਲਈ ਪਰਿਵਾਰ ਸਮੇਤ ਪਹੁੰਚਣ ਦੀ ਬੇਨਤੀ ਕੀਤੀ ਹੈ। ਜਾਣਕਾਰੀ ਲਈ 408-543-9200 ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਯੂਬਾ ਸਿਟੀ ਨਗਰ ਕੀਰਤਨ ਦੇ ਸਮਾਗਮਾਂ ਦੌਰਾਨ ਵਿਸ਼ੇਸ਼ ਸੋਵੀਨਰ ਰੀਲੀਜ

**ਯੂਬਾਸਿਟੀ/ਬਿਊਰੋ ਨਿਊਜ਼:**
ਵਿਸ਼ਵ ਪੱਧਰੀ ਮਾਨਤਾ ਰੱਖਣ ਵਾਲੇ ਯੂਬਾਸਿਟੀ ਨਗਰ ਕੀਰਤਨ ਚ ਵੱਖ ਵੱਖ ਸਮਾਗਮਾਂ ਤੋਂ ਉਪਰੰਤ ਨਗਰ ਕੀਰਤਨ ਉੱਤੇ ਕੱਢੇ ਗਏ ਵਿਸ਼ੇਸ਼ ਸੋਵੀਨਰ ਨੂੰ ਸ਼ਨੀਵਾਰ ਸ਼ਾਮ ਦੇ ਦਿਵਾਨਾਂ ਵਿਚ ਰੀਲੀਜ਼ ਕੀਤਾ ਗਿਆ। ਇਸ ਵਿਸ਼ੇਸ਼ ਸੋਵੀਨਰ ਨੂੰ ਰੀਲੀਜ਼ ਕਰਨ ਦੀ ਰਸਮ ਗੁਰਦੁਆਰਾ ਟਾਇਰਾ ਬਿਉਨਾ ਕਮੇਟੀ ਤੇ ਹੋਰ ਸਹਿਯੋਗੀਆਂ ਵੱਲੋਂ ਨਿਭਾਈ ਗਈ ਜਿਨ੍ਹਾਂ ਵਿਚ ਨਗਰ ਕੀਰਤਨ ਕਮੇਟੀ ਦੇ ਚੇਅਰਮੈਨ ਗੁਰਨਾਮ ਸਿੰਘ ਪੰਮਾ, ਬਲਬੀਰ ਸਿੰਘ ਸੋਹਲ ਪ੍ਰਧਾਨ, ਬਲਰਾਜ ਵਿਚ ਢਿੱਲੋਂ ਸੀਨੀਅਰ ਵਾਈਸ ਪ੍ਰਧਾਨ, ਦਿਲਬੀਰ ਸਿੰਘ ਗਿੱਲ, ਵਾਈਸ ਪ੍ਰਧਾਨ, ਹਰਮਨਦੀਪ ਸਿੰਘ ਸੰਧੂ ਸੈਕਟਰੀ, ਗੁਰਮੇਜ ਸਿੰਘ ਗਿੱਲ ਸੀਨੀਅਰ ਵਾਇਸ ਸੈਕਟਰੀ, ਪਲਵਿੰਦਰ ਸਿੰਘ ਮਾਹੀ ਵਾਈਸ ਸੈਕਟਰੀ, ਸੁਖਵਿੰਦਰ ਸਿੰਘ ਖਜਾਨਚੀ, ਹਰਭਜਨ ਸਿੰਘ ਢੇਸੀ ਵਾਈਸ ਖਜਾਨਚੀ, ਹਰਨਰਿੰਦਰਪਾਲ ਸਿੰਘ ਵਾਈਸ ਖਜਾਨਚੀ, ਸਰਬਜੀਤ ਸਿੰਘ ਥਿਆੜਾ ਡਾਇਰੈਕਟਰ ਗੁਰਦੁਆਰਾ ਪ੍ਰਬੰਧ, ਜਸਬੀਰ ਸਿੰਘ ਥਾਂਦੀ ਸੀ ਈ ਓ ਡਬਲਬੂ ਐਫ਼ ਜੀ,



ਬਾਬਾ ਮੁੱਖਤਿਆਰ ਸਿੰਘ ਮੁੱਖੀ, ਪ੍ਰਮਿੰਦਰ ਸਿੰਘ ਗਰੇਵਾਲ ਡਾਇਰੈਕਟਰ ਗੁਰਦੁਆਰਾ ਕਮੇਟੀ ਪ੍ਰਬੰਧਕ ਸ਼ਨ।

ਸੋਵੀਨਰ ਦੇ ਸੰਪਾਦਕ ਸੀਨੀਅਰ ਪੱਤਰਕਾਰ ਹੁਸਨ ਲੜੋਆ ਬੰਗਾ ਨੇ ਸੋਵੀਨਰ ਦੀ ਖੂਬਸੂਰਤੀ ਤੇ ਇਸ ਵਿਚਲੇ ਵਿਦਵਾਨਾਂ ਦੇ ਲੇਖਾਂ ਦਾ ਜ਼ਿਕਰ ਕੀਤਾ ਕਿ ਜਿਵੇਂ ਹਰ ਪੱਖ ਤੋਂ ਇਸ ਸੋਵੀਨਰ ਨੂੰ ਖੂਬਸੂਰਤ ਤੇ ਪ੍ਰਭਾਵਸ਼ਾਲੀ ਦਿੱਖ ਦਿੱਤੀ ਗਈ। ਇਸ ਮੌਕੇ ਸਰਬਜੀਤ ਸਿੰਘ ਥਿਆੜਾ ਸੰਗਤਾਂ ਤੇ ਸਹਿਯੋਗੀਆਂ ਦਾ ਸੋਵੀਨਰ ਲਈ ਦਿੱਤੇ ਸਹਿਯੋਗ ਬਦਲੇ ਧੰਨਵਾਦ ਕੀਤਾ ਤੇ ਇਸ ਸੋਵੀਨਰ ਦੇ ਸੰਪਾਦਕ ਦੀ ਥੋੜੇ ਸਮੇਂ ਚ ਵੱਡਾ ਕਾਰਜ ਉਹ ਵੀ ਬਿਨਾਂ ਕਿਸੇ ਸੇਵਾ ਤੋਂ ਲਈ ਧੰਨਵਾਦ ਕੀਤਾ। ਇਸ ਮੌਕੇ ਸਾਰੇ ਪ੍ਰਬੰਧਕਾਂ ਨੇ ਖੂਬਸੂਰਤ ਸੋਵੀਨਰ ਨੂੰ ਖੂਬ ਸਲਾਹਿਆ। ਇਸ ਨਗਰ ਕੀਰਤਨ ਦੌਰਾਨ ਇਸ ਸੋਵੀਨਰ ਨੂੰ ਮੁਫ਼ਤ ਤਕਸੀਮ ਕੀਤਾ ਗਿਆ ਜਿਸ ਨੂੰ ਸੰਗਤਾਂ ਦੀ ਭਰਪੂਰ ਦਾਦ ਮਿਲੀ। ਹੁਸਨ ਲੋੜਆ ਬੰਗਾ ਨੇ ਅਗਲੇ ਵਰ੍ਹੇ ਵੀ ਸੋਵੀਨਰ ਲਈ ਸਹਿਯੋਗੀਆਂ ਵੱਲੋਂ ਸਹਿਯੋਗ ਦੀ ਅਪੀਲ ਕੀਤੀ।

# ਯੂਥ ਆਗੂ ਕੁਲਜੀਤ ਸਿੰਘ ਸਰਹਾਲ ਦਾ ਫਰਿਜ਼ਨੋ ਚ ਸਨਮਾਨ

**ਫਰਿਜ਼ਨੋ/ਬਿਊਰੋ ਨਿਊਜ਼:** ਹਲਕਾ ਬੰਗਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਾਬਕਾ ਵਿਧਾਇਕ ਮਰਹੂਮ ਬਲਵੰਤ ਸਿੰਘ ਸਰਹਾਲ ਦੇ ਹੋਣਹਾਰ ਪੁੱਤਰ ਕੁਲਜੀਤ ਸਿੰਘ ਸਰਹਾਲ ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੈਂਬਰ ਬਲਾਕ ਸੰਮਤੀ ਬੰਗਾ ਜੋ ਅੱਜਕਲ ਅਮਰੀਕਾ ਦੌਰੇ ਤੇ ਹਨ, ਦਾ ਬੀਤੇ ਦਿਨ ਫਰਿਜ਼ਨੋ ਪੁੱਜਣ 'ਤੇ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਦੇ ਅਹੁਦੇਦਾਰਾਂ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਚੀਫ਼ ਕੋਆਰਡੀਨੇਟਰ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਅਮਰੀਕਾ ਅਰਵਿੰਦਰ ਸਿੰਘ ਲਾਖਨ, ਪ੍ਰਧਾਨ ਯੂਥ ਵਿੰਗ ਵੈਸਟ ਕੋਸਟ ਸ: ਰਵਿੰਦਰ ਸਿੰਘ ਬੋਇਲ, ਸਕੱਤਰ ਜਨਰਲ ਸ: ਪਰਮਿੰਦਰਪਾਲ ਸਿੰਘ ਰਾਠੌਰ ਆਦਿ ਨੇ ਜਿੱਥੇ ਸ: ਕੁਲਜੀਤ ਸਿੰਘ ਸਰਹਾਲ ਨੂੰ ਜੀ ਆਇਆ ਨੂੰ ਆਖਿਆ ਉਥੇ ਉਨ੍ਹਾਂ ਨੂੰ ਸ੍ਰੀ ਸਾਹਿਬ ਭੇਂਟ ਕਰਕੇ ਉਨ੍ਹਾਂ ਦਾ ਵਿਸ਼ੇਸ਼



ਸਨਮਾਨ ਵੀ ਕੀਤਾ। ਇਸ ਮੌਕੇ ਰਵਿੰਦਰ ਸਿੰਘ ਬੋਇਲ ਮਕਸੂਦਪੁਰ ਨੇ ਕਿਹਾ ਕਿ ਸ: ਕੁਲਜੀਤ ਸਿੰਘ ਸਰਹਾਲ ਆਪਣੇ ਪਿਤਾ ਜੀ ਦੇ ਦੱਸੇ ਨਕਸ਼ੇ ਕਦਮਾਂ 'ਤੇ ਚੱਲ ਰਹੇ ਹਨ ਜਿਨ੍ਹਾਂ ਨੇ ਬੰਗਾ ਇਲਾਕੇ 'ਚ ਭਾਰੀ ਬਹੁਮਤ ਨਾਲ ਚੋਣ ਜਿੱਤਣ ਬਾਅਦ ਇਲਾਕੇ ਦਾ ਅਥਾਹ ਵਿਕਾਸ ਕਰਵਾਇਆ ਸੀ। ਇਸ ਮੌਕੇ ਹਾਜ਼ਰ ਆਗੂਆਂ ਨੇ ਪੰਜਾਬ ਦੀ ਸਿਆਸਤ ਤੇ ਹੋਰ ਮੁੱਦਿਆਂ 'ਤੇ ਸ. ਸਰਹਾਲ ਨਾਲ ਵਿਚਾਰ ਵਟਾਂਦਰੇ ਕੀਤੇ। ਇਸ ਮੌਕੇ ਕੁਲਦੀਪ ਸਿੰਘ ਨੰਬਰਦਾਰ ਸੀਨੀਅਰ ਵਾਈਸ ਪ੍ਰਧਾਨ, ਸਤਵੀਰ ਸਿੰਘ ਹੀਰ ਮੀਡੀਆ ਇੰਚਾਰਜ, ਸ਼ੇਰ ਸਿੰਘ ਚੌਹਾਨ ਜਨਰਲ ਸਕੱਤਰ, ਭੁਪਿੰਦਰ ਸਿੰਘ ਜਾਡਲਾ ਸੀਨੀਅਰ ਅਡਵਾਈਜ਼ਰ, ਹਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਯੂਥ ਵਿੰਗ ਕੈਲੇਫੋਰਨੀਆਂ, ਪਾਲੀ ਕਬੱਡੀ ਕੋਚ, ਤਾਰਾ ਸਾਗਰ, ਰਵਿੰਦਰ ਸਿੰਘ, ਜੇ.ਐਸ. ਢਿੱਲੋਂ, ਅਜੇ ਕੁਮਾਰ ਤੋਂ ਇਲਾਵਾ ਹੋਰ ਆਗੂ ਤੇ ਅਹੁਦੇਦਾਰ ਹਾਜ਼ਰ ਸਨ।

# ਪੰਜਾਬ ਵਿਧਾਨ ਸਭਾ 'ਚ ਇੰਦਰਾ ਗਾਂਧੀ ਤੇ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਦੇਣ ਦਾ ਕਾਂਗਰਸੀਆਂ ਨੇ ਕੀਤਾ ਸੀ ਵਿਰੋਧ

**ਗੁਰਪ੍ਰੀਤ ਸਿੰਘ ਮੰਡਿਆਣੀ**


ਇੰਦਰਾ ਗਾਂਧੀ ਦੀ ਲਾਸ਼ ਕੋਲ ਖੜ੍ਹੇ ਰਾਜੀਵ ਗਾਂਧੀ, ਅਮਿਤਾਭ ਬੱਚਨ ਅਤੇ ਹੋਰ ਕਾਂਗਰਸੀ ਆਗੂ।

ਜੂਨ 1984 ਦੇ ਘੱਲੂਘਾਰੇ, ਨਵੰਬਰ '84 ਦੇ ਸਿੱਖ ਕਤਲੇਆਮ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਇਜਲਾਸ ਲਗਭਗ ਦੋ ਵਰ੍ਹਿਆਂ ਮਗਰੋਂ 16 ਅਕਤੂਬਰ 1985 ਨੂੰ ਜੁੜਿਆ ਸੀ। ਇਸ ਵਿਚ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਇੰਦਰਾ ਗਾਂਧੀ ਸਮੇਤ ਹੋਰ ਅਹਿਮ ਹਸਤੀਆਂ ਨੂੰ ਸ਼ਰਧਾਂਜੀਲ ਭੇਂਟ ਕਰਨ ਵਾਲਾ ਇੱਕ ਮਤਾ ਰੱਖਿਆ ਜੀਹਦੀ ਲਿਸਟ ਵਿਚ ਪਹਿਲਾਂ ਮਾਰੇ ਗਏ 30 ਅਹਿਮ ਬੰਦਿਆਂ ਦੀ ਲਿਸਟ ਸਣੇ ਕੁੱਲ੍ਹ 31 ਆਈਟਮਾਂ ਸਨ। ਪਹਿਲੇ ਨੰਬਰ 'ਤੇ ਇੰਦਰਾ ਗਾਂਧੀ ਵਾਲੀ ਆਈਟਮ ਦੂਜੇ ਨੰਬਰ 'ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ 31ਵੇਂ ਨੰਬਰ ਵਾਲੀ ਆਈਟਮ 'ਚ ਧਰਮਯੁੱਧ ਮੋਰਚੇ, ਅਪ੍ਰੇਸ਼ਨ ਬਲਿਊ ਸਟਾਰ (ਦਰਬਾਰ ਸਾਹਿਬ 'ਤੇ ਕੀਤੇ ਹਮਲੇ ਲਈ ਭਾਰਤ ਵਲੋਂ ਦਿੱਤਾ ਗਿਆ ਨਾਮ) ਅਤੇ ਨਵੰਬਰ 1984 ਦੇ ਕਤਲੇਆਮ ਨੂੰ "ਦੰਗੇ" ਕਹਿ ਕੇ ਆਖ਼ਰ ਵਿਚ ਰੱਖਿਆ ਗਿਆ। ਕਾਂਗਰਸ ਨੇ ਸ਼ਰਧਾਂਜਲੀ ਲਿਸਟ ਵਿਚ 31ਵੀਂ ਆਇਟਮ ਨੂੰ ਝਗੜੇ ਵਾਲੀ ਕਹਿ ਕੇ



ਵਿਰੋਧ ਕਰਦਿਆਂ ਵਾਕਆਊਟ ਕੀਤਾ। ਪਾਠਕਾਂ ਦੀ ਦਿਲਚਸਪੀ ਲਈ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਹੂ-ਬ-ਹੂ ਪੇਸ਼ ਕੀਤੀ ਜਾ ਰਹੀ ਹੈ।

16 ਅਕਤੂਬਰ 1985, ਪੰਜਾਬ ਵਿਧਾਨ ਸਭਾ ਹਾਲ ਵਿਚ ਸ਼ਾਮ ਪੌਣੇ ਪੰਜ ਵਜੇ ਸਪੀਕਰ ਰਵੀਇੰਦਰ ਸਿੰਘ ਨੇ ਸ਼ਰਧਾਂਜਲੀ ਮਤਾ ਪੇਸ਼ ਕਰਨ ਲਈ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਾ ਨਾਂ ਲਿਆ ਤੇ ਮੁੱਖ ਮੰਤਰੀ ਨੇ ਸ਼ਰਧਾਂਜਲੀ ਮਤਾ ਇਉਂ ਪੇਸ਼ ਕੀਤਾ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਸਪੀਕਰ ਸਾਹਿਬ, ਇਹ ਸੈਸ਼ਨ ਬਹੁਤ ਅਰਸੇ ਤੋਂ ਬਾਅਦ ਹੋਣ ਲੱਗਾ ਹੈ। ਇਸ ਲਈ ਓਬਿਊਚਰੀ ਰੈਫਰੈਂਸਿਜ਼ ਦੀ ਗਿਣਤੀ ਬੁਹਤ ਜ਼ਿਆਦਾ ਹੈ ਲੇਕਿਨ ਇਤਨੇ ਵੱਡੇ ਵਿਅਕਤੀਆਂ ਦਾ ਜ਼ਿਕਰ ਇਥੇ ਅਸੀਂ ਕਰਨਾ ਹੈ। ਇਸ ਲਈ ਕੁਝ ਸਮਾਂ ਜਰੂਰ ਲੱਗੇਗਾ। ਸਾਰਿਆਂ ਤੋਂ ਪਹਿਲਾਂ ਮੈਂ ਸਤਿਕਾਰਯੋਗ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ ਜ਼ਿਕਰ ਕਰਨਾ ਹੈ।

ਮੈਂ ਗਹਿਰੇ ਦੁੱਖ ਨਾਲ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ, ਪਿਛਲੇ ਸਾਲ 31 ਅਕਤੂਬਰ ਨੂੰ ਜਿਨ੍ਹਾਂ ਦੇ ਬੇਦਰਦ ਕਤਲ ਨੇ ਸਾਰੇ ਰਾਸ਼ਟਰ ਨੂੰ ਦੁੱਖਾਂ ਦੇ ਡੂੰਘੇ ਸਮੁੰਦਰ ਵਿਚ ਧਕੇਲ ਦਿੱਤਾ ਹੈ। ਉਹ ਦੇਸ਼ ਦੇ ਮਹਾਨ ਨੇਤਾਵਾਂ ਵਿਚੋਂ ਇਕ ਸਨ। ਉਨ੍ਹਾਂ ਦੀ ਮੌਤ ਨਾਲ ਭਾਰਤ ਇਕ ਸ਼ਕਤੀਸ਼ਾਲੀ ਅਤੇ ਮਹਾਨ ਨੇਤਾ ਤੋਂ ਅਤੇ ਵਿਸ਼ਵ ਇਕ ਉਘੇ ਨੀਤੀਵਾਨ ਤੋਂ ਵਾਂਝਾ ਹੋ ਗਿਆ ਹੈ। ਗੁੱਟ-ਨਿਰਪੇਖ ਲਹਿਰ ਦੇ ਨੇਤਾ ਹੋਣ ਦੇ ਨਾਤੇ ਉਨ੍ਹਾਂ ਨੂੰ ਸ਼ਾਂਤੀ ਪੱਖ ਦੇ ਧਰਮਯੋਧਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਨ੍ਹਾਂ ਨੇ ਤੀਜੇ ਵਿਸ਼ਵ ਦੇ ਗਰੀਬ ਅਤੇ ਦਲਿਤ ਲੋਕਾਂ ਦਾ ਪੱਖ ਪੂਰਿਆ ਅਤੇ ਉਨ੍ਹਾਂ ਦੀ ਆਸ ਦੀ ਕਿਰਨ ਬਣੇ। ਉਨ੍ਹਾਂ ਦੇ ਅਟੱਲ ਇਰਾਦੇ ਅਤੇ ਦ੍ਰਿੜ ਵਿਸ਼ਵਾਸ ਅਤੇ ਕੰਮ ਕਰਨ ਦੇ ਢੰਗ ਕਾਰਨ ਅਲੋਚਨਾ ਵੀ ਹੋਈ ਪਰ ਉਨ੍ਹਾਂ ਨੇ ਇਸ ਨੂੰ ਨਿਡਰਤਾ ਨਾਲ ਸਹਿਣ ਕੀਤਾ। 1971 ਵਿਚ ਪਾਕਿਸਤਾਨ ਨਾਲ ਲੜਾਈ ਦੌਰਾਨ ਬੰਗਲਾਦੇਸ਼ ਨੂੰ ਅਜ਼ਾਦ ਕਰਾਉਣ ਵਿਚ ਉਨ੍ਹਾਂ ਨੇ ਅਦੁੱਤੀ ਨੇਤਾ ਵਾਲ ਅਤੇ ਨੀਤੀਵਾਨ ਦੇ ਗੁਣਾਂ ਦਾ ਪ੍ਰਗਟਾਵਾ ਕੀਤਾ ਅਤੇ ਸਾਡੇ ਦੇਸ਼ ਦੇ ਲੋਕਾਂ ਨੂੰ ਵਿਸ਼ਵਾਸ ਦੀ ਨਵੀਂ ਭਾਵਨਾ ਦਿੱਤੀ। ਉਨ੍ਹਾਂ ਦਾ ਘਾਟਾ ਨਾ ਕੇਵਲ ਭਾਰਤ ਨੂੰ ਹੈ ਸਗੋਂ ਸਮੁੱਚੀ ਮਾਨਵਤਾ ਲਈ ਘਾਟਾ ਹੈ। ਸ਼ਰਧਾਂਜਲੀ ਦੀਆਂ 31 ਅਈਟਮਾਂ ਦੇ ਦੂਜੇ ਨੰਬਰ 'ਤੇ ਬਰਨਾਲਾ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਲੰਮੀ ਸ਼ਰਧਾਂਜਲੀ ਭੇਂਟ ਕੀਤੀ।

ਇਸ ਤੋਂ ਇਲਾਵਾ ਬਰਨਾਲ ਸਾਹਿਬ ਨੇ ਜਿਹੜੀਆਂ ਵਿੱਛੜ ਗਈਆਂ ਹੋਰ ਹਸਤੀਆਂ ਨੂੰ ਸ਼ਰਧਾਂਜਲੀ ਦਿੱਤੀ ਉਨ੍ਹਾਂ ਵਿਚ ਇਹ ਸ਼ਾਮਲ ਸਨ। ਡੀ.ਡੀ. ਖੰਨਾ, ਕਰਤਾਰ ਸਿੰਘ ਵੈਦ, ਚੌਧਰੀ ਕਾਂਸ਼ੀ ਰਾਮ, ਵਾਲਮੀਕੀ ਸਮਾਜ ਦੇ ਨੇਤਾ ਯਸ਼ਵੰਤ ਰਾਏ, ਸਰਦਾਰਨੀ ਜਸਦੇਵ ਕੌਰ ਸੰਧੂ, ਮੁੱਖ ਮੰਤਰੀ ਰਹੇ ਪ੍ਰਤਾਪ ਸਿੰਘ ਕੈਰੋਂ ਦੀ ਪਤਨੀ ਬੀਬੀ ਰਾਮ ਕੌਰ, ਜਥੇਦਾਰ ਹੀਰਾ ਸਿੰਘ ਭੱਠਲ, ਹਿੰਦ ਸਮਾਚਾਰ ਗਰੁੱਪ ਦੇ ਸੰਪਾਦਕ ਰਮੇਸ਼ ਚੰਦਰ, ਡਾ, ਵਿਸ਼ਵਾਨਾਥ ਤਿਵਾੜੀ, ਬੀ.ਜੇ.ਪੀ. ਦੇ ਐਮ. ਐਲ.ਏ. ਹਰਬੰਸ ਲਾਲ ਖੰਨਾ ਪ੍ਰਮੁੱਖ ਸਨ।

ਅਖ਼ੀਰ ਵਿਚ ਬਰਨਾਲ ਸਾਹਿਬ ਨੇ ਕਿਹਾ ਕਿ ਮੈਂ ਉਨ੍ਹਾਂ ਹਜ਼ਾਰਾ ਸ਼ਹੀਦਾਂ ਨੂੰ, ਜਿਨ੍ਹਾਂ ਨੇ ਧਰਮਯੁੱਧ ਮੋਰਚੇ ਅਪ੍ਰੇਸ਼ਨ ਬਲਿਊਸਟਾਰ ਅਤੇ ਨਵੰਬਰ 1984 ਦੇ "ਦੰਗਿਆਂ" ਦੌਰਾਨ ਆਪਣੀਆਂ ਜਾਨਾਂ ਵਾਰੀਆਂ ਅਤੇ ਇਸ ਅਭਾਗੇ ਸਮੇਂ ਦੌਰਾਨ ਜ਼ੁਲਮ ਦਾ ਸ਼ਿਕਾਰ ਹੋਏ ਸਾਰੇ ਨਿਰਦੋਸ਼ ਵਿਅਕਤੀਆਂ ਨੂੰ ਵੀ ਆਪਣੀਆਂ ਸਨਿਮਰ ਸ਼ਰਧਾਂਜਲੀਆਂ ਭੇਂਟ ਕਰਦਾ ਹਾਂ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ (ਮੁਕਤਸਰ) ਨੇਤਾ ਵਿਰੋਧੀ ਧਿਰ: ਸਪੀਕਰ ਸਾਹਿਬ ਮੈਂ ਆਪਣੇ ਅਤੇ ਆਪਣੀ ਪਾਰਟੀ ਵਲੋਂ ਸ਼੍ਰੀਮਤੀ ਇੰਦਰਾ ਗਾਂਧੀ ਦੀ ਦੁੱਖ ਭਰੀ ਅਤੇ ਸ਼ੌਕਿੰਗ ਅਸੈਸੀਨੇਸ਼ਨ 'ਤੇ ਸ਼ਰਧਾਂਜਲੀ ਭੇਂਟ ਕਰਨ ਵਾਸਤੇ ਖੜ੍ਹੀ ਹੋਈ ਹਾਂ। ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣਾ ਸਾਰਾ ਜੀਵਨ ਅਜ਼ਾਦੀ ਹਾਸਲ ਕਰਨ ਲਈ ਔਰ ਉਸ ਅਜ਼ਾਦੀ ਨੂੰ ਕਾਇਮ ਰੱਖਣ ਲਈ ਲਗਾ ਦਿੱਤਾ। ਆਪਣੀ ਜਵਾਨੀ ਵਿਚ ਵੀ ਉਨ੍ਹਾਂ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਉਨ੍ਹਾਂ ਦੇ ਪਿਤਾ ਪੰਡਿਤ ਜਵਾਹਰ ਲਾਲ ਨਹਿਰੂ ਜੋ ਕਿ ਹਿੰਦੋਸਤਾਨ ਦੇ ਮਹਾਨ ਨੇਤਾ ਔਰ ਪਹਿਲੇ ਪ੍ਰਧਾਨ ਮੰਤਰੀ ਸਨ ਦੇ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਅਜ਼ਾਦੀ ਦੀ ਲੜਾਈ ਵਿਚ ਹਿੱਸਾ ਪਾਇਆ। ਉਹ ਸਿਰਫ 13 ਸਾਲ ਦੀ ਉਮਰ ਦੇ ਸਨ ਜਦੋਂ ਉਨ੍ਹਾਂ ਨੇ ਵਾਨਰ ਸੇਨਾ ਜਿਹੜੀ ਕਿ ਟੀਨ ਏਜਰਜ ਦੀ ਸੀ ਬਣਾ ਕੇ ਦੇਸ਼ ਦੀ ਅਜ਼ਾਦੀ ਹਾਸਲ ਕਰਨ ਵਿਚ ਹਿੱਸਾ ਪਾਇਆ। ਉਨ੍ਹਾਂ ਨੇ ਸਿਆਸਤ ਵਿਚ ਐਕਟਿਵ ਪਾਰਟ 'ਕੁਇਟ ਇੰਡੀਆ ਮੂਵਮੈਂਟ' ਵਿਚ ਹਿੱਸਾ ਲੈ ਕੇ ਪਾਇਆ ਅਤੇ 1955 ਵਿਚ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਬਣੇ ਅਤੇ 1956 ਵਿਚ ਯੂਥ ਕਾਂਗਰਸ ਦੇ ਪ੍ਰਧਾਨ ਅਤੇ 1959 ਵਿਚ ਪ੍ਰੈਜੀਡੈਂਟ ਆਫ ਦੀ ਇੰਡੀਅਨ ਨੈਸ਼ਨਲ ਕਾਂਗਰਸ ਬਣੇ। ਮੈਨੂੰ ਇੰਦਰਾ ਗਾਂਧੀ ਜੀ ਦੇ ਉਹ ਲਫਜ਼ ਯਾਦ ਆਉਂਦੇ ਹਨ ਜਿਹੜੇ ਕਿ ਉਨ੍ਹਾਂ ਨੇ ਪ੍ਰੈਜੀਡੈਂਟ ਬਣ ਕੇ ਪਹਿਲੀ ਕਾਨਫਰੰਸ ਵਿਚ ਕਹੇ ਜਿਨ੍ਹਾਂ ਨੂੰ ਮੈਂ ਇਥੇ ਕੋਟ ਕਰਦੀ ਹਾਂ।

"The nation is in hurry and we cannot afford to lose time"

ਇਸ ਤੋਂ ਤੁਸੀਂ ਸਾਰਾ ਮਤਲਬ ਕੱਢ ਸਕਦੇ ਹੋ ਕਿ ਉਹ ਕਿੰਨੇ ਮਿਹਨਤੀ ਸਨ। ਉਨ੍ਹਾਂ ਦਾ ਇਕ ਇਕ ਮਿੰਟ ਕੰਮ ਕਰਨ ਵਿਚ ਗੁਜਰਦਾ ਸੀ ਅਤੇ ਉਹ ਇਕ ਮਿੰਟ ਵੀ ਜ਼ਾਇਆ ਕਰਕੇ ਖੁਸ਼ ਨਹੀਂ ਹੁੰਦੇ ਸਨ। ਉਨ੍ਹਾਂ ਨੇ ਹਿੰਦੋਸਤਾਨ ਦਾ ਸਿਰ ਦੁਨੀਆਂ ਭਰ ਵਿਚ ਉਚਾ ਕੀਤਾ ਅਤੇ ਦੁਨੀਆਂ ਭਰ ਦੇ ਬੇਸਹਾਰਾ, ਡਾਊਨ-ਟਰੋਡਨ ਅਤੇ ਅੰਡਰ ਪਰਿਵਿਲੇਜ਼ਡ ਲੋਕਾਂ ਦਾ ਸਹਾਰਾ ਬਣੇ ਔਰ ਉਨ੍ਹਾਂ ਦੀ ਖਾਤਰ ਸੰਘਰਸ਼ ਕੀਤਾ। ਉਨ੍ਹਾਂ ਨੇ ਹਿੰਮਤ ਨਾਲ ਆਪਣੇ ਮੁਲਕ ਦੀ ਗਰੀਬੀ ਦੂਰ ਕਰਨ ਦਾ ਬੀੜਾ ਉਠਾਇਆ ਔਰ 20-ਪੁਆਇੰਟ ਪ੍ਰੋਗਰਾਮ ਨਿਯੁਕਤ ਕੀਤਾ। ਉਹ ਇਕ ਸੱਚੇ ਦੇਸ਼ ਭਗਤ ਸਨ ਔਰ ਕੰਪਲੀਟ ਸੈਕੂਲਰ ਆਊਟ ਲੁਕ ਰੱਖਦੇ ਸਨ। ਉਹ ਦੁਨੀਆਂ ਦੇ ਉਘੇ ਨੇਤਾਵਾਂ ਵਿਚੋਂ ਸਨ ਅਤੇ ਜਿਹੜੇ ਉਨ੍ਹਾਂ ਦੇ ਕੰਟੈਂਪਰੇਰੀ ਸਨ ਜਿਸ ਤਰ੍ਹਾਂ ਕਿ ਯੂ.ਕੇ. ਦੇ ਸ਼੍ਰੀਮਤੀ ਮਾਰਗਰੇਟ ਥੈਚਰ, ਯੂ.ਐਸ.ਏ. ਦੇ ਸ਼੍ਰੀ ਰੀਗਨ, ਯੂ.ਐਸ.ਐਸ.ਆਰ. ਦੇ ਆਂਦਰੋਪੋਵ ਅਤੇ ਚਰਨੈਂਕੋ ਨਾਲ ਕੰਪੇਅਰ ਕੀਤਾ ਜਾਵੇ ਤਾਂ ਸਭ ਤੋਂ ਲੰਬਾ ਅਰਸਾ ਉਨ੍ਹਾਂ ਨੇ ਆਪਣੇ ਮੁਲਕ ਦੀ ਸੇਵਾ ਕੀਤੀ।

ਜਦੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਬਣਕੇ ਦੇਸ਼ ਦੀ ਵਾਗਡੋਰ ਸੰਭਾਲੀ ਤਾਂ ਉਨ੍ਹਾਂ ਦੁਆਰਾ ਕੀਤੇ ਗਏ ਕੰਮਾਂ ਦਾ ਵੇਰਵਾ ਦੇਣਾ ਜ਼ਰੂਰੀ ਬਣ ਜਾਂਦਾ ਹੈ। ਉਨ੍ਹਾਂ ਨੇ ਨੈਸ਼ਨੇਲਾਈਜੇਸ਼ਨ ਆਫ ਬੈਂਕਸ, ਨੈਸ਼ਨੇਲਾਈਜੇਸ਼ਨ ਆਫ ਲਾਈਫ ਇੰਨਸਿਓਰੈਸ਼, ਐਬੌਲਸ਼ਨ ਆਫ ਪਰਿਵੀ ਪਰਸਿਜ਼, ਮਰਜਰ ਆਫ ਸਿੱਕਿਮ ਇਨ ਇੰਡੀਆ, ਗਰੇਟ ਵਿਰਟਰੀ ਓਵਰ ਪਾਕਿਸਤਾਨ ਇਨ 1971, 20-ਪੁਆਂਇੰਟ ਪ੍ਰੋਗਰਾਮ ਲਾਗੂ ਕਰਕੇ ਗਰੀਬੀ ਦੂਰ ਕਰਨਾ, ਚੋਗਮ ਅਤੇ ਨਾਨ-ਅਲਾਈਨਡ ਮੀਟਸ, ਸਾਇੰਸ ਐਂਡ ਟੈਕਨੋਲਜੀ ਦੀ ਯੂਜ਼ ਕਰਦਿਆਂ ਹੋਇਆ ਟੀ.ਵੀ. ਦੀ ਐਕਸਪੈਨਸ਼ਨ ਅਤੇ ਅਟਾਮਿਕ ਐਨਰਜੀ ਦੀ ਰਿਸਰਚ ਅਤੇ ਸਪੇਸ ਵਿਚ ਇਨਸੈਟ-ਬੀ ਵਗੈਰਾ ਭੇਜੇ ਗਏ, ਜਿਹੇ ਕੰਮ ਹੀ ਕੀਤੇ ਹਨ ਜਿਨ੍ਹਾਂ ਦਾ ਜ਼ਿਕਰ ਕਰਦਿਆਂ ਹੋਇਆਂ ਬਹੁਤ ਹੀ ਟਾਈਮ ਲੱਗੇਗਾ।

ਮਿਸਿਜ਼ ਗਾਂਧੀ ਨੇ ਆਪਣੀ ਜਾਨ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨ ਕੀਤੀ। ਆਪਣੇ ਜੀਵਨ ਦਾ ਬਲੀਦਾਨ ਕਰ ਦਿੱਤਾ। ਇੰਦਰਾ ਗਾਂਧੀ ਦੀ ਹੱਤਿਆ 'ਤੇ ਸਾਰੇ ਦੇਸ਼ ਨੇ ਹੀ ਨਹੀਂ ਬਲਕਿ ਸਾਰੀ ਦੁਨੀਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਮੈਂ ਇੰਦਰਾ ਗਾਂਧੀ ਦੇ ਬੜੀ ਨਜ਼ਦੀਕੀ ਸੀ। ਉਹ ਛੋਟੀ ਕਿਸੇ ਨੂੰ ਭੁੱਲਦੇ ਨਹੀਂ ਸਨ। ਭਾਵੇਂ ਕਿੱਡੀ ਵੱਡੀ ਮੀਟਿੰਗ ਹੋਵੇ, ਕਿੰਨਾ ਵੀ ਕੰਮ ਹੋਵੇ, ਉਹ ਛੇਤੀ ਕਿਸੇ ਦੀ ਮਦਦ ਕਰਨ ਵਾਸਤੇ ਤਿਆਰ ਰਹਿੰਦੇ ਸਨ। ਇਕ ਵਾਰ ਮੈਨੂੰ ਇਕ ਗਰੀਬ ਜਿਹੀ ਔਰਤ ਨਾਲ ਮਿਲਣ ਦਾ ਮੌਕਾ ਮਿਲਿਆ। ਉਸ ਔਰਤ ਨਾਲ ਬੀਬੀ ਜੀ ਨੇ ਗੱਲਬਾਤ ਕੀਤੀ, ਉਸ ਦਾ ਹਾਲ ਚਾਲ ਪੁੱਛਿਆ। ਉਸ ਔਰਤ ਨੇ ਮੈਨੂੰ ਪਹਿਲਾਂ ਦੱਸਿਆ ਕਿ ਕਿੰਨੇ ਸਾਲ ਪਹਿਲਾਂ ਬੀਬੀ ਜੀ ਨੇ ਮੇਰੀ ਮਦਦ ਕੀਤੀ ਸੀ। ਮੈਂ ਬੜੀ ਹੈਰਾਨ ਹੋਈ ਕਿ ਇੰਨੀ ਦੇਰ ਬਾਅਦ ਵੀ ਉਸ ਗਰੀਬ ਔਰਤ ਦੀ ਸ਼ਕਲ ਉਨ੍ਹਾਂ ਨੇ ਯਾਦ ਰੱਖੀ ਸੀ। ਹਿੰਦੋਸਤਾਨ ਦਾ ਕੋਈ ਕੋਨਾ ਨਹੀਂ ਸੀ, ਬਲਕਿ ਸਾਰੀ ਦੁਨੀਆਂ ਦਾ ਕੋਈ ਕੋਨਾ ਐਸਾ ਨਹੀਂ ਸੀ, ਜਿਥੇ ਇੰਦਰਾ ਗਾਂਧੀ ਜੀ ਨਾ ਗਏ ਹੋਣ ਅਤੇ ਉਥੋਂ ਦੇ ਗਰੀਬ ਲੋਕਾਂ ਨਾਲ ਹਮਦਰਦੀ ਨਾਲ ਗੱਲਬਾਤ ਨਾ ਕੀਤੀ ਹੋਵੇ। ਕਈ ਵਾਰ ਸਿਕਿਉਰਟੀ ਵਾਲੇ ਵੀ ਕੋਲ ਨਹੀਂ ਹੁੰਦੇ ਸਨ। ਸਗੋਂ ਕਈ ਵਾਰ ਸਿਕਿਉਰਟੀ ਵਾਲਿਆਂ ਦੇ ਮਨਾ ਕਰਨ ਦੇ ਬਾਵਜੂਦ ਵੀ ਉਹ ਐਸੀਆਂ ਥਾਵਾਂ 'ਤੇ ਚਲੇ ਜਾਂਦੇ ਸਨ ਅਤੇ ਲੋਕਾਂ ਦੇ ਵਿਚਾਰ ਸੁਣਦੇ ਸਨ।



ਸਾਨੂੰ ਬੜਾ ਦੁੱਖ ਹੋਇਆ ਕਿ ਐਡੀ ਵੱਡੀ ਨੇਤਾ ਸਾਡੇ ਕੋਲੋਂ ਵਿਛੜ ਗਈ। ਸਾਨੂੰ ਬੜਾ ਘਾਟਾ ਪਿਆ। ਜਿਹੜੀਆਂ ਲੀਹਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਪਾਈਆਂ ਸਨ ਜਿਵੇਂ ਗਰੀਨ ਰੈਵੋਲਿਊਸ਼ਨ, ਇੰਡਸਟਰੀਅਲਾਈਜੇਸ਼ਨ ਅਤੇ ਹੈਵੀ ਇੰਡਸਟਰੀ ਵਗੈਰਾ ਉਨ੍ਹਾਂ ਲੀਹਾਂ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਨੇ ਅੱਗੇ ਵਧਾਇਆ ਅਤੇ ਦੇਸ਼ ਦੀ ਤਰੱਕੀ ਕੀਤੀ। ਹੁਣ ਰਾਜੀਵ ਗਾਂਧੀ ਜੀ ਆਏ ਹਨ। ਉਨ੍ਹਾਂ ਨੇ ਜਿਹੜਾ ਅਕਾਰਡ ਸਾਨੂੰ ਦਿੱਤਾ ਹੈ ਉਹ ਇਕ ਬਹੁਤ ਵੱਡਾ ਕਦਮ ਹੈ ਅਤੇ ਉਸ ਦੇ ਨਾਲ ਸਾਰੇ ਮੁਲਕ ਦਾ ਬਹੁਤ ਫਾਇਦਾ ਹੋਵੇਗਾ। ਇਸ ਤੋਂ ਇਲਾਵਾ ਬੀਬੀ ਗੁਰਬਿੰਦਰ ਕੌਰ ਬਰਾੜ ਨੇ ਸੰਤ ਲੌਂਗੋਵਾਲ ਨੂੰ ਇੱਕ ਲੰਮੀ ਸ਼ਰਧਾਂਜਲੀ ਭੇਂਟ ਕਰਦਿਆਂ ਆਖਿਆ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੇਸ਼ ਦੀ ਅਖੰਡਤਾ ਹਿੰਦੂ-ਸਿੱਖ ਏਕਤਾ ਅਤੇ ਪੰਜਾਬ ਵਿਚ ਸ਼ਾਂਤੀ ਦਾ ਮਾਹੌਲ ਪੈਦਾ ਕਰਨ ਲਈ ਨਿਡਰ ਸਟੈਂਡ ਲੈ ਕੇ ਆਪਣੀ ਜਾਨ ਦੀ


ਰਾਜੀਵ ਗਾਂਧੀ ਨਾਲ ਸਮਝੌਤਾ ਕਰਦੇ ਹੋਏ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਹੋਰ ਅਕਾਲੀ ਆਗੂ ।

ਬਾਜ਼ੀ ਲਗਾ ਦਿੱਤੀ। 24 ਜੁਲਾਈ 1985 ਨੂੰ ਪ੍ਰਧਾਨ ਮੰਤਰੀ ਸ਼੍ਰੀਰਾਜੀਵ ਗਾਂਧੀ ਨਾਲ ਬੈਠ ਕੇ ਸ਼੍ਰੋਮਣੀ ਅਕਾਲੀ ਦਲ ਦੇ ਅਧਿਅਕਸ਼ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਸਮਝੌਤੇ 'ਤੇ ਦਸਤਖਤ ਕੀਤੇ। 20 ਅਗਸਤ 1985 ਨੂੰ ਉਹ ਆਪਣੀ ਜਾਨ ਦੀ ਕੁਰਬਾਨੀ ਦੇ ਗਏ। ਜਿਸ ਹੌਂਸਲੇ ਅਤੇ ਦੂਰਦ੍ਰਿਸ਼ਟੀ ਨਾਲ ਸੰਤ ਲੌਂਗੋਵਾਲ ਜੀ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਮਿਲ ਕੇ ਪੰਜਾਬ ਸਮਝੌਤੇ ਨੂੰ ਸਿਰੇ ਚਾੜ੍ਹਿਆ, ਉਹ ਇਕ ਇਤਿਹਾਸਕ ਘਟਨਾ ਬਣ ਗਈ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਇਹ ਜਿਹੜੀ 31ਵੀਂ ਆਈਟਮ ਹੈ, ਇਸ ਬਾਰੇ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਕੰਡੋਲੈਂਸ ਰੈਜੋਲਿਊਸ਼ਨ ਵਿਚ ਜਿਸ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜ਼ਿਕਰ ਹੋਵੇ, ਉਸ ਵਿਚ ਇਹੋ ਜਿਹਾ ਝਗੜੇ ਵਾਲਾ ਮਸਲਾ ਜੋੜ ਦਿੱਤਾ ਗਿਆ। (31ਵੀਂ ਆਈਟਮ ਵਿਚ ਧਰਮਯੁੱਧ ਮੋਰਚੇ, ਅਪ੍ਰੇਸ਼ਨ ਬਲਿਊਸਟਾਰ ਅਤੇ 1984 ਦੇ "ਦੰਗਿਆਂ" ਦੌਰਾਨ ਆਪਣੀਆਂ ਜਾਨਾਂ ਵਾਰਨ ਵਾਲਿਆਂ ਨੂੰ ਸ਼ਰਧਾਂਜਲੀ ਦਾ ਜ਼ਿਕਰ ਸੀ)

ਆਵਾਜ਼ਾਂ: ਇਹ ਕੋਈ ਝਗੜੇ ਵਾਲੀ ਗੱਲ ਨਹੀਂ ਹੈ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ: ਇਹ ਝਗੜੇ ਵਾਲੀ ਗੱਲ ਹੀ ਹੈ ਕੀ ਤੁਸੀਂ ਸਾਡੇ ਕੋਲੋਂ ਇਹ ਆਸ ਰੱਖਦੇ ਹੋ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਪੇਸ਼ ਕਰੀਏ ਜਿਨ੍ਹਾਂ ਵਿਚ ਬਹੁਤ ਸਾਰੇ ਕਤਲ ਦੇ ਮੁਜ਼ਰਮ ਸਮਝੇ ਜਾਂਦੇ ਸਨ। ਬਹੁਤ ਸਾਰੇ ਬੇਗੁਨਾਹ ਆਦਮੀ ਮਾਰੇ ਗਏ ਜਿਨ੍ਹਾਂ ਵਿਚ ਗਿਆਨੀ ਪ੍ਰਤਾਪ ਸਿੰਘ ਅਤੇ ਡੀ.ਆਈ. ਜੀ. ਅਟਵਾਲ ਸ਼ਾਮਲ ਸਨ। ਬੱਸਾਂ ਵਿਚੋਂ ਕੱਢ ਕੇ ਮਾਸੂਮ ਲੋਕਾਂ ਨੂੰ ਮਾਰਿਆ ਗਿਆ। ਦੁਕਾਨਾਂ 'ਤੇ ਬੈਠੇ ਲੋਕਾਂ ਨੂੰ ਮਾਰਿਆ ਗਿਆ। ਉਨ੍ਹਾਂ ਦਾ ਇਥੇ ਕੋਈ ਜ਼ਿਕਰ ਨਹੀਂ। (ਸ਼ੋਰ) (ਵਿਘਨ) ਸਪੀਕਰ ਸਾਹਿਬ ਅੱਜ ਦਾ ਤਾਜ਼ਾ ਵਾਕਿਆ ਹੈ ਪ੍ਰੈਜ਼ੀਡੈਂਟ ਮਿਊਨਿਸਪਲ ਕਮੇਟੀ ਤਰਨਤਾਰਨ ਸ਼੍ਰੀ ਰਾਮ ਲੁਭਾਇਆ ਨੂੰ ਕਤਲ ਕਰ ਦਿੱਤਾ ਗਿਆ ਹੈ। ਇਸ ਗੱਲ ਦਾ ਹੋਰ ਵੀ ਦੁੱਖ ਹੈ ਕਿ ਇਹ ਆਈਟਮ ਜੋ ਲਿਆਂਦੀ ਗਈ ਹੈ ਇਸ ਨਾਲ ਅਕਾਰਡ ਦੀ ਸਪਿਰਟ ਨੂੰ ਸੱਟ ਮਾਰੀ ਗਈ ਹੈ। ਇਸ 31ਵੀਂ ਆਈਟਮ ਨਾਲ ਮੈਂ ਅਤੇ ਮੇਰੀ ਪਾਰਟੀ ਬਿਲਕੁਲ ਸਹਿਮਤ ਨਹੀਂ ਅਤੇ ਅਸੀਂ ਇਸ ਦੀ ਵਿਰੋਧਤਾ ਕਰਦੇ ਹੋਏ ਵਾਕ ਆਊਟ ਕਰਦੇ ਹਾਂ। ਇਸ ਸਮੇਂ ਸਦਨ ਵਿਚ ਹਾਜਰ ਸਾਰੇ ਕਾਂਗਰਸ (ਆਈ) ਮੈਂਬਰ ਵਾਕ ਆਊਟ ਕਰ ਗਏ।

ਇਸ ਸਮੇਂ ਸਦਨ ਵਿਚ ਨਾਹਰੇ ਲਗਾਏ ਜਾਏ ਜਾ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਨਾਹਰੇ ਸਾਫ ਸੁਣਾਈ ਨਹੀਂ ਸਨ ਦੇ ਰਹੇ। ਵਿਰੋਧੀ ਧਿਰ ਦੀ ਨੇਤਾ ਗੁਰਬਿੰਦਰ ਕੌਰ ਬਰਾੜ ਤੋਂ ਇਲਾਵਾ ਅੰਮ੍ਰਿਤਸਰ ਦੱਖਣੀ ਹਲਕੇ ਦੇ ਐਮ.ਐਲ.ਏ. ਸ. ਕ੍ਰਿਪਾਲ ਸਿੰਘ, ਪਠਾਨਕੋਟ ਤੋਂ ਮਾਸਟਰ ਮੋਹਨ ਲਾਲ, ਜਲਾਲਾਬਾਦ ਤੋਂ ਕਾਮਰਡ ਮਹਿਤਾਬ ਸਿੰਘ, ਬਲਾਚੌਰ ਤੋਂ ਰਾਮਕ੍ਰਿਸ਼ਨ ਕਟਾਰੀਆ ਨੇ ਵੀ ਸ਼ਰਧਾਂਜਲੀ ਮਤੇ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਹਾਊਸ ਨੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ। ਇਹਤੋਂ ਬਾਅਦ ਸਦਨ ਦੀ ਕਾਰਵਾਈ ਮੁੱਕ ਗਈ। ਇੱਥੇ ਜ਼ਿਕਰਯੋਗ ਗੱਲ ਹੈ ਕਿ ਖਰੜ ਤੋਂ ਜਿੱਤੇ ਟੌਹੜਾ ਧੜ੍ਹੇ ਦੇ ਅਕਾਲੀ ਐਮ.ਐਲ. ਏ. ਸ. ਬਚਿੱਤਰ ਸਿੰਘ ਵੱਲੋਂ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਦੇਣ 'ਤੇ ਇਤਰਾਜ਼ ਕਰਨ ਦੀ ਗੱਲ੍ਹ ਮੈਂ ਖ਼ੁਦ ਉਨ੍ਹਾਂ ਦੇ ਕਿਸੇ ਖਾਸ ਬੰਦੇ ਤੋਂ ਸੁਣੀ ਸੀ। ਪਰ ਇਹਦੀ ਅਜੇ ਤਸਦੀਕ ਹੋਣੀ ਬਾਕੀ ਹੈ।









## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Loves Travel Stops & Country Stores

# ਬੜਾ ਖ਼ਤਰਨਾਕ ਹੈ ਹਵਾ ਦਾ ਪ੍ਰਦੂਸ਼ਣ

**ਹਵਾ ਦੇ ਪ੍ਰਦੂਸ਼ਣ ਦਾ ਸਭ ਤੋਂ ਜ਼ਿਆਦਾ ਮਾੜਾ ਅਸਰ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਉੱਤੇ ਹੁੰਦਾ ਹੈ। ਸਾਲ 2015 ਦੀ ਇੱਕ ਖੋਜ ਅਨੁਸਾਰ ਦਿੱਲੀ ਦੇ ਲਗਪਗ ਅੱਧੇ ਬੱਚੇ (44 ਲੱਖ) ਹਵਾ ਦੇ ਪ੍ਰਦੂਸ਼ਣ ਕਾਰਨ ਫ਼ੇਫੜਿਆਂ ਦੀ ਬਿਮਾਰੀਆਂ ਤੋਂ ਪੀੜਤ ਹਨ। ਸਾਲ 2012 ਵਿੱਚ ਜਾਰੀ ਹੋਈ ਵਿਸ਼ਵ ਸਿਹਤ ਸੰਗਠਨ ਦੀ ਹੀ ਇੱਕ ਰਿਪੋਰਟ ਅਨੁਸਾਰ ਦੁਨੀਆ ਦੇ ਪਹਿਲੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 13 ਸ਼ਹਿਰ ਸਿਰਫ਼ ਸਾਡੇ ਦੇਸ਼ ਭਾਰਤ ਵਿਚ ਹਨ ਅਤੇ ਦਿੱਲੀ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਸੀ। ਵੱਖ-ਵੱਖ ਖੋਜਾਂ ਦੇ ਆਧਾਰ ਉੱਤੇ ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਪ੍ਰਦੂਸ਼ਣ, ਖ਼ਾਸ ਤੌਰ ਉੱਤੇ ਹਵਾ ਦਾ ਪ੍ਰਦੂਸ਼ਣ ਦੁਨੀਆ ਵਿੱਚ ਦਿਨ ਪ੍ਰਤੀ ਦਿਨ ਖ਼ਤਰਨਾਕ ਰੂਪ ਧਾਰਨ ਕਰਦਾ ਜਾ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਇਸ ਦੇ ਕਾਰਨ ਲੱਭ ਕੇ ਉਸ ਉੱਤੇ ਕਾਬੂ ਪਾਇਆ ਜਾਵੇ।**

**ਡਾ. ਗੁਰਿੰਦਰ ਕੌਰ***

ਪਿਛਲੇ ਸਾਲ ਦੀਵਾਲੀ ਤੋਂ ਬਾਅਦ ਦਿੱਲੀ ਵਿੱਚ ਹਵਾ ਦਾ ਪ੍ਰਦੂਸ਼ਣ ਖ਼ਤਰਨਾਕ ਪੱਧਰ ਤੱਕ ਪਹੁੰਚ ਜਾਣ ਕਾਰਨ ਇਸ ਸਾਲ ਸੁਪਰੀਮ ਕੋਰਟ ਨੇ ਦੀਵਾਲੀ ਦੇ ਤਿਓਹਾਰ ਮੌਕੇ ਪਟਾਕਿਆਂ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਅਤੇ ਸੀਮਤ ਜਿਹੇ ਸਮੇਂ ਲਈ ਪਟਾਕੇ ਚਲਉਣ ਦੀ ਖੁੱਲ੍ਹ ਦਿੱਤੀ।
ਪਿਛਲੇ ਸਾਲ ਦੀਵਾਲੀ ਤੋਂ ਬਾਅਦ ਦਿੱਲੀ ਵਿੱਚ ਹਵਾ ਦਾ ਪ੍ਰਦੂਸ਼ਣ ਖ਼ਤਰਨਾਕ ਪੱਧਰ ਤੱਕ ਪਹੁੰਚ ਜਾਣ ਕਾਰਨ ਇਸ ਸਾਲ ਸੁਪਰੀਮ ਕੋਰਟ ਨੇ ਦੀਵਾਲੀ ਦੇ ਤਿਓਹਾਰ ਮੌਕੇ ਪਟਾਕਿਆਂ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਅਤੇ ਸੀਮਤ ਜਿਹੇ ਸਮੇਂ ਲਈ ਪਟਾਕੇ ਚਲਉਣ ਦੀ ਖੁੱਲ੍ਹ ਦਿੱਤੀ।
ਪਿਛਲੇ ਸਾਲ ਦੀਵਾਲੀ ਤੋਂ ਬਾਅਦ ਦਿੱਲੀ ਵਿੱਚ ਹਵਾ ਦਾ ਪ੍ਰਦੂਸ਼ਣ ਖ਼ਤਰਨਾਕ ਪੱਧਰ ਤੱਕ ਪਹੁੰਚ ਜਾਣ ਕਾਰਨ ਇਸ ਸਾਲ ਸੁਪਰੀਮ ਕੋਰਟ ਨੇ ਦੀਵਾਲੀ ਦੇ ਤਿਓਹਾਰ ਮੌਕੇ ਪਟਾਕਿਆਂ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਅਤੇ ਸੀਮਤ ਜਿਹੇ ਸਮੇਂ ਲਈ ਪਟਾਕੇ ਚਲਉਣ ਦੀ ਖੁੱਲ੍ਹ ਦਿੱਤੀ।
ਇਸ ਪਾਬੰਦੀ ਦੇ ਬਾਵਜੂਦ ਦਿੱਲੀ, ਨੋਇਡਾ, ਗੁਰੂਗ੍ਰਾਮ, ਫ਼ਰੀਦਾਬਾਦ ਆਦਿ ਥਾਵਾਂ ਉੱਤੇ ਪਟਾਕੇ ਚਲਦੇ ਰਹੇ, ਜਿਸ ਕਾਰਨ ਦੀਵਾਲੀ ਤੋਂ ਦੂਜੇ ਦਿਨ ਹਵਾ ਦਾ ਪ੍ਰਦੂਸ਼ਣ ਸੁਰੱਖਿਅਤ ਹੱਦ ਤੋਂ ਪੰਜ ਗੁਣਾ ਤੱਕ ਵਧ ਗਿਆ। ਮੋਬਾਇਲ ਆਧਾਰਤ 'ਬਲੂਏਅਰ ਫ਼ਰੈਂਡ ਐਪ' ਵੱਲੋਂ ਕੀਤੇ ਗਏ ਸਰਵੇਖਣ ਮੁਤਾਬਿਕ ਦੀਵਾਲੀ ਤੋਂ ਦੂਜੇ ਦਿਨ ਆਨੰਦ ਵਿਹਾਰ ਵਿੱਚ ਹਵਾ ਦਾ ਕਵਾਲਿਟੀ ਇੰਡੈਕਸ (ਗੁਣਵੱਤਾ ਸੂਚਕ ਅੰਕ) 558 ਦਰਜ ਕੀਤਾ ਜਿਹੜਾ ਕਿ ਜੇਕਰ 0 ਤੋਂ 50 ਤੱਕ ਹੋਵੇ ਤਾਂ ਚੰਗਾ, 51 ਤੋਂ 100 ਤੱਕ ਤਸੱਲੀਬਖ਼ਸ, 100 ਤੋਂ 200 ਤੱਕ ਦਰਮਿਆਨਾ, 200 ਤੋਂ 300 ਤੱਕ ਖ਼ਤਰਨਾਕ, 300-400 ਤੱਕ ਬਹੁਤ ਖ਼ਤਰਨਾਕ ਅਤੇ400 ਤੋਂ ਉੱਤੇ ਬਹੁਤ ਹੀ ਖ਼ਤਰਨਾਕ ਮੰਨਿਆ ਜਾਂਦਾ ਹੈ। ਦਿੱਲੀ ਦੀਆਂ ਬਾਕੀ ਥਾਵਾਂ ਜਿਵੇਂ ਦਵਾਰਕਾ 254, ਆਰ.ਕੇ. ਪੁਰਮ 286, ਪੱਛਮੀ ਵਿਹਾਰ 8365 ਅਤੇ ਫ਼ਰੀਦਾਬਾਦ ਵਿੱਚ ਵੀ ਹਵਾ ਦਾ ਸੂਚਕ ਅੰਕ ਵਿੱਚ 406 ਦੇ ਅੰਕੜੇ ਨੂੰ ਪਾਰ ਕਰਕੇ ਬਹੁਤ ਹੀ ਖ਼ਤਰਨਾਕ ਪੱਧਰ ਉੱਤੇ ਪਹੁੰਚ ਗਿਆ ਸੀ। ਦਿੱਲੀ ਤੋਂ ਇਲਾਵਾ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਵੀ ਹਵਾ ਦਾ ਪ੍ਰਦੂਸ਼ਣ ਦੀਵਾਲੀ ਤੋਂ ਅਗਲੇ ਦਿਨ ਖ਼ਤਰਨਾਕ ਪੱਧਰ ਤਕ ਪਹੁੰਚਿਆ ਹੋਇਆ ਆਂਕਿਆ ਗਿਆ। ਪਿਛਲੇ ਸਾਲ ਦੀਵਾਲੀ ਤੋਂ ਬਾਅਦ ਦੂਜੇ ਦਿਨ ਹੀ ਦਿੱਲੀ ਵਿੱਚ ਹਵਾ ਦਾ ਪ੍ਰਦੂਸ਼ਣ ਇੰਨਾ ਜ਼ਿਆਦਾ ਹੋ ਗਿਆ ਸੀ ਕਿ ਦਿੱਲੀ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕੇ ਕਈ ਦਿਨਾਂ ਤੱਕ ਹਵਾ ਦੇ ਖ਼ਤਰਨਾਕ ਪ੍ਰਦੂਸ਼ਣ ਦੇ ਨਾਲ-ਨਾਲ ਧੁਆਂਖੀ ਧੁੰਦ ਦਾ ਕਹਿਰ ਝਲਦੇ ਰਹੇ। ਉਨ੍ਹਾਂ ਦਿਨਾਂ ਵਿੱਚ ਹਵਾ ਵਿੱਚ ਪਟਾਕਿਆਂ ਵਿੱਚੋਂ ਨਿਕਲੇ ਰਸਾਇਣਾਂ ਦੇ ਅਧਜਲੇ ਕਣ ਪੀ.ਐੱਮ. 2.5 ਅਤੇ ਪੀ.ਐੱਮ. 10 ਦੀ ਮਿਕਦਾਰ ਇੰਨੀ ਵੱਧ ਗਈ ਸੀ ਕਿ ਲੋਕਾਂ ਨੂੰ ਸਾਹ ਲੈਣਾ ਵੀ ਔਖਾ ਹੋ ਗਿਆ ਸੀ। ਹਾਲਾਤ ਇੰਨੇ ਖ਼ਰਾਬ ਸਨ ਕਿ ਦਿੱਲੀ ਸਰਕਾਰ ਨੂੰ ਲਗਪਗ 5000 ਸਕੂਲ ਕਈ ਦਿਨਾਂ ਲਈ ਬੰਦ ਕਰਨੇ ਪਏ ਸਨ। ਇਸ ਤੋਂ ਇਲਾਵਾ ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਦਿੱਲੀ ਸਰਕਾਰ ਨੇ ਬਦਰਪੁਰ ਥਰਮਲ ਪਲਾਂਟ ਅਤੇ ਸ਼ਹਿਰ ਵਿੱਚ ਹੋ ਰਹੇ ਸਭ ਤਰ੍ਹਾਂ ਦੇ ਉਸਾਰੀ ਕੰਮ ਵੀ ਕਈ ਦਿਨਾਂ ਲਈ ਰੋਕ ਦਿੱਤੇ ਸਨ।



ਇਸ ਸਾਲ ਦੀਵਾਲੀ ਤੋਂ ਬਾਅਦ ਜਦੋਂ ਸਾਰਾ ਦੇਸ਼ ਹਵਾ ਦੇ ਪ੍ਰਦੂਸ਼ਣ ਦੀ ਮਾਰ ਝੱਲ ਰਿਹਾ ਹੈ ਤਾਂ ਪ੍ਰਦੂਸ਼ਣ ਬਾਰੇ ਇੱਕ ਨਵੀਂ ਰਿਪੋਰਟ ਨੇ ਚਿੰਤਾਜਨਕ ਅੰਕੜੇ ਪੇਸ਼ ਕੀਤੇ। ਕੌਮਾਂਤਰੀ ਮੈਡੀਕਲ ਰਸਾਲੇ 'ਲੈਂਸੇਟ' ਨੇ ਆਪਣੇ ਤਾਜ਼ਾ ਅੰਕ ਵਿੱਚ ਖੁਲਾਸਾ ਕੀਤਾ ਹੈ ਕਿ ਸਾਲ 2015 ਵਿੱਚ ਦੁਨੀਆ ਵਿੱਚ ਕਰੀਬ 90 ਲੱਖ ਲੋਕਾਂ ਦੀ ਮੌਤ ਵੱਖ-ਵੱਖ ਤਰ੍ਹਾਂ ਦੇ ਪ੍ਰਦੂਸ਼ਣ ਕਾਰਨ ਹੋਈ ਸੀ। ਸਭ ਤੋਂ ਵੱਧ ਦੁੱਖ ਅਤੇ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਪ੍ਰਦੂਸ਼ਣ ਕਾਰਨ ਹੋਈਆਂ ਇਨ੍ਹਾਂ ਮੌਤਾਂ ਵਿੱਚੋਂ 25 ਲੱਖ ਮੌਤਾਂ ਸਿਰਫ਼ ਇਕੱਲੇ ਭਾਰਤ ਵਿੱਚ ਹੀ ਹੋਈਆਂ ਸਨ ਜਿਹੜੀਆਂ ਦੁਨੀਆ ਦੇ ਸਭ ਦੇਸ਼ਾਂ ਨਾਲੋਂ ਜ਼ਿਆਦਾ ਸਨ ਜਦਕਿ ਚੀਨ ਵਿੱਚ 18 ਲੱਖ ਲੋਕਾਂ ਦੀਆਂ ਮੌਤਾਂ ਪ੍ਰਦੂਸ਼ਣ ਕਾਰਨ ਹੋਈਆਂ ਸਨ। ਇਸ ਰਿਪੋਰਟ ਅਨੁਸਾਰ ਭਾਰਤ ਵਿੱਚ ਹੋਣ ਵਾਲੀ ਹਰ ਛੇਵੀਂ ਮੌਤ ਦਾ ਕਾਰਨ, ਕਿਸੇ ਨਾ ਕਿਸੇ ਤਰ੍ਹਾਂ ਦਾ ਪ੍ਰਦੂਸ਼ਣ ਹੀ ਸੀ। ਦੁਨੀਆ ਭਰ ਵਿੱਚ ਪ੍ਰਦੂਸ਼ਣ ਨਾਲ ਮਰਨ ਵਾਲਿਆਂ ਦੀ ਗਿਣਤੀ ਏਡਜ਼, ਤਪਦਿਕ, ਮਲੇਰੀਆਂ ਅਤੇ ਡੇਂਗੂ ਵਰਗੀਆਂ ਨਾਮੁਰਾਦ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਤੋਂ ਤਿੰਨ ਗੁਣਾ ਜ਼ਿਆਦਾ ਹੈ ਜਦਕਿ ਲੜਾਈਆਂ ਅਤੇ ਵੱਖ-ਵੱਖ ਤਰ੍ਹਾਂ ਦੀਆਂ ਹਿੰਸਕ ਵਾਰਦਾਤਾਂ ਵਿੱਚ ਹੋਈਆਂ ਮੌਤਾਂ ਨਾਲੋਂ 15 ਫ਼ੀਸਦ ਜ਼ਿਆਦਾ ਹੈ। ਇੰਡੀਅਨ ਇੰਸਟੀਚਿਊਟ ਆਫ਼ ਟੈਕਨੋਲੋਜੀ (ਆਈਆਈਟੀ), ਨਵੀਂ ਦਿੱਲੀ ਅਤੇ ਅਮਰੀਕਾ ਦੇ ਇਕੈਹਨ ਸਕੂਲ ਆਫ਼ ਮੈਡੀਸਨ ਦੇ ਖੋਜਾਰਥੀਆਂ ਅਨੁਸਾਰ ਪ੍ਰਦੂਸ਼ਣ ਨਾਲ ਹੋਣ ਵਾਲੀਆਂ 92 ਫ਼ੀਸਦ ਮੌਤਾਂ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿੱਚ ਹੋਈਆਂ ਹਨ। ਇਸ ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਹਵਾ ਦੇ ਪ੍ਰਦੂਸ਼ਣ ਨਾਲ ਦਿਲ, ਸਾਹ ਅਤੇ ਫ਼ੇਫੜਿਆਂ ਦੀਆਂ ਬਿਮਾਰੀਆਂ ਦੇ ਨਾਲ-ਨਾਲ ਚਮੜੀ ਨਾਲ ਸਬੰਧਿਤ ਰੋਗ ਅਤੇ ਕੈਂਸਰ ਵਰਗੀਆਂ ਲਾਇਲਾਜ ਬਿਮਾਰੀਆਂ ਵੀ ਹੋ ਜਾਂਦੀਆਂ ਹਨ। ਦਿੱਲੀ ਸ਼ਹਿਰ ਦੇ ਹਸਪਤਾਲਾਂ ਤੋਂ ਪ੍ਰਾਪਤ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਸ਼ਹਿਰ ਵਿੱਚ ਸਾਹ ਨਾਲ ਸਬੰਧਤ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਲਗਾਤਾਰ ਵਾਧਾ ਹੋ ਰਿਹਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਿਊਐਚਓ) ਦੀ ਸਾਲ 2012 ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਇੱਕ ਲੱਖ ਵਿਅਕਤੀਆਂ ਪਿੱਛੇ 159 ਲੋਕ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਇਹ ਅੰਕੜਾ ਵੀ ਦੁਨੀਆ ਭਰ ਵਿੱਚ ਇਸ ਰੋਗ ਨਾਲ ਪੀੜਤ ਲੋਕਾਂ ਵਿੱਚੋਂ ਭਾਰਤ ਵਿੱਚ ਸਭ ਤੋਂ ਜ਼ਿਆਦਾ ਸੀ।

ਹਵਾ ਦੇ ਪ੍ਰਦੂਸ਼ਣ ਦਾ ਸਭ ਤੋਂ ਜ਼ਿਆਦਾ ਮਾੜਾ ਅਸਰ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਉੱਤੇ ਹੁੰਦਾ ਹੈ। ਸਾਲ 2015 ਦੀ ਇੱਕ ਖੋਜ ਅਨੁਸਾਰ ਦਿੱਲੀ ਦੇ ਲਗਪਗ ਅੱਧੇ ਬੱਚੇ (44 ਲੱਖ) ਹਵਾ ਦੇ ਪ੍ਰਦੂਸ਼ਣ ਕਾਰਨ ਫ਼ੇਫੜਿਆਂ ਦੀ ਬਿਮਾਰੀਆਂ ਤੋਂ ਪੀੜਤ ਹਨ। ਸਾਲ 2012 ਵਿੱਚ ਜਾਰੀ ਹੋਈ ਵਿਸ਼ਵ ਸਿਹਤ ਸੰਗਠਨ ਦੀ ਹੀ ਇੱਕ ਰਿਪੋਰਟ ਅਨੁਸਾਰ ਦੁਨੀਆ ਦੇ ਪਹਿਲੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 13 ਸ਼ਹਿਰ ਸਿਰਫ਼ ਸਾਡੇ ਦੇਸ਼ ਭਾਰਤ ਵਿਚ ਹਨ ਅਤੇ ਦਿੱਲੀ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਸੀ। ਵੱਖ-ਵੱਖ ਖੋਜਾਂ ਦੇ ਆਧਾਰ ਉੱਤੇ ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਪ੍ਰਦੂਸ਼ਣ, ਖ਼ਾਸ ਤੌਰ ਉੱਤੇ ਹਵਾ ਦਾ ਪ੍ਰਦੂਸ਼ਣ ਦੁਨੀਆ ਵਿੱਚ ਦਿਨ ਪ੍ਰਤੀ ਦਿਨ ਖ਼ਤਰਨਾਕ ਰੂਪ ਧਾਰਨ ਕਰਦਾ ਜਾ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਇਸ ਦੇ ਕਾਰਨ ਲੱਭ ਕੇ ਉਸ ਉੱਤੇ ਕਾਬੂ ਪਾਇਆ ਜਾਵੇ। ਹਵਾ ਦੇ ਪ੍ਰਦੂਸ਼ਣ ਦੇ ਪ੍ਰਮੁੱਖ ਕਾਰਨ ਵਾਹਨਾਂ ਦੀ ਵਧਦੀ ਗਿਣਤੀ, ਉਦਯੋਗ, ਇੱਟਾਂ ਦੇ ਭੱਠੇ, ਥਰਮਲ ਪਾਵਰ ਪਲਾਂਟ, ਕੂੜੇ ਦੇ ਢੇਰਾਂ ਦਾ ਬਲਣਾ, ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਅੱਗ ਅਤੇ ਘਰਾਂ ਵਿੱਚ ਵਰਤਿਆਂ ਜਾਂਦਾ ਵੱਖ-ਵੱਖ ਤਰ੍ਹਾਂ ਦਾ ਬਲਣ ਆਦਿ ਹਨ। ਇਨ੍ਹਾਂ ਸਾਰੇ ਥਾਵਾਂ ਉੱਤੇ ਵੱਖ-ਵੱਖ ਤਰ੍ਹਾਂ ਦਾ ਬਾਲਣ ਵਰਤਿਆਂ ਜਾਂਦਾ ਹੈ ਜੋ ਤਰ੍ਹਾਂ-ਤਰ੍ਹਾਂ ਦੀਆਂ ਗੈਸਾਂ ਹਵਾ ਵਿੱਚ ਛੱਡ ਕੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ।

ਭਾਰਤ ਲਈ ਹੁਣ ਚਿੰਤਾ ਦਾ ਵਿਸ਼ਾ ਇਹ ਹੈ ਕਿ ਇਸ ਵਧਦੇ ਹੋਏ ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਕਿਵੇਂ ਪਾਇਆ ਜਾਵੇ ? ਇਸ ਲਈ ਭਾਰਤ ਨੂੰ ਵੱਖ-ਵੱਖ ਦੇਸ਼ਾਂ ਦੇ ਤਜਰਬਿਆਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਦੁਨੀਆ ਦੇ ਲਗਭਗ ਸਾਰੇ ਵਿਕਸਿਤ ਦੇਸ਼ਾਂ ਨੇ ਵੀ ਪਿਛਲੀ ਸਦੀ ਵਿਚ ਹਵਾ ਦੇ ਪ੍ਰਦੂਸ਼ਣ ਦੀ ਮਾਰ ਝੱਲੀ ਹੈ, ਪਰ ਹੁਣ ਉਨ੍ਹਾਂ ਨੇ ਇਸ ਉੱਤੇ ਕਾਬੂ ਪਾ ਲਿਆ ਹੈ। ਸਾਲ 1952 ਵਿੱਚ ਲੰਡਨ ਵਿੱਚ ਹਵਾ ਦੇ ਪ੍ਰਦੂਸ਼ਣ ਦੇ ਖ਼ਤਰਨਾਕ ਹੱਦ ਤੱਕ ਵਧ ਜਾਣ ਕਾਰਨ ਉੱਥੇ ਇਕ ਹਫਤੇ ਵਿੱਚ 4,000 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਜ਼ਹਿਰੀਲੀ ਹਵਾ ਦੇ ਉਸ ਖ਼ਤਰਨਾਕ ਪ੍ਰਦੂਸ਼ਣ ਦੇ ਪ੍ਰਭਾਵ ਥੱਲੇ ਆਏ ਹੋਰ 4,000 ਲੋਕਾਂ ਦੀ ਮੌਤ ਅਗਲੇ ਦੋ ਹਫ਼ਤਿਆਂ ਵਿੱਚ ਹੋ ਗਈ ਸੀ। ਉਸ ਘਟਨਾ ਤੋਂ ਪਹਿਲਾਂ ਇੰਗਲੈਂਡ ਵਿੱਚ ਹਵਾ ਦੇ ਪ੍ਰਦੂਸ਼ਣ ਨੂੰ ਵਿਕਾਸ ਦੇ ਨਾਮ ਨਾਲ ਜੋੜ ਕੇ ਦੇਖਿਆ ਜਾਂਦਾ ਸੀ, ਪਰ ਉਸ ਤੋਂ ਬਾਅਦ ਉੱਥੋਂ ਦੀ ਸਰਕਾਰ ਨੇ ਇਸ ਪ੍ਰਦੂਸ਼ਣ ਨੂੰ ਇੰਨੀ ਜ਼ਿਆਦਾ ਸੰਜੀਦਗੀ ਨਾਲ ਲਿਆ ਕਿ ਹੁਣ ਉੱਥੋਂ ਦੀ ਹਵਾ ਬਹੁਤ ਹੱਦ ਤੱਕ ਪ੍ਰਦੂਸ਼ਣ ਮੁਕਤ ਹੈ। ਉੱਥੇ ਦੀ ਸਰਕਾਰ ਨੇ ਜਨਤਕ ਟਰਾਂਸਪੋਰਟ ਨੂੰ ਇੰਨਾ ਚੁਸਤ-ਦਰੁਸਤ ਕਰ ਦਿੱਤਾ ਹੈ ਕਿ ਇਸ ਦੇ ਨਾਲ-ਨਾਲ ਵੱਖ-ਵੱਖ ਥਾਵਾਂ ਉੱਤੇ ਲੰਘਣ ਵਾਲੇ ਟਰੈਫਿਕ ਲਈ, ਟਰੈਫਿਕ ਘਣਤਾ ਦੇ ਹਿਸਾਬ ਨਾਲ ਕਰ ਵੀ ਲਗਾਇਆ ਹੋਇਆ ਹੈ। ਇਸ ਤੋਂ ਇਲਾਵਾ ਪੈਦਲ ਤੁਰਨ ਵਾਲਿਆਂ ਅਤੇ ਸਾਈਕਲਾਂ ਉੱਤੇ ਜਾਣ ਵਾਲਿਆਂ ਲਈ ਖ਼ਾਸ ਸਹੂਲਤਾਂ ਮੁਹੱਈਆ ਕਰਵਾਈਆਂ ਹੋਈਆਂ ਹਨ। ਫ਼ਰਾਂਸ ਵਿੱਚ ਤਾਂ ਛੁੱਟੀ ਵਾਲੇ ਦਿਨ ਲੋਕਾਂ ਨੂੰ ਜਨਤਕ ਟਰਾਂਸਪੋਰਟ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ। ਇਨ੍ਹਾਂ ਦੇਸ਼ਾਂ ਦੇ ਉਦਯੋਗਾਂ ਵਿੱਚ ਹਵਾ ਸ਼ੁਧਤਾ ਯੰਤਰ ਲਗਾਉਣੇ ਲਾਜ਼ਮੀ ਤੇ ਯਕੀਨੀ ਹਨ। ਸਰਕਾਰ ਦੁਆਰਾ ਬਣਾਏ ਕਾਨੂੰਨਾਂ ਅਤੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦੇ ਹਨ ਅਤੇ ਨਾ ਮੰਨਣ ਦੀ ਸੂਰਤ ਵਿੱਚ ਭਾਰੀ ਜੁਰਮਾਨੇ ਵੀ ਲਗਾਏ ਜਾਂਦਾ ਹੈ।

ਇਸੇ ਤਰ੍ਹਾਂ ਸਾਡੀ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਸਖ਼ਤ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰੇ। ਸੁਪਰੀਮ ਕੋਰਟ ਦਾ ਪਟਾਕਿਆਂ ਉੱਤੇ ਪਾਬੰਦੀ ਲਗਾਉਣਾ ਇੱਕ ਚੰਗਾ ਉਪਰਾਲਾ ਸੀ, ਪਰ ਉਸ ਨੂੰ ਸਖ਼ਤੀ ਨਾਲ ਲਾਗੂ ਨਾ ਕਰਨਾ ਸਰਕਾਰ ਦੀ ਬਹੁਤ ਵੱਡੀ ਨਾਕਾਮਯਾਬੀ ਅਤੇ ਅਣਗਹਿਲੀ ਦਾ ਸਬੂਤ ਹੈ। ਦੀਵਾਲੀ ਰੌਸ਼ਨੀਆਂ ਦਾ ਤਿਉਹਾਰ ਹੈ। ਇਸ ਨੂੰ ਦੀਵਿਆਂ ਨਾਲ ਮੰਨਾਉਣ ਦੀ ਜ਼ਰੂਰਤ ਹੈ ਨਾ ਕੇ ਪਟਾਕਿਆਂ ਨਾਲ, ਜੋ ਖ਼ਤਰਨਾਕ ਰਸਾਇਣਕ ਤੱਤ ਹਵਾ ਵਿੱਚ ਛੱਡਦੇ ਹੋਏ ਭਿਆਨਕ ਬਿਮਾਰੀਆਂ ਫ਼ੈਲਾਉਂਦੇ ਹਨ। ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿੱਚ ਪਟਾਕੇ ਚਲਾਉਣ ਉੱਤੇ ਪਾਬੰਦੀ ਹੈ, ਜਿਸ ਨੂੰ ਸਖ਼ਤੀ ਨਾਲ ਅਮਲ ਵਿੱਚ ਲਿਆਂਦਾ ਹੋਇਆ ਹੈ।

ਪ੍ਰਦੂਸ਼ਤ ਤੋਂ ਰਾਹਤ ਲਈ ਜ਼ਰੂਰੀ ਹੈ ਕਿ ਸਾਡੀ ਸਰਕਾਰ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਵਿੱਚ ਜਨਤਕ ਬੱਸ ਸੇਵਾ ਇੰਨੀ ਚੁਸਤ-ਦਰੁਸਤ ਕਰ ਦੇਵੇ ਕਿ ਲੋਕਾਂ ਨੂੰ ਨਿੱਜੀ ਕਾਰਾਂ/ਗੱਡੀਆਂ ਦੀ ਜ਼ਰੂਰਤ ਹੀ ਨਾ ਪਵੇ। ਪੈਦਲ ਤੁਰਨ ਵਾਲਿਆਂ ਅਤੇ ਸਾਈਕਲ ਵਰਤਣ ਵਾਲਿਆਂ ਦਾ ਖ਼ਾਸ ਧਿਆਨ ਰੱਖਦੇ ਹੋਏ ਸੜਕਾਂ ਉੱਤੇ ਜ਼ਰੂਰਤ ਅਨੁਸਾਰ ਫੁਟਪਾਥ ਅਤੇ ਸਾਈਕਲਾਂ ਲਈ ਰਸਤਾ ਬਣਾਇਆ ਜਾਵੇ। ਉਦਯੋਗਿਕ ਇਕਾਈਆਂ ਵਿੱਚ ਹਵਾ-ਸ਼ੁਧਤਾ ਦੇ ਯੰਤਰ ਲਗਾਉਣੇ ਯਕੀਨੀ ਬਣਾਏ ਜਾਣ ਤਾਂ ਕਿ ਉਦਯੋਗਾਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਕਰ ਸਕਣ। ਕੂੜੇ ਦੇ ਢੇਰਾਂ ਨੂੰ ਅੱਗ ਲਗਾਉਣ ਦੀ ਬਜਾਏ ਕੂੜੇ ਨੂੰ ਠੀਕ ਤਰੀਕੇ ਨਾਲ ਟਰੀਟਮੈਂਟ ਪਲਾਂਟ ਲਗਾ ਕੇ ਉਸ ਦੀ ਖਾਦ ਆਦਿ ਬਣਾ ਕੇ ਵਰਤਿਆਂ ਜਾਵੇ। ਸਾਡੇ ਦੇਸ਼ ਦੇ ਨੇਤਾ ਤਰ੍ਹਾਂ-ਤਰ੍ਹਾਂ ਦੇ ਨਾਅਰੇ ਲਾ ਕੇ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਈ ਰੱਖਦੇ ਹਨ। ਸਿਰਫ਼ ਸਵੱਛ ਭਾਰਤ ਦਾ ਨਾਅਰਾ ਲਗਾਉਣ ਜਾਂ ਦੋ ਅਕਤੂਬਰ ਨੂੰ ਨਮੂਨੇ ਦੇ ਤੌਰ ਉੱਤੇ ਝਾੜੂ ਫੜਨ ਨਾਲ ਭਾਰਤ ਵਿੱਚੋਂ ਹਵਾ ਦਾ ਪ੍ਰਦੂਸ਼ਣ ਦੂਰ ਨਹੀਂ ਹੋਣ ਲੱਗਾ। ਇਸ ਨੂੰ ਸੰਜੀਦਗੀ ਨਾਲ ਦੂਰ ਕਰਨ ਦਾ ਉਪਰਾਲਾ ਕਰਨਾ ਪਵੇਗਾ।

×ਪ੍ਰੋਫੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ

# *ਪੰਜਾਬ 'ਚ ਧੁੰਦ ਦਾ ਕਹਿਰ* : ਵਾਹਨ ਭਿੜੇ, ਸੜਕ ਹਾਦਸਿਆਂ ਜਾਨੀ ਅਤੇ ਮਾਲੀ ਨੁਕਸਾਨ

**ਚੰਡੀਗੜ੍ਹ/ਬਿਊਰੋ ਨਿਊਜ਼**, ਪੰਜਾਬ 'ਚ ਨਵੰਬਰ ਮਹੀਨੇ ਵਿਚ ਹੀ ਕਾਫ਼ੀ ਸੰਘਣੀ ਧੁੰਦ ਪੈਣੀ ਸ਼ੁਰੂ ਹੋ ਗਈ ਹੈ। ਜਿਸ ਕਾਰਨ ਕਈ ਥਾਵਾਂ ਤੋਂ ਜਾਨੀ ਅਤੇ ਮਾਲੀ ਨੁਕਸਾਨ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਫਿਰੋਜ਼ਪੁਰ-ਫਾਜ਼ਿਲਕਾ ਸੜਕ 'ਤੇ ਪਿੰਡ ਕਰੀ ਕਲਾਂ ਨਜ਼ਦੀਕ ਪੈਟਰੋਲ ਪੰਪ ਸਾਹਮਣੇ ਸੰਘਣੀ ਧੁੰਦ ਕਾਰਨ ਬੱਸ ਅਤੇ ਟਰਾਲੇ ਦੀ ਟੱਕਰ ਹੋ ਗਈ, ਜਿਸ ਵਿੱਚ ਚਾਰ ਲੋਕਾਂ ਦੀ ਜਾਨ ਚਲੀ ਗਈ, ਜਦਕਿ ਦਸ ਦੇ ਕਰੀਬ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਚਾਰ ਦੀ ਹਾਲਤ ਗੰਭੀਰ ਹੈ। ਇਸੇ ਦੌਰਾਨ ਸੰਗਰੂਰ ਵਿੱਚ ਪਿੰਡ ਬਡਰੁੱਖਾਂ ਨੇੜੇ ਸਵੇਰੇ ਧੁੰਦ ਕਾਰਨ ਪੰਜ ਵਾਹਨ ਆਪਸ ਵਿੱਚ ਟਕਰਾ ਗਏ, ਜਿਸ ਵਿੱਚ ਦਰਜਨ ਤੋਂ ਵਧ ਲੋਕ ਜ਼ਖ਼ਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਬੱਸ ਫਿਰੋਜ਼ਪੁਰ ਤੋਂ ਫਾਜ਼ਿਲਕਾ ਜਾ ਰਹੀ ਸੀ ਅਤੇ ਓਵਰਟੇਕ ਕਰਦੇ



ਸਮੇਂ ਉਹ ਸਾਹਮਣੇ ਤੋਂ ਆ ਰਹੇ ਟਰਾਲੇ ਨਾਲ ਟਕਰਾ ਗਈ। ਇਸ ਹਾਦਸੇ ਵਿੱਚ ਬੱਸ ਡਰਾਈਵਰ ਤੇ ਟਰਾਲਾ ਚਾਲਕ ਸਮੇਤ ਚਾਰ ਜਣਿਆਂ ਦੀ ਮੌਤ ਹੋ ਗਈ। ਘਟਨਾ ਦਾ ਪਤਾ ਚੱਲਦੇ ਹੀ ਫਿਰੋਜ਼ਪੁਰ ਦੇ ਐਸ.ਐਸ.ਪੀ. ਭੁਪਿੰਦਰ ਸਿੰਘ , ਡੀ.ਐਸ.ਪੀ. ਹਰਿੰਦਰ ਸਿੰਘ ਤੇ ਹੋਰ ਪੁਲੀਸ ਅਧਿਕਾਰੀ ਤੁਰਤ ਮੌਕੇ 'ਤੇ ਪੁੱਜੇ ਤੇ ਸਥਿਤੀ ਦਾ ਜਾਇਜ਼ਾ ਲਿਆ। ਨੇੜਲੇ ਪਿੰਡ ਕਰੀ ਕਲਾਂ ਦੇ ਲੋਕਾਂ ਨੇ ਰਾਹਤ ਕਾਰਜ ਸ਼ੁਰੂ ਕੀਤੇ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਹਾਦਸੇ ਵਿਚ ਫੌਤ ਹੋਏ ਵਿਅਕਤੀਆਂ ਦੀ ਪਛਾਣ ਸੁਧੀਰ ਕੁਮਾਰ ਗਰੋਵਰ ਲੈਕਚਰਾਰ, ਅਰਜਨ ਸਿੰਘ ਪੁੱਤਰ ਜਸਵੰਤ ਸਿੰਘ ਅਤੇ ਪਰਮਜੀਤ ਸਿੰਘ (ਬੱਸ ਡਰਾਈਵਰ) ਵਜੋਂ ਹੋਈ ਹੈ, ਜਦੋਂ ਕਿ ਟਰਾਲਾ ਡਰਾਈਵਰ ਦੀ ਪਛਾਣ ਨਹੀਂ ਹੋ ਸਕੀ। ਗੰਭੀਰ ਜ਼ਖ਼ਮੀਆਂ ਵਿੱਚ ਮਨਪ੍ਰੀਤ ਕੌਰ , ਸੁਰਿੰਦਰ ਕੁਮਾਰ, ਅੰਮ੍ਰਿਤਪਾਲ ਸਿੰਘ ਅਤੇ ਸੁਖਜਿੰਦਰ ਸ਼ਿੰਘ ਪੁੱਤਰ ਕਸ਼ਮੀਰ ਸਿੰਘ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਇੱਕ ਦਰਜਨ ਹੋਰ ਸਵਾਰੀਆਂ ਦੇ ਜ਼ਖ਼ਮੀ ਹੋਣ ਦਾ ਪਤਾ ਲੱਗਾ ਹੈ। ਸੰਗਰੂਰ ਵਿੱਚ ਸੰਘਣੀ ਧੁੰਦ ਪੈਣ ਕਾਰਨ ਕਈ ਸੜਕ ਹਾਦਸੇ ਹੋਏ ਜਿਨ੍ਹਾਂ ਵਿਚ ਡੇਢ ਦਰਜਨ ਵਿਅਕਤੀ ਜ਼ਖ਼ਮੀ ਹੋ ਗਏ। ਪਿੰਡ ਬਡਰੁੱਖਾਂ ਨਜ਼ਦੀਕ ਸਵੇਰੇ ਸੱਤ ਵਜੇ ਪੰਜ ਵਾਹਨ ਆਪਸ ਵਿਚ ਟਕਰਾ ਗਏ, ਜਿਨ੍ਹਾਂ ਵਿਚ ਪੀਆਰਟੀਸੀ ਦੀਆਂ ਦੋ ਬੱਸਾਂ, ਕਾਰ, ਜੀਪ ਅਤੇ ਇੱਕ ਟਰੈਕਟਰ ਟਰਾਲੀ ਸ਼ਾਮਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਦੇ ਸੇਵਾਦਾਰ ਟਰੈਕਟਰ ਟਰਾਲੀ ਰਾਹੀਂ ਸੰਗਰੂਰ ਵੱਲ ਆ ਰਹੇ ਸਨ ਕਿ ਪਿੱਛੋਂ ਆ ਰਹੀ ਰੋਡਵੇਜ਼ ਦੀ ਬੱਸ ਨੇ ਟੱਕਰ ਮਾਰ ਦਿੱਤੀ। ਇਸ ਤੋਂ ਬਾਅਦ ਇਕ ਇਕ ਕਰਕੇ ਕਈ ਵਾਹਨ ਭਿੜ ਗਏ। ਸਿਵਲ ਹਸਪਤਾਲ ਦੇ ਰਿਕਾਰਡ ਅਨੁਸਾਰ ਸੜਕ ਹਾਦਸਿਆਂ ਵਿਚ ਕਰੀਬ 17 ਵਿਅਕਤੀ ਜ਼ਖ਼ਮੀ ਹੋਏ ਹਨ ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ।


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।



ਰਜਿੰਦਰ ਕੌਰ
ਫੋਨ: 98889-02339, 84271-12339

(ਭਾਗ- 25)

## ਗੋਗੂ....

ਅੱਜ ਮਾਸੜ ਈਸ਼ਰ ਸਿੰਘ ਜੀ ਦੇ ਘਰ ਜਾਂਦੇ ਹਾਂ ਅਸੀਂ - 'ਖਲੀਨੀਂ'।

ਭਾਪਾ ਜੀ ਦੇ ਲੰਗੋਟੀਏ ਯਾਰ - ਲਾਹੌਰ ਤੋਂ ਹੀ ਇਨ੍ਹਾਂ ਨਾਲ ਉੱਠਣ ਬੈਠਣ ਤੇ ਮੋਹ-ਪਿਆਰ ਹੈ।

ਛੋਟੇ ਸ਼ਿਮਲੇ ਵੱਲੋਂ 'ਕਾਰਟ-ਰੋਡ' ਤੋਂ ਦੀ ਵੱਡੇ ਸ਼ਿਮਲੇ ਵੱਲ ਨੂੰ ਜਾਈਏ ਥੋੜ੍ਹਾ ਜਿਹਾ ਅੱਗੇ ਜਾ - ਖੱਬੇ ਹੱਥ ਇਕ ਕੱਚਾ ਜਿਹਾ ਰਸਤਾ ਉਤਰਦਾ ਹੈ, ਹੇਠਾਂ ਵੱਲ ਨੂੰ ਜੋ ਖਲੀਨੀ ਜਾਂਦਾ ਹੈ ਪਰ ਅਸੀਂ ਤਾਂ ਥੋੜ੍ਹਾ ਹੋਰ ਪਹਿਲਾਂ ਹੀ ਇਕ ਪਗਡੰਡੀ ਬਣੇ ਰਾਹ ਤੋਂ ਦੀ ਹੀ ਵਿੰਗ-ਵਲ਼ ਖਾਂਦੇ ਹੇਠਾਂ ਉਤਰ ਜਾਂਦੇ ਹਾਂ, ਐਧਰ ਨੂੰ, ਜਿੱਧਰ ਅੰਗਰੇਜ਼ੀ ਸਕੂਲ - 'ਬਿਸ਼ਪ- ਕਾਟਨ' ਹੈ। ਇਸ ਦੇ ਨਾਲੋਂ ਨਾਲ - ਬਹੁਤ ਪੁਰਾਣਾ ਸਕੂਲ ਹੈ ਇਹ ਸ਼ਾਇਦ ਅਠਾਰਾਂ ਸੌ ਉਨਾਹਟ ਦੇ ਆਸ ਪਾਸ ਦਾ ਬਣਿਆ- ਬਹੁਤੇ ਇੱਥੇ ਅੰਗਰੇਜ਼ਾਂ ਦੇ ਬੱਚੇ ਜਾਂ ਬਹੁਤ ਅਮੀਰ ਘਰਾਂ ਦੇ ਬੱਚੇ ਪੜ੍ਹਦੇ ਹਨ - ਦੂਰ ਦੁਰਾਡੀਆਂ ਥਾਵਾਂ ਤੋਂ - ਆ ਆ ਕੇ ਵੀ।

ਸਕੂਲ ਦਾ ਬਹੁਤ ਹਿੱਸਾ ਉੱਚਾ ਨੀਵਾਂ ਹੈ - ਖੇਡ ਦੇ ਮੈਦਾਨਾਂ ਸਣੇ - ਵੱਡੇ ਵੱਡੇ ਉੱਚੇ ਉੱਚੇ ਜੰਗਲਿਆਂ, ਤਾਰਾਂ ਨਾਲ ਵਲਿਆ ਹੋਇਆ ਹੈ - ਕੋਲੋਂ ਦੀ ਲੰਘਦੇ ਲੰਘਦੇ ਅਸੀਂ ਅੰਦਰ ਭਾਂਤ ਭਾਂਤ ਦੀਆਂ ਖੇਡਾਂ ਖੇਡਦਿਆਂ ਬੱਚਿਆਂ ਨੂੰ ਖੜ੍ਹ ਖੜ੍ਹ ਕੇ ਗੀਝ ਲਾ ਲਾ ਦੇਖਦੇ ਹੀ ਨਹੀਂ ਥੱਕਦੇ ਹਾਂ - ਖਾਸ ਕਰ ਜਦ ਉਹ ਉੱਚੀ ਜਿਹੀ ਗੇਂਦ ('ਬਾਲ') ਸੁੱਟਦੇ ਤਾਂ ਸਾਨੂੰ ਲਗਦਾ ਹੁਣੇ ਉਹ ਬਾਹਰ ਆ ਜਾਵੇਗੀ ਤੇ ਹੁਣੇ ਅਸੀਂ ਇਹਨੂੰ ਚੁੱਕ ਅੰਦਰ ਸੁਟ ਦਿਆਂਗੇ ਪਰ ਇੰਜ ਕਦੇ ਵੀ ਨਾ ਹੁੰਦਾ - ਜੇ ਹੁੰਦਾ ਕੁਝ ਉਥੇ ਤਾਂ ਖਾਲੀ ਇਕ ਰੀਝ - ਸਾਡੇ ਸਾਰਿਆਂ ਦੇ ਮਨਾਂ ਵਿਚ - ਤੇ ਬਸ...।

ਹੁਣ ਕੱਚੀ ਸੜਕ ਪਾਰ ਕਰਦਿਆਂ - ਥੋੜ੍ਹਾ ਹੇਠਾਂ ਜਾਹ - ਅੱਗੇ ਇਕ ਧੋਬੀ - ਘਾਟ ਹੈ ਤੇ ਉਸ ਤੋਂ ਥੋੜ੍ਹਾ ਹੋਰ ਅੱਗੇ ਜਾਹ - ਪੰਦਰਾਂ ਵੀਹਾਂ ਘਰਾਂ ਦਾ ਇਕ ਖਿਲਰਿਆ ਜਿਹਾ ਪਿੰਡ - ਇਹੋ 'ਖਲੀਨੀਂ' ਹੈ।

ਇੱਥੇ ਉਰਲੀ ਪਹਾੜੀ 'ਤੇ ਹੈ - ਮਾਸੜ ਈਸ਼ਰ ਸਿੰਘ ਜੀ ਦਾ ਘਰ - ਤਿੰਨ ਚਾਰ ਨਿੱਕੇ ਵੱਡੇ ਕਮਰਿਆਂ ਵਾਲਾ - ਅੱਧਾ ਕੱਚਾ ਅੱਧਾ ਪੱਕਾ। ਇਕ ਪਾਸੇ ਰਸੋਈ ਹੈ - ਛੋਟੀ ਜਿਹੀ ਤੇ ਪਿੱਛੇ ਇਕ ਕਮਰਾ - ਰਾਸ਼ਨ ਪਾਣੀ ਤੇ ਖਾਣੇ ਦਾਣੇ ਦਾ - ਚੋਕਰ ਦੇ ਭਰੇ ਬੋਰਿਆਂ ਸਣੇ - ਨਾਲ ਦਾ ਵੱਡਾ ਕਮਰਾ ਮਾਸੜ ਜੀ ਹੋਰਾਂ ਦੇ ਸੌਣ ਦਾ ਤੇ ਉੱਠਣ ਬੈਠਣ ਦਾ ਹੈ ਤੇ ਐਧਰ ਨਾਲ ਹੀ ਇਕ ਪਾਸੇ ਥੋੜ੍ਹਾ ਹੱਟ ਕੇ ਇਕ ਕਮਰਾ - ਪੱਲੀਆਂ ਵਾਲਾ - ਪਸ਼ੂਆਂ ਦਾ ਹੈ।

ਸੱਚ ਮੈਂ ਦੱਸਣਾ ਤਾਂ ਭੁੱਲ ਹੀ ਗਈ ਹਾਂ ਮਾਸੜ ਜੀ ਨੇ ਇਥੇ 'ਗਾਈਆਂ ਤੇ ਮਹੀਆਂ' ਰਖੀਆਂ ਹੋਈਆਂ ਹਨ। ਮਾਸੜ ਜੀ ਪਿੱਛੋਂ ਗੁਰਦੁਆਰਾ ਦੇ ਹਨ, ਸ਼ਾਇਦ ਇਸੇ ਕਰਕੇ ਜਦ ਉਹ ਗਾਵਾਂ ਮੱਝਾਂ ਦੀ ਗੱਲ ਕਰਦੇ ਹਨ, ਸਦਾ 'ਗਾਈਆਂ, ਮਹੀਆਂ' ਹੀ ਕਹਿੰਦੇ ਹਨ। ਨੌਕਰੀ ਦੇ ਨਾਲ ਨਾਲ ਮਾਸੜ ਜੀ ਦੁੱਧ ਦਾ ਕੰਮ ਵੀ ਕਰਦੇ ਹਨ ਇੱਥੇ।

ਉਸ ਸਾਹਮਣੀ ਪਹਾੜੀ 'ਤੇ ਉਨ੍ਹਾਂ ਦੇ ਦੋ ਤਿੰਨ ਖੇਤ ਵੀ ਲੈ ਰੱਖੇ ਹਨ ਜਿਨ੍ਹਾਂ ਦੇ ਕੰਢਿਆਂ 'ਤੇ 'ਲੂਚੇ' (ਅਲੂਚੇ) ਖੁਰਮਾਨੀ ਤੇ ਨਾਖਾਂ ਦੇ ਰੁੱਖ ਵੀ ਲੱਗੇ ਹੋਏ ਹਨ - ਕਿਤੇ ਕਿਤੇ। ਉਂਜ ਘਾਹ-ਪੱਠਾ ਤਾਂ ਮਾਸੜ ਜੀ ਦੂਰ-ਦੁਰਾਡੀਆਂ ਪਹਾੜੀਆਂ ਤੋਂ ਵੀ ਵੱਢ ਕੇ ਲਿਆਉਂਦੇ ਹਨ ਜੋ ਉਨ੍ਹਾਂ ਨੇ ਠੇਕੇ 'ਤੇ ਲੈ ਰੱਖਿਆ ਹੁੰਦਾ ਹੈ।

ਪਰਲੀ, ਸਾਹਮਣੀ ਪਹਾੜੀ 'ਤੇ ਹੀ ਹਨ - ਪਿੰਡ ਦੇ ਬਹੁਤੇ ਘਰ ਤੇ ਉਨ੍ਹਾਂ ਘਰਾਂ ਵਿਚਕਾਰ ਕਰਕੇ ਹੈ ਅਖ਼ਰੋਟ ਦਾ ਇਕ ਵੱਡਾ ਰੁੱਖ - ਜਿਵੇਂ ਬਹੁਤ ਪੁਰਾਣਾ ਹੋਵੇ ਇਹ - ਇੱਥੇ ਅਸੀਂ ਦੀਪ, ਗੋਗੇ ਹੋਰਾਂ ਨਾਲ ਅਕਸਰ ਖੇਡਣ ਆ ਜਾਂਦੇ ਹਾਂ - ਉਨ੍ਹਾਂ ਦੇ ਹੋਰ ਦੋਸਤ ਮਿੱਤਰਾਂ ਨਾਲ ਰਲ ਕੇ। ਸੱਚ ਦੀਪ ਤੇ ਗੋਗਾ ਮਾਸੜ ਜੀ ਦੇ ਬੇਟੇ - ਮੈਥੋਂ ਬਹੁਤ ਛੋਟੇ ਹਨ, ਸਿੰਦਰ ਮੋਹਣ ਹੋਰਾਂ ਦੇ ਹਾਣ ਦੇ। ਮਾਸੜ ਜੀ ਦੀ ਕੋਈ ਧੀ ਨਹੀਂ ਹੈ। ਇਸੇ ਲਈ ਉਹ ਮੈਨੂੰ ਆਪਣੀ ਧੀ ਕਹਿੰਦੇ ਹਨ - ਕਹਿੰਦੇ ਕੀ ਮੰਨਦੇ ਹਨ। ਇਸੇ ਲਈ ਮੈਨੂੰ ਬਹੁਤ ਪਿਆਰ ਕਰਦੇ ਹਨ - ਸਭ ਤੋਂ ਵੱਧ - ਜਿਹਾ ਮੈਂ ਸੋਚਦੀ ਹਾਂ ਜਾਂ ਜਾਣਦੀ ਹੋਵਾਂ। ਲਾਡ ਪਿਆਰ ਵਿਚ ਆ ਜਦ ਕਦੀ ਉਹ ਆਪਣੇ ਦੋਨੇ ਹੱਥ ਮੇਰੇ ਮੂੰਹ 'ਤੇ (ਗਲ੍ਹਾਂ 'ਤੇ) ਰੱਖ ਦਿੰਦੇ ਤਾਂ ਮੈਂ ਭੈੜਾ ਜਿਹਾ ਮੂੰਹ ਬਣਾ ਕੇ ਝੱਟ ਉਨ੍ਹਾਂ ਦੇ ਦੋਨੋਂ ਹੱਥ ਪਰ੍ਹਾਂ ਛੱਟਕ ਦਿੰਦੀ, "ਮਾਸੜ ਜੀ ਮੈਨੂੰ ਤੁਹਾਡੇ ਹੱਥਾਂ ਵਿਚੋਂ ਦੁੱਧ ਦੀ ਮੁਸ਼ਕ ਆਉਂਦੀ ਹੈ-" ਤੇ ਇਹ ਸੱਚ ਵੀ ਹੈ ਉਨ੍ਹਾਂ ਦੇ ਹੱਥਾਂ ਵਿਚੋਂ ਸਦਾ ਇਕ ਅਜੀਬ ਜਿਹੀ ਗੰਧ ਆਉਂਦੀ ਰਹਿੰਦੀ - ਕੱਚੇ ਦੁੱਧ ਵਰਗੀ (ਮੇਰੀ ਸਮਝ ਅਨੁਸਾਰ) ਤੇ ਉਹ ਹੱਸਣ ਲੱਗ ਜਾਂਦੇ।

ਉਨ੍ਹਾਂ ਦਾ ਉਹ ਹਾਸਾ ਮੈਂ ਹੁਣ ਵੀ ਸੁਣ ਰਹੀ ਹਾਂ, ਦੇਖ ਰਹੀ ਹਾਂ - ਸ਼ਾਇਦ ਚਾਹੁਣ ਤੇ ਵੀ ਸੰਵਾਰ ਕੇ ਦਸ ਨਾ ਸਕਦੀ ਹੋਵਾਂ। ਉਹ ਹੱਸਦੇ ਤਾਂ ਹੱਸਦੇ ਹੀ ਚਲੇ ਜਾਂਦੇ। ਚੌੜਾ ਜਿਹਾ 'ਵਾਕ' ਹੈ ਉਨ੍ਹਾਂ ਦਾ - ਪੂਰਾ ਮੂੰਹ ਖੋਲ੍ਹ ਕੇ ਹੱਸਦੇ ਤਾਂ ਸਾਰੇ ਦਾ ਸਾਰਾ ਚਿਹਰਾ ਖਿੜ ਜਾਂਦਾ - ਚੜ੍ਹਦੇ ਸੂਰਜ ਵਾਂਗ - ਤੇ ਫੇਰ ਕਦੇ ਹੱਸਦੇ ਹੱਸਦੇ ਕਹਿੰਦੇ ਹਨ-

"ਤੇਰੇ ਵਿਆਹ ਤੇ ਪਤਾ ਹੈ, ਮੈਂ ਐਡਾ ਵਧੀਆ ਸੂਟ ਦੇਣਾ ਹੈ ਜੋ ਅੱਜ ਤੱਕ ਕਿਸੇ ਨੇ ਨਾ ਦਿੱਤਾ ਹੋਵੇਗਾ।" ਸੁਣ ਮੈਂ ਉਨ੍ਹਾਂ ਦੇ ਮੂੰਹ ਵੱਲ ਦੇਖਦੀ ਹਾਂ -

"ਪੁੱਛੇਂਗੀ ਨਹੀਂ, ਕਿਹੋ ਜਿਹਾ।" ਉਹ ਮੇਰੀ ਚੁੱਪ ਤੋੜਦੇ ਹਨ ਤੇ ਪੁੱਛਣ 'ਤੇ ਨਾਲੇ ਮੁਸਕੁੜੀਆਂ ਹੱਸਦੇ ਹਨ, ਨਾਲੇ ਕਹਿੰਦੇ ਹਨ -

"ਔਹ ਸਾਹਮਣੇ ਗਾਈਆਂ ਅੱਗੇ ਜੋ ਵੱਡੇ ਵੱਡੇ ਬੋਰੇ ਲੱਗੇ ਹਨ ਨਾ - ਉਨ੍ਹਾਂ ਦਾ ਸਵਾਂ ਕੇ"

ਤੇ ਮੈਂ 'ਊਂ-ਊਂ' ਕਰਦੀ ਬਾਹਰ ਭੱਜ ਜਾਂਦੀ। ਸੋਚਦੀ - ਜ਼ਰੂਰ ਮੇਰੀ 'ਮੁਸ਼ਕ' ਵਾਲੀ ਗੱਲ ਦਾ ਜਵਾਬ ਸੋਚ ਕੇ ਰਖਿਆ ਹੋਵੇਗਾ ਉਨ੍ਹਾਂ ਨੇ - ਮੈਨੂੰ ਖਿਝਾਉਣ ਲਈ, ਰੁਲਾਉਣ ਲਈ, ਸਮਝਾਉਣ ਲਈ ਜਾਂ ਕਿਤੇ ਹਸਾਉਣ ਲਈ ਵੀ - ਉਂਜ ਉਹ ਅਕਸਰ ਇੰਜ ਕਰਦੇ ਵੀ - ਕਦੀ ਕਦੀ ਕੋਈ ਘਟਨਾ ਕਹਾਣੀ ਸੁਣਾਉਣ ਵੀ ਬੈਠ ਜਾਂਦੇ ਸਾਡੇ ਸਾਰਿਆਂ ਵਿਚਕਾਰ ਬੈਠ - ਇਵੇਂ ਹੀ ਇਕ ਦਿਨ ਬੈਠ ਗਏ ਆਪਣੇ ਪਿੰਡ ਦੇ 'ਸੌਕਣ-ਟਿੱਲੇ' ਵਾਲੀ ਗੱਲ ਸੁਣਾਉਣ - ਕਿ ਕਿਵੇਂ ਉਨ੍ਹਾਂ ਦੇ ਪਿੰਡ ਵਿਚ -



ਕਿਸੇ ਆਦਮੀ ਨੇ ਦੋ ਵਿਆਹ ਕਰਵਾਏ ਹੋਏ ਸਨ। ਵੱਡੀ ਤੀਵੀਂ ਸਿਆਣੀ, ਚੁਸਤ ਤੇ ਚਲਾਕ ਤੇ ਛੋਟੀ ਭੋਲੀ ਤੇ ਸਿਧਰੀ ਤੇ ਅਣਜਾਣ ਸੀ। ਇਕ ਦਿਨ ਕੂੜਾ ਸੁਟਣ ਦੇ ਬਹਾਨੇ ਵੱਡੀ ਛੋਟੀ ਨੂੰ ਵੀ ਨਾਲ ਲੈ ਜਾਂਦੀ ਹੈ ਟਿੱਲੇ 'ਤੇ - ਜਿੱਥੇ ਉਹ ਕੂੜਾ ਸੁਟਦੀਆਂ ਸਨ ਅਕਸਰ - ਵੱਡੀ ਦੇ ਮਨ ਵਿਚ ਬਦਨੀਤੀ ਆਉਂਦੀ ਹੈ, ਕਿ ਕਿਉਂ ਨਾ ਇਸ ਨੂੰ ਟਿੱਲੇ ਤੋਂ ਸੁੱਟ ਮਾਰ ਦਿਆਂ। ਉਹ ਉਸ ਦਾ ਸਿਰ ਵੇਖਣ ਲੱਗ ਜਾਂਦੀ ਹੈ, ਟਿੱਲੇ ਤੇ ਬੈਠ ਕੇ। ਮੂਹਰੇ ਸਿਰ ਦਿਖਾ ਰਹੀ ਛੋਟੀ - ਬੈਠੀ ਬੈਠੀ ਆਪਣੀ ਚੁੰਨੀ ਨਾਲ ਉਹਦੀ ਚੁੰਨੀ ਦੀ ਗੱਠ ਮਾਰ ਜਾਂਦੀ ਹੈ - ਖੇਡ ਖੇਡ ਵਿਚ - ਵਿਹਲੀ ਬੈਠੀ - ਹੁਣ ਜਦੋਂ ਵੱਡੀ ਦੇ ਮਨ ਆਉਂਦਾ ਉਹ ਉਹਨੂੰ ਧੱਕਾ ਮਾਰਦੀ ਕਹਿੰਦੀ ਹੈ - "ਜਾਹ ਭੈਣ" ਤੇ ਹੇਠਾਂ ਡਿੱਗਦੀ ਡਿੱਗਦੀ ਦੇ ਨਾਲ ਚੁੰਨੀ ਬੱਝੀ ਵੱਡੀ ਦੀ ਨਾਲ ਹੀ ਹੋ ਜਾਂਦੀ ਹੈ ਤਾਂ ਛੋਟੀ ਕਹਿੰਦੀ ਹੈ -

"ਆ ਭੈਣ" ਦੋਵੇਂ ਟਿੱਲੇ ਤੋਂ ਡਿੱਗ ਮਰ ਜਾਂਦੀਆਂ ਹਨ ਤੇ ਓਦਣ ਤੋਂ ਉਸ ਟਿੱਲੇ ਦਾ ਨਾਂ 'ਸੌਕਣ ਟਿੱਲਾ' ਪੈ ਜਾਂਦਾ ਹੈ। ਤੇ ਇਸ ਤਰ੍ਹਾਂ ਦੀਆਂ ਕਿੰਨੀਆਂ ਗੱਲਾਂ ਕਿੰਨੀਆਂ ਬਾਤਾਂ ਅਸੀਂ ਮੁੜ ਮੁੜ ਸੁਣਦੇ ਰਹਿੰਦੇ ਉਨ੍ਹਾਂ ਕੋਲੋਂ - ਸੋ ਇੰਜ ਗੱਲ ਗੱਲ ਤੇ ਕੁਝ ਕਹਿ ਦਿੰਦੇ - ਸੁਣਾ ਦਿੰਦੇ ਤੇ ਸਮਝਾ ਦਿੰਦੇ ਮਾਸੜ ਜੀ ਸਾਨੂੰ ਕਿਤੇ।

ਮਾਸੀ ਸਾਬ੍ਹ ਕੌਰ (ਸਾਹਿਬ ਕੌਰ) - ਬਹੁਤ ਪਿਆਰੀ ਹਸਮੁੱਖ ਮਿੱਠ-ਬੋਲੜੀ, ਥੋੜੇ ਗੱਠਵੇਂ ਸਰੀਰ ਦੀ - ਕਣਕ- ਵੰਨਾ ਰੰਗ ਤੇ ਦਰਮਿਆਨੇ ਕੱਦ ਦੀ ਹੈ ਜਦੋਂ ਕਿ ਮਾਸੜ ਜੀ ਗੋਰੇ ਰੰਗ ਦੇ ਲਾਲ ਗੁਲਾਬੀ ਚਿਹਰੇ ਵਾਲੇ ਰੋਬੀਲੇ ਸਰਦਾਰ ਹਨ, ਥੋੜੇ ਲੰਮੇ ਕੱਦ ਦੇ।

ਮਾਸੀ ਜੀ ਜਦੋਂ ਗੱਲਾਂ ਕਰਦੀ ਤਾਂ ਇੰਜ ਲਗਦੀ ਹੈ ਜਿਵੇਂ ਗੀਤ ਗਾ ਰਹੀ ਹੋਵੇ - ਸੁਰ ਵਿਚ ਲੈਅ ਵਿਚ - ਖਿੱਲਾਂ ਵਾਂਗ ਖਿੜ ਖਿੜ ਪੈਂਦੀ ਹੈ, ਸਦਾ। ਮਾਸੀ ਨੂੰ ਕਦੀ ਗੁੱਸਾ ਵੀ ਆਇਆ ਹੋਵੇ - ਯਾਦ ਨਹੀਂ ਹੈ ਮੈਨੂੰ - ਯਾਦ ਕੀ ਹੋਣਾ ਹੈ, ਜਦ ਦੇਖਿਆ ਹੀ ਨਹੀਂ ਹੈ ਕਦੇ - ਚੁਲ੍ਹੇ ਤੇ ਗੋਹਿਆਂ ਦੀ ਆਂਚ 'ਤੇ ਰੋਟੀ ਬਣਾਉਂਦੀ ਹੈ - ਵੱਡੇ ਵੱਡੇ ਤਵੇ ਜਿੱਡੇ - ਮੋਟੇ ਮੋਟੇ ਗੋਲ ਗੋਲ ਫੁਲਕੇ, ਫੁਲਾ ਫੁਲਾ ਕੇ - ਮੱਖਣ ਜਾਂ ਦੇਸੀ ਘੀ ਨਾਲ ਗੜਾ-ਗੜ ਚੋਪੜ ਜਦ ਖੁਆਉਂਦੀ ਤਾਂ ਖਾਣ ਵਾਲਾ ਇਕ ਵਾਰ ਤਾਂ ਭੁੱਲ ਜਾਂਦਾ ਹੈ - ਸਾਰੀ ਦੀਨ - ਦੁਨੀਆਂ।

ਸੱਚੀ ਭੁੱਲ ਜਾਂਦਾ ਹੋਵੇਗਾ, ਜਿਹਾ ਮੈਂ ਸੋਚਦੀ ਹਾਂ ਕਿਉਂਕਿ ਅਜੇਹੀ ਰੋਟੀ ਨਾ ਮੈਂ ਪਹਿਲਾਂ ਕਦੀ ਖਾਧੀ, ਨਾ ਬਾਦ ਵਿਚ - ਸ਼ਾਇਦ ਅੱਜ ਤੱਕ ਵੀ ਨਹੀਂ ਕਿਉਂਕਿ ਇਹ ਰੋਟੀ ਸਿਰਫ਼ ਮਾਸੀ ਹੀ ਪਕਾ ਸਕਦੀ ਸੀ, ਮਾਸੀ ਸਾਹਿਬ ਕੌਰ - ਤੇ ਬਸ। ਪਰ ਰੋਟੀ ਨਾਲ ਦਾਲ ਭਾਜੀ -

ਦਾਲ ਭਾਜੀ ਕਾਹਦੀ ਨਿਰੀਆਂ ਮਿਰਚਾਂ ਹੀ ਮਿਰਚਾਂ। ਮਾਸੜ ਜੀ ਨੂੰ ਜੋ ਬਹੁਤ ਪਸੰਦ ਹਨ - ਪੁੱਛਣ 'ਤੇ ਮਾਸੜ ਜੀ ਕਹਿੰਦੇ ਹਨ, 'ਜਿੰਦਰ ! ਜੇ ਰੋਟੀ ਖਾਦਿਆਂ ਨੱਕ, ਮੂੰਹ, ਅੱਖਾਂ 'ਚੋਂ ਪਾਣੀ ਨਾ ਨਿਕਲ ਆਏ ਤਾਂ ਰੋਟੀ ਖਾਣ ਦਾ ਕੀ ਸੁਆਦ ਹੋਇਆ।" ਸੱਚੀਂ- ਮੁੱਚੀਂ ਰੋਟੀ ਖਾਂਦੇ ਖਾਂਦੇ ਉਹ ਨੱਕ ਮੂੰਹ ਪੂੰਝਦੇ ਰਹਿੰਦੇ - 'ਸੀ-ਸੀ' ਕਰੀ ਜਾਂਦੇ ਤੇ ਨਾਲ ਨਾਲ ਹੋਰ ਰਹੀਆਂ ਮਿਰਚਾਂ ਵੀ ਦਬਿੱਲ ਖਾਈ ਜਾਂਦੇ। ਉਂਜ ਦਾਲ ਭਾਜੀ ਬਨਾਉਣ ਵੇਲੇ ਮਾਸੀ ਸਾਡੇ ਲਈ ਪਹਿਲਾਂ ਹੀ ਅੱਡ ਕੱਢ ਕੇ ਰੱਖ ਲੈਂਦੀ ਹੈ - ਬਿਨਾ ਮਿਰਚਾਂ ਤੋਂ ਪਰ ਅਸੀਂ ਤਾਂ ਬਿਨਾ ਮਿਰਚਾਂ ਵਾਲੀ ਸਬਜ਼ੀ ਖਾ ਕੇ ਵੀ ਰੋਈ ਜਾਂਦੇ ਹਾਂ - ਅੱਖਾਂ ਪੂੰਝੀ ਜਾਂਦੇ ਹਾਂ - ਮਾਸੀ ਸਣੇ। ਇਹ ਸਾਡੇ ਹੰਝੂ ਮਾਸੜ ਜੀ ਵਾਲੇ ਨਹੀਂ ਹਨ। ਇਹ ਤਾਂ ਧੂਏਂ ਦੇ ਹਨ ਜੋ ਰਸੋਈ ਵਿਚ ਘੁੰਮ ਘੁੰਮ, ਮੁੜ ਮੁੜ ਸਾਡੀਆਂ ਅੱਖਾਂ ਵਿਚ ਆ ਬੈਠਦਾ ਹੈ।

ਮਾਸੀ ਜੀ ਨਾਲ ਅਸੀਂ ਉਨ੍ਹਾਂ ਦੇ ਪੌੜੀਆਂ ਵਰਗੇ ਖੇਤਾਂ ਵਿਚ ਵੀ ਘੁੰਮਣ ਚਲੇ ਜਾਂਦੇ ਹਾਂ - ਖਾਸ ਕਰ ਕੱਚੇ ਪੱਕੇ, ਫਲ ਖਾਣ ਲਈ - ਤੇ ਜਦ ਕਦੀ ਅਸੀਂ ਔਹ ਦੂਰ ਪਰਲੀ ਸਾਹਮਣੀ ਪਹਾੜੀ ਤੇ ਗੋਗੂ ਹੋਰਾਂ ਨਾਲ ਚਲੇ ਜਾਂਦੇ - ਪਸ਼ੂ ਚਾਰਦੇ ਜਾਂ ਕਿਤੇ ਖੇਡਦਿਆਂ ਕੋਲ ਤੇ ਮਾਸੀ ਜੀ ਨੇ ਐਧਰੋਂ ਵਾਜਾਂ ਮਾਰਨੀਆਂ, ਜ਼ੋਰ ਜ਼ੋਰ ਨਾਲ, 'ਗੋ...ਗੂ...'

ਪਹਾੜੀਆਂ ਵਿਚ ਦੀ ਗੂੰਜਦੀ ਅਵਾਜ਼ ਪੁੱਜ ਜਾਂਦੀ ਸਾਡੇ ਕੋਲ - ਘੁੰਮਦੀ ਘੁੰਮਦੀ, ਛੱਲੇ ਬਣਾਉਂਦੀ - ਸਾਨੂੰ ਬਹੁਤ ਹੀ ਚੰਗਾ ਲਗਦਾ। ਫੇਰ ਅਸੀਂ ਉਸੇ ਜ਼ੋਰ ਨਾਲ ਉਸੇ ਤਰਜ਼ ਵਿਚ ਉਪਰੋਂ ਮਾਸੀ ਜੀ ਨੂੰ ਜਵਾਬ ਦੇਣ ਦੀ ਕੋਸ਼ਿਸ਼ ਕਰਦੇ - ਸਾਰੇ ਹੀ, ਵਾਰੋ ਵਾਰੀ - ਤੇ ਕਿੰਨਾਂ ਕਿੰਨਾ ਚਿਰ ਚਲਦਾ ਰਹਿੰਦਾ - ਫੇਰ - ਸਾਡਾ ਇਹ ਸਿਲਸਿਲਾ ਜਿਵੇਂ ਹੁਣ ਸਾਡੀ ਇਕ ਕੋਈ ਨਵੀਂ ਖੇਡ ਸ਼ੁਰੂ ਹੋ ਗਈ ਹੋਵੇ।

ਉਂਜ ਤਾਂ ਇੱਥੇ ਸਾਨੂੰ ਸਭ ਕੁਝ ਹੀ ਬਹੁਤ ਵਧੀਆ ਲਗਦਾ ਹੈ - ਸਾਡੀ ਉਧਰਲੀ ਸ਼ਹਿਰੀ ਦੁਨੀਆਂ ਤੋਂ ਭਿੰਨ - ਪਰ ਇੱਥੇ ਜਿਹੜੀ ਪੀਣ ਵਾਲੇ ਪਾਣੀ ਦੀ ਕਿੱਲਤ ਹੈ, ਉਹ ਬਹੁਤ ਔਖਾ ਲਗਦਾ ਸਾਨੂੰ। ਵਿਚਾਰੇ ਮਾਸੜ ਜੀ ਬਹੁਤ ਹੇਠਾਂ ਖੱਡ ਵਿਚ ਉੱਤਰ 'ਬਾਉਲੀ' ਤੋਂ ਪਾਣੀ ਲਿਆਉਂਦੇ ਹਨ - ਪੀਪਿਆਂ ਵਿਚ ਭਰ ਭਰ - ਬਹਿੰਗੀ ਤੇ ਟੰਗ ਕੇ। ਐਡੀ ਭਾਰੀ ਬਹਿੰਗੀ ਚੁੱਕ ਉਹ ਨਿੱਕੀਆਂ ਨਿੱਕੀਆਂ ਪਗਡੰਡੀਆਂ ਤੋਂ ਚੜ੍ਹੇ ਆਉਂਦੇ - ਅੰਤਾਂ ਦੇ ਸਹੋ - ਸਾਹ।

ਮੈਂ ਅੰਦਰੋਂ ਦੁਖੀ ਹੁੰਦੀ। ਮੈਂ ਵੀ ਤਾਂ ਉਨ੍ਹਾਂ ਨਾਲ ਚਲੀ ਜਾਂਦੀ ਹਾਂ ਜਦ ਵੀ ਉਹ ਪਾਣੀ ਭਰਨ ਜਾਂਦੇ ਹਨ - ਬਾਉਲੀ ਚੋਂ ਨਿੱਕੀ ਜਿਹੀ ਧਾਰ ਵਿਚੋਂ ਹੌਲੀ ਹੌਲੀ ਭਰਦਾ ਪਾਣੀ। ਪਾਣੀ ਕੀ ਇਹ ਤਾਂ ਨਿਰਾ ਅੰਮ੍ਰਿਤ ਹੈ ਜਿਵੇਂ - ਕਿੰਨਾ ਔਖਾ ਹੁੰਦਾ ਹੈ ਫੇਰ ਇਹ ਘੁੱਟ ਘੁੱਟ ਘਰ ਤੱਕ ਪਹੁੰਚਾਉਣਾ - ਤਾਂ ਹੀ ਤਾਂ ਮਾਸੀ ਜੀ ਸਾਨੂੰ ਪਾਣੀ ਸੰਕੋਚ ਨਾਲ ਵਰਤਣ ਲਈ ਕਹਿੰਦੇ ਰਹਿੰਦੇ ਹਨ ਸਦਾ।

ਉਂਜ ਮਾਸੀ ਜੀ ਹੋਰਾਂ ਨੇ ਵੱਡੇ ਵੱਡੇ ਢੋਲ (ਡਰੱਮ) ਵੀ ਛੱਤਾਂ ਦੀਆਂ ਟੀਨਾਂ ਹੇਠ ਰੱਖ ਰੱਖੇ ਹਨ। ਜਦੋਂ ਮੀਂਹ ਪੈਂਦਾ ਹੈ ਪਾਣੀ ਇਨ੍ਹਾਂ ਵਿਚ ਭਰ ਜਾਂਦਾ ਹੈ - ਇਹ ਪਾਣੀ ਤਾਂ ਉਹ ਪਸ਼ੂਆਂ ਲਈ ਜਾਂ ਨਹਾਉਣ ਧੋਣ ਲਈ ਹੀ ਵਰਤਦੇ ਹਨ - ਬਸ।

'ਬਾਉਲੀ' ਤੋਂ ਥੋੜ੍ਹਾ ਅੱਗੇ ਜਾ ਇਕ ਚਮਕੀਲੇ ਪੱਥਰਾਂ ਦੀ ਪਹਾੜੀ ਹੈ। ਇਸ ਥਾਂ ਨੂੰ 'ਸੋਨੇ ਚਾਂਦੀ ਦੀ ਖ਼ਾਨ' (ਕਾਨ) ਕਹਿੰਦੇ ਹਨ। ਇੱਥੇ ਹੇਠਾਂ ਕਰਕੇ ਇਕ ਘਰ-ਨੁਮਾ ਕਾਰਖ਼ਾਨਾ ਜਿਹਾ ਵੀ ਬਣਿਆ ਹੋਇਆ ਹੈ। ਮਾਸੜ ਜੀ ਦਸਦੇ ਹਨ, "ਇਹ ਅੰਗਰੇਜ਼ਾਂ ਨੇ ਬਣਾਇਆ ਸੀ, ਉਨ੍ਹਾਂ ਨੇ ਇੱਥੇ ਸੋਨਾ ਕੱਢਣਾ ਤਾਂ ਸ਼ੁਰੂ ਕੀਤਾ ਪਰ ਉਸ 'ਤੇ ਖਰਚਾ ਐਨਾ ਆ ਜਾਂਦਾ ਕੀ ਜਿੰਨੇ ਦਾ ਸੋਨਾ ਨਹੀਂ ਸੀ ਨਿਕਲਦਾ ਤਾਂ ਇਹ ਕਾਰਖ਼ਾਨਾ ਬੰਦ ਕਰਨਾ ਪਿਆ।" ਅੰਦਰ ਮਸ਼ੀਨਾਂ ਵੱਡੇ ਵੱਡੇ ਸੰਗਲ ਹੋਰ ਪਤਾ ਨਹੀਂ ਕੀ ਕੀ ਪਿਆ ਹੈ - ਜੋ ਅਸੀਂ ਅੰਦਰ ਖਿੜਕੀਆਂ ਦੀਆਂ ਵਿਰਲਾਂ ਚੀਥਾਂ ਥਾਣੀ ਝਾਕ ਝਾਕ ਕੇ ਦੇਖਦੇ ਹਾਂ - ਮੈਂ ਤੇ ਇੱਥੋਂ ਸੁਨਹਿਰੇ ਪੱਥਰ ਹੀ 'ਕੱਠੇ ਕਰਕੇ ਘਰ ਲੈ ਜਾਂਦੀ ਹਾਂ - ਸੁਨਹਿਰੇ ਰੇਤ ਦੇ ਕਣਾਂ ਵਾਂਗ, ਚਮਕਦੇ ਪੱਥਰ।

ਇੱਥੋਂ ਲੰਘ ਹੀ ਔਹ ਸਾਹਮਣੇ ਪਹਾੜੀ 'ਤੇ ਹੈ - 'ਚਿੱਟਾ- ਮੰਦਰ' ਮਾਸੀ ਜੀ ਹੋਰਾਂ ਦੇ ਘਰ ਤੋਂ ਐਨ ਦਿਖਦਾ ਹੈ 'ਤਾਰਾ ਦੇਵੀ' ਵਾਲੇ ਪਾਸੇ। ਕਦੀ ਕਦੀ ਇੱਥੇ ਅਸੀਂ ਖਾਣ ਪੀਣ ਦਾ ਸਮਾਨ ਲੈ ਕੇ ਵੀ ਆ ਜਾਂਦੇ ਹਾਂ - ਨਿਰੋਲ ਸੈਰ ਤੇ ਮੌਜ ਮਸਤੀ ਕਰਨ। ਟੀਸੀ ਤੇ ਨਿੱਕੇ ਜਿਹੇ ਇਕੋ ਕਮਰੇ ਦੇ ਮੰਦਰ ਵਿਚ ਇਕ ਪੰਘੂੜੀ ਵਿਚ ਕ੍ਰਿਸ਼ਨ ਜੀ ਦੀ ਮੂਰਤੀ ਪਈ ਹੈ 'ਰਾਧਾਂ' ਸਣੇ - ਹੋਰ ਬਹੁਤਾ ਸਮਾਨ ਨਹੀਂ ਹੈ - ਇਕ ਤੱਪੜ ਤੋਂ ਬਿਨਾ - ਪਰ ਬਾਹਰ ਇਕ ਖੁੱਲ੍ਹਾ ਜਿਹਾ ਮੈਦਾਨ ਹੈ - ਵਿਚ ਵਿਚ ਛੋਟੇ ਵੱਡੇ ਦਰਖ਼ਤ ਵੀ ਹਨ। ਘੁੰਮ ਫਿਰ ਖੇਡ-ਘਰ ਨੂੰ ਮੁੜਦੇ ਹਾਂ - ਅਸੀਂ। ਉਂਜ ਇਹ ਸਭ ਮਾਸੀ ਜੀ ਦੀ ਹਿੰਮਤ ਨਾਲ ਹੀ ਹੁੰਦਾ ਹੈ-

ਮਾਸੀ ਜੀ - ਉਹ ਤਾਂ ਕਦੀ ਕਦੀ ਸਾਨੂੰ ਜਾਖੂ ਮੰਦਰ ਵੀ ਲੈ ਜਾਂਦੀ ਹੈ ਤੇ ਕਦੀ 'ਅੰਡਾਡੇਲ' ਗਰਾਊਂਡ ਵਿਚ ਦੁਸਹਿਰਾ ਦਿਖਾਉਣ ਵੀ। ਜਿੰਨ੍ਹੇ ਉਹ ਕੰਮ ਵਿਚ ਛੋਹਲੇ, ਉਨੇ ਹੀ ਪਹਾੜੀਆਂ ਚੜ੍ਹਨ ਉਤਰਨ ਵਿਚ ਵੀ - ਵੱਡੀਆਂ ਵੱਡੀਆਂ ਚੜ੍ਹਾਈਆਂ ਤਾਂ ਉਹ ਅਰਾਮ ਨਾਲ ਚੜ੍ਹ ਜਾਂਦੇ ਹਨ ਜਿੱਥੇ ਅਸੀਂ ਨਿਆਣੇ ਬੀਜੀ ਨੂੰ ਪਿੱਛੋਂ ਪਿੱਠ ਵੱਲੋਂ ਧੱਕਾ ਲਗਾ ਲਗਾ ਚੜ੍ਹਾਉਂਦੇ ਹਾਂ। ਮਾਸੀ ਜੀ ਦੇ ਮੁਕਾਬਲੇ ਬੀਜੀ ਤਾਂ ਸਾਨੂੰ ਜਮਾਂ ਈ 'ਫੋਸੜ-ਢੱਗਾ' ਲਗਦੇ। ਕਦੀ ਕਦੀ ਤਾਂ ਮਾਸੀ ਸਾਨੂੰ ਨਿਆਣਿਆਂ ਨੂੰ ਵੀ ਹੈਰਾਨ ਕਰ ਦਿੰਦੀ ਹੈ - ਹੁਣੇ ਐਥੇ ਸੀ ਛੋਟੇ ਰਸਤੇ ਤੋਂ ਦੀ ਹੁਣੇ 'ਔਹ ਗਈ, ਔਹ ਗਈ' - ਸਾਨੂੰ ਸਭ ਨੂੰ ਪਿੱਛੇ ਛੱਡ।

ਮੈਂ ਤੇ ਕਦੀ ਕਦੀ ਰਾਤ ਨੂੰ ਵੀ ਮਾਸੜ ਜੀ ਹੋਰਾਂ ਕੋਲ ਰਹਿ ਪੈਂਦੀ ਹਾਂ, ਇਨ੍ਹਾਂ ਦੇ ਘਰ - "ਸਵੇਰੇ ਆ ਜਾਵੇਗੀ ਆਪੇ ਆਪਣੇ ਮਾਸੜ ਜੀ ਨਾਲ ਜਦੋਂ ਉਹ ਦੁੱਧ ਪਾਉਣ ਆਉਣਗੇ।" ਮਾਸੀ ਜ਼ਿੱਦ ਕਰਦੀ - ਖ਼ਬਰਨੀ ਮੈਂ - ਪਰ ਰਹਿ ਪੈਂਦੀ ਹਾਂ ਮੈਂ ਕਿਉਂਕਿ ਮਾਸੜ ਜੀ ਤਾਂ ਸਵੇਰੇ ਜਾਂਦੇ ਹਨ - ਦੁੱਧ ਪਾਉਣ। ਵਾਪਸ ਆ - ਤਿਆਰ ਹੋ - ਫੇਰ ਪੁੱਜਦੇ ਦਫ਼ਤਰ - ਸੈਕਟਰੀਏਟ।

## ਟੀਨਾਂ ਤੋੜਦੇ ਕਲਕਾਰੀਆਂ ਮਾਰਦੇ

ਸ਼ਿਮਲਾ ਤੇ ਬਾਂਦਰ - ਬਾਂਦਰ ਤੇ ਸ਼ਿਮਲਾ।

ਨਹੁੰ -ਮਾਸ ਦਾ ਰਿਸ਼ਤਾ-ਮਾਨੋ ਬਹੁਤ ਗੂਹੜਾ ਸਬੰਧ ਹੋਵੇ ਇਨ੍ਹਾਂ ਦਾ ਆਪੋ ਵਿਚ।

ਉਂਜ ਭਾਵੇਂ ਸ਼ਿਮਲੇ ਵਿਚ ਤਾਂ ਲੰਗੂਰ ਵੀ ਬਹੁਤ ਹੁੰਦੇ ਹਨ - ਆਮ ਤੌਰ ਤੇ ਸੰਘਣੀਆਂ ਵਾਦੀਆਂ ਤੋਂ ਪਰ੍ਹਾਂ - ਸੰਘਣੇ ਰੁੱਖਾਂ, ਦੂਰ ਦੁਰਾਡੀਆਂ ਪਹਾੜੀਆਂ 'ਤੇ - ਕਿਤੇ ਕਿਤੇ ਤਾਂ ਇਹ ਸੜਕਾਂ ਕੰਢੇ ਵੀ ਰੁੱਖਾਂ ਦੀਆਂ ਟਾਹਣੀਆਂ 'ਤੇ ਲੰਮੀਆਂ ਲੰਮੀਆਂ ਪੂਛਾਂ ਨਾਲ ਵਲਵਲੇਵੇਂ ਪਾ ਝੂਟਦੇ - ਉੱਚੀਆਂ ਲੰਮੀਆਂ ਛਾਲਾਂ ਲਾਉਂਦੇ ਆਮ ਦੇਖੇ ਜਾਂਦੇ ਹਨ - ਇਥੇ।

ਪਰ ਬਾਂਦਰ, ਦਿਨ ਕੀ ਰਾਤ ਕੀ - ਇਹ ਤਾਂ ਹਰ ਵੇਲੇ ਹਰ ਥਾਂ ਮੌਜੂਦ ਹੁੰਦੇ ਹਨ - ਘਰਾਂ ਦੀਆਂ ਛੱਤਾਂ 'ਤੇ ਦਗੜ ਦਗੜ ਦੌੜਦੇ, ਬੂਹੇ ਬਾਰੀਆਂ ਹਲੂਣਦੇ, ਟੀਨਾਂ ਤੋੜਦੇ,

ਬਾਕੀ ਸਫ਼ਾ 32 'ਤੇ

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies of Blue Cross in USA.**




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਦਸਮ ਪਿਤਾ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੇ ਪਟਨਾ ਸਾਹਿਬ ਵਿਖੇ ਸਮਾਪਤੀ ਸਮਾਰੋਹ ਵਾਸਤੇ ਬਿਹਾਰ ਸਰਕਾਰ ਨੇ ਜਾਰੀ ਕੀਤੇ 52 ਕਰੋੜ ਰੁਪਏ

## ਸਿੱਖਾਂ ਦੇ ਵਫ਼ਦ ਦੀ ਮੁੱਖ ਮੰਤਰੀ ਨਿਤਿਸ਼ ਕੁਮਾਰ ਨਾਲ ਮੁਲਾਕਾਤ

**ਪਟਨਾ/ਬਿਊਰੋ ਨਿਊਜ਼:** ਦੇਸ਼-ਵਿਦੇਸ਼ 'ਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਪੂਰਾ ਸਾਲ ਚੱਲੇ ਸਮਾਗਮਾਂ ਦੀ ਸਮਾਪਤੀ ਮੌਕੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹੋਣ ਵਾਲੇ ਵਿਸ਼ਾਲ ਸਮਾਰੋਹ ਲਈ ਬਿਹਾਰ ਸਰਕਾਰ ਵਲੋਂ 52 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਹ ਫ਼ੈਸਲਾ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਦੀ ਅਗਵਾਈ ਹੇਠ ਹੋਈ ਕੈਬਨਿਟ ਦੀ ਮੀਟਿੰਗ ਦੌਰਾਨ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਟਨਾ ਸਾਹਿਬ ਵਿਖੇ ਸਮਾਗਮਾਂ 'ਚ ਅਹਿਮ ਭੂਮਿਕਾ ਨਿਭਾਉਣ ਵਾਲੀ ਸੰਸਥਾ ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ ਯੂ.ਕੇ. ਦੇ ਸੇਵਾਦਾਰ ਭਾਈ ਇੰਦਰਜੀਤ ਸਿੰਘ ਨੇ ਦੱਸਿਆ ਸ਼ਤਾਬਦੀ ਸਮਾਗਮਾਂ ਦੀ ਸਮਾਪਤੀ ਮੌਕੇ ਹੋਣ ਵਾਲੇ ਵਿਸ਼ਾਲ ਸਮਾਰੋਹ ਸਬੰਧੀ ਇਕ ਵਫ਼ਦ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਨੂੰ ਮਿਲਿਆ ਸੀ, ਜਿਨ੍ਹਾਂ ਵਲੋਂ ਪਿਛਲੇ ਸਾਲ ਵੀ ਗੁਰੂ



ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਸ਼ਤਾਬਦੀ ਸਬੰਧੀ ਪਟਨਾ ਸਾਹਿਬ ਵਿਖੇ ਹੋਏ ਕੌਮਾਂਤਰੀ ਪੱਧਰ ਦੇ ਅਲੌਕਿਕ ਸਮਾਗਮਾਂ 'ਚ ਗੁਰੂ ਸਾਹਿਬ ਜੀ ਪ੍ਰਤੀ ਵੱਡੀ ਸ਼ਰਧਾ ਦਿਖਾਉਂਦਿਆਂ ਅਹਿਮ ਯੋਗਦਾਨ ਪਾਇਆ ਗਿਆ ਸੀ ਤੇ ਹੁਣ ਵੀ ਉਨ੍ਹਾਂ ਵਲੋਂ ਅੱਗੇ ਆ ਰਹੇ ਸਮਾਗਮਾਂ ਲਈ ਵਿਸ਼ੇਸ਼ ਸ਼ਰਧਾ ਦਿਖਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੂੰ ਮਿਲੇ ਵਫ਼ਦ 'ਚ ਗੁਰੂ ਨਾਨਕ ਨਿਸ਼ਕਾਮ ਸੇਵਾ ਜਥੇ ਦੇ ਮੁਖੀ ਭਾਈ ਸਾਹਿਬ ਮਹਿੰਦਰ ਸਿੰਘ ਵੀ ਹਾਜ਼ਰ ਸਨ, ਜਿਨ੍ਹਾਂ ਵਲੋਂ ਮੁੱਖ ਮੰਤਰੀ ਨਾਲ ਸਮਾਗਮਾਂ ਬਾਰੇ ਵਿਚਾਰ-ਵਟਾਂਦਰਾ ਵੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਵਾਰ ਮੁੱਖ ਸਮਾਗਮ ਗਾਂਧੀ ਮੈਦਾਨ ਦੀ ਬਜਾਏ ਪਟਨਾ ਸਾਹਿਬ ਬਾਈਪਾਸ ਵਿਖੇ 100 ਏਕੜ 'ਚ ਹੋਣਗੇ, ਜਿਥੇ ਪਿਛਲੇ ਸਮਾਗਮਾਂ ਦੌਰਾਨ ਸੰਗਤਾਂ ਲਈ ਵਿਸ਼ੇਸ਼ ਟੈਂਟ ਸਿਟੀ ਬਣਾਇਆ ਗਿਆ ਸੀ ਗ਼ ਉਨ੍ਹਾਂ ਦੱਸਿਆ ਕਿ 21 ਤੋਂ 25 ਦਸੰਬਰ ਤੱਕ ਹੋਣ ਵਾਲੇ ਸਮਾਗਮਾਂ ਦੌਰਾਨ ਪੁੱਜਣ ਵਾਲੀਆਂ ਸੰਗਤਾਂ ਲਈ ਵੀ ਸਰਕਾਰ ਵਲੋਂ ਵੱਡੀ ਪੱਧਰ 'ਤੇ ਤਿਆਰੀਆਂ ਕਰਵਾਈਆਂ ਜਾ ਰਹੀਆਂ ਹਨ।

---

## ਹਿੰਦੂ ਆਗੂਆਂ ਸਣੇ ਛੇ ਕਤਲ ਕੇਸ ਸੁਲਝਾਉਣ ਦਾ ਦਾਅਵਾ

ਭਾਜਪਾ ਸਰਕਾਰ ਨੇ ਆਰ.ਐਸ.ਐਸ. ਦੇ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ ਕਤਲ ਦਾ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤਾ ਸੀ ਪਰ ਸੂਬਾ ਪੁਲੀਸ ਨੇ ਦਹਿਸ਼ਤੀ ਗਰੋਹ ਬੇਨਕਾਬ ਕਰਕੇ ਇਸ ਕਤਲ ਕੇਸ ਦੀ ਗੁੱਥੀ ਸੁਲਝਾ ਲਈ ਹੈ। ਇਸ ਦੇ ਨਾਲ ਇਕ ਹੋਰ ਆਰ.ਐਸ.ਐਸ. ਨੇਤਾ ਰਵਿੰਦਰ ਗੁਸਾਈਂ ਦੇ ਕਤਲ ਕੇਸ ਨੂੰ ਵੀ ਹੱਲ ਕਰ ਲਿਆ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਸਾਜ਼ਿਸ਼ਕਾਰਾਂ ਵਿੱਚ ਧਰਮਿੰਦਰ ਉਰਫ ਗੁਗਨੀ ਗੈਂਗਸਟਰ ਵੀ ਸ਼ਾਮਲ ਹੈ, ਜੋ ਨਾਭਾ ਜੇਲ੍ਹ ਵਿੱਚ ਬੰਦ ਸੀ। ਪੁਲੀਸ ਨੇ ਉਸ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਹੈ। ਉਸ ਨੇ ਕਤਲਾਂ ਲਈ ਹਥਿਆਰ ਤੇ ਗੋਲੀ ਸਿੱਕਾ ਦਿੱਤਾ ਸੀ। ਇਸ ਗ੍ਰਿਫ਼ਤਾਰੀ ਨਾਲ ਗਰਮਖਿਆਲੀਆਂ ਅਤੇ ਗੈਂਗਸਟਰਾਂ ਦਰਮਿਆਨ ਗੰਢਤੁਪ ਦਾ ਸ਼ੱਕ ਸਹੀ ਸਾਬਤ ਹੋਇਆ ਹੈ। ਮੁਲਜ਼ਮਾਂ ਕੋਲੋਂ ਕੀਤੀ ਪੁੱਛ-ਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਹ ਵਿਦੇਸ਼ਾਂ ਵਿਚ ਵੱਖ-ਵੱਖ ਥਾਵਾਂ 'ਤੇ ਮਿਲੇ ਅਤੇ ਉਨਾਂ ਨੂੰ ਸਿਖਲਾਈ ਦਿੱਤੀ ਗਈ। ਮੁੱਖ ਮੰਤਰੀ ਨੇ ਆਖਿਆ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮਿੱਥ ਕੇ ਕੀਤੇ ਗਏ ਕਤਲਾਂ ਦਾ ਮਕਸਦ ਫਿਰਕੂ ਪਾੜਾ ਪਾਉਣਾ ਸੀ ਤਾਂ ਕਿ ਆਈ.ਐਸ.ਆਈ. ਆਪਣੀ ਭਾਰਤ ਵਿਰੋਧੀ ਯੋਜਨਾ ਵਿੱਚ ਅੱਗੇ ਵਧ ਸਕੇ।

ਦਰਅਸਲ ਪੰਜਾਬ ਪੁਲੀਸ ਨੇ ਹਫ਼ਤਾ ਪਹਿਲਾਂ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਜਿਹੜੇ ਜਿੰਮੀ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ, ਉਹ ਜੰਮੂ ਦਾ ਵਾਸੀ ਹੈ। ਪੁਲਿਸ ਮੁਤਾਬਕ ਜਿੰਮੀ ਸਿੰਘ (ਤਲਜੀਤ ਸਿੰਘ), ਜੋ ਕਿ ਜੰਮੂ ਦਾ ਰਹਿਣ ਵਾਲਾ ਹੈ, ਪਿਛਲੇ ਕੁਝ ਸਾਲਾਂ ਤੋਂ ਯੂ.ਕੇ. 'ਚ ਰਹਿ ਰਿਹਾ ਸੀ, ਪਿਛਲੇ ਦਿਨੀਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੀ ਪੁਛਗਿਛ ਤੋਂ ਬਾਅਦ ਉਸ ਦੇ ਬਾਕੀ ਸਾਥੀ ਗ੍ਰਿਫਤਾਰ ਕੀਤੇ ਗਏ ਹਨ। ਇਸ ਤੋਂ ਬਾਅਦ ਜਗਤਾਰ ਸਿੰਘ ਜੌਹਲ ਉਰਫ ਜੱਗੀ ਨੂੰ ਕੁਝ ਦਿਨ ਪਹਿਲਾਂ ਜਲੰਧਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ)। ਉਹ ਇੰਗਲੈਂਡ 'ਚੋਂ ਕਈ ਸਾਲ ਰਹਿਣ ਬਾਅਦ ਵਾਪਸ ਪਰਤਿਆ ਸੀ। ਜਗਤਾਰ ਸਿੰਘ ਜੌਹਲ ਉਰਫ਼ ਜੱਗੀ ਇੰਗਲੈਂਡ ਦਾ ਨਾਗਰਿਕ ਹੈ ਜੋ ਕਿ ਹਾਲ ਹੀ ਵਿੱਚ ਵਿਆਹਿਆ ਗਿਆ ਸੀ। ਧਰਮਿੰਦਰ ਉਰਫ਼ ਗੁਗਨੀ ਲੁਧਿਆਣਾ ਨੇੜੇ ਮਿਹਰਬਾਨ ਦਾ ਵਾਸੀ ਹੈ। ਉਹ ਗੈਂਗਸਟਰਾਂ ਨਾਲ ਸਬੰਧਤ ਹੈ। ਪੁਲੀਸ ਨੇ ਚੌਥੇ ਮੁਲਜ਼ਮ ਜੋ ਕਿ ਨਿਸ਼ਾਨੇਬਾਜ਼ ਹੈ ਦੀ ਪਛਾਣ ਗੁਪਤ ਰੱਖੀ ਹੈ ਜਿਸਨੂੰ ਕਿ ਮੀਡੀਆ ਰਿਪੋਰਟਾਂ ਮੁਤਾਬਕ ਅੱਜ ਸਵੇਰੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਜਾ ਰਿਹਾ।

ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਕਿ ਸੂਬੇ ਦੀ ਖੁਫੀਆ ਵਿੰਗ ਦੇ ਮੁਖੀ ਦਿਨਕਰ ਗੁਪਤਾ ਦੀ ਅਗਵਾਈ ਹੇਠਲੀ ਟੀਮ ਨੇ ਕਾਤਲਾਂ ਨੂੰ ਨੱਪਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸਾਰੀਆਂ ਘਟਨਾਵਾਂ ਵਿਚ 9 ਐਮ.ਐਮ., ਪੁਆਇੰਟ 32 ਅਤੇ ਪੁਆਇੰਟ 30 ਬੋਰ ਦੇ ਪਿਸਤੌਲ ਵਰਤੇ ਗਏ ਸਨ ਪ੍ਰੈਸ ਕਾਨਫਰੰਸ 'ਚ ਡੀਜੀਪੀ ਅਰੋੜਾ ਨੇ ਇਨ੍ਹਾਂ ਅਣਸੁਲਝੇ ਕਤਲਾਂ ਨੂੰ ਹੱਲ ਕਰਨ ਲਈ ਆਈ.ਜੀ. ਇੰਟੈਲੀਜੈਂਸ ਅਮਿਤ ਪ੍ਰਸਾਦ, ਡੀ.ਆਈ.ਜੀ. ਕਾਂਉਂਟਰ ਇੰਟੈਲੀਜੈਂਸ ਰਣਬੀਰ ਖੱਟੜਾ, ਐਸ.ਐਸ.ਪੀ. ਮੋਗਾ ਰਣਜੀਤ ਸਿੰਘ, ਐਸ.ਐਸ.ਪੀ. ਬਟਾਲਾ ਓਪਿੰਦਰਜੀਤ ਸਿੰਘ ਘੁੰਮਣ, ਐਸ.ਪੀ. ਰਜਿੰਦਰ ਸਿੰਘ, ਐਸ.ਪੀ. ਵਜ਼ੀਰ ਸਿੰਘ, ਡੀ.ਐਸ.ਪੀ, ਸੁਲੱਖਣ ਸਿੰਘ, ਸਰਬਜੀਤ ਸਿੰਘ, ਇੰਸਪੈਕਟਰ ਸੀ.ਆਈ.ਏ. ਮੋਗਾ ਕਿੱਕਰ ਸਿੰਘ ਅਤੇ ਏ.ਐਸ.ਆਈ. ਹਰੀਪਾਲ ਦਾ ਵਿਸ਼ੇਸ਼ ਧੰਨਵਾਦ ਕੀਤਾ।

### ਸੱਚੇ ਪਾਤਸ਼ਾਹ ਨੇ ਸੁਣੀ ਅਰਦਾਸ : ਅਰੋੜਾ

ਚੰਡੀਗੜ੍ਹ: ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਕਿ ਉਹ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ ਸਨ , ਜਿਥੇ ਉਨ੍ਹਾਂ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਰਬਾਰ ਸਾਹਿਬ ਵਿੱਚ ਸੱਚੇ ਪਾਤਸ਼ਾਹ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਪੰਜਾਬ ਵਿਚ ਵਾਪਰੀਆਂ ਵੱਡੇ ਕਤਲ ਦੀਆਂ ਇਨ੍ਹਾਂ ਘਟਨਾਵਾਂ ਦੀ ਜਾਂਚ ਲਈ ਸਹੀ ਦਿਸ਼ਾ 'ਚ ਕੰਮ ਕਰ ਰਹੇ ਹਨ ਪਰ ਉਨ੍ਹਾਂ ਦੇ ਹੱਥ ਸਫ਼ਲਤਾ ਨਹੀਂ ਲਗ ਰਹੀ। ਅੰਮ੍ਰਿਤਸਰ ਫੇਰੀ ਤੋਂ ਬਾਅਦ ਹੀ ਪੁਲੀਸ ਨੂੰ ਅਹਿਮ ਸੁਰਾਗ ਮਿਲੇ ਅਤੇ ਜਾਂਚ ਨਤੀਜੇ ਤਕ ਪਹੁੰਚ ਗਈ।

### ਮੋਗਾ ਪੁਲੀਸ ਨੇ ਲਾਇਆ ਸੁਰਾਗ

ਮੋਗਾ/ਬਿਊਰੋ ਨਿਊਜ਼: ਇਥੇ 6 ਵਰ੍ਹੇ ਪਹਿਲਾਂ ਥਾਣਾ ਮਹਿਣਾ ਅਧੀਨ ਪਿੰਡ ਫ਼ਤਿਹਗੜ੍ਹ ਕੋਰੋਟਾਣਾ ਤੋਂ ਗੋਲੀਆਂ ਨਾਲ ਕਤਲ ਕਰਕੇ ਖਤਾਨਾਂ 'ਚ ਸੁੱਟੇ ਗਏ ਨੌਜਵਾਨ ਦਾ ਕਤਲ ਸ਼ਾਰਪ ਸ਼ੂਟਰਾਂ ਨੇ ਕੀਤਾ ਸੀ। ਪੁਲੀਸ ਨੇ ਕਾਤਲਾਂ ਦਾ ਸੁਰਾਗ ਤਾਂ ਲਾ ਲਿਆ ਪਰ ਕਤਲ ਹੋਏ ਨੌਜਵਾਨ ਦੀ ਪਛਾਣ ਨਹੀਂ ਹੋਈ। ਇਸ ਹੱਤਿਆ ਕੇਸ 'ਚ ਨਾਭਾ ਜੇਲ੍ਹ ਤੋਂ ਨਾਮੀ ਗੈਂਗਸਟਰ ਧਰਮਿੰਦਰ ਸਿੰਘ ਗੁਗਨੀ ਪਿੰਡ ਮਿਹਰਬਾਨ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਦਾਂ ਗਿਆ ਹੈ। ਮੁਲਜ਼ਮ ਦਾ 7 ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਗਿਆ ਹੈ। ਇਹ ਗੈਂਗਸਟਰ ਬਠਿੰਡਾ ਵਿਖੇ ਪਿਛਲੇ ਵਰ੍ਹੇ ਪੁਲੀਸ ਨਾਲ ਮੁੱਠਭੇੜ 'ਚ ਮਾਰੇ ਗਏ ਸ਼ਾਰਪ ਸ਼ੂਟਰ ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧ ਰਖਦਾ ਹੈ। ਪੁਲੀਸ ਮੁਤਾਬਕ ਧਰਮਿੰਦਰ ਸਿੰਘ ਗੁਗਨੀ ਨਾਮੀ ਗੈਂਗਸਟਰ ਹੈ ਅਤੇ ਉਸ ਖ਼ਿਲਾਫ਼ ਥਾਣਾ ਸਾਹਨੇਵਾਲ ਵਿਖੇ ਵਿਦਿਆਰਥੀ ਆਗੂ ਤੇ ਪਿੰਡ ਖਵਾਜਕੇ ਦੇ ਸਾਬਕਾ ਸਰਪੰਚ ਰਵੀ ਖਵਾਜਕੇ ਦਾ ਕਤਲ ਕਰਨ ਦਾ ਦੋਸ਼ ਹੈ। ਇਸ ਤੋਂ ਇਲਾਵਾ ਮੁਹਾਲੀ ਥਾਣੇ 'ਚ ਵਕੀਲ ਅਮਰਪ੍ਰੀਤ ਸਿੰਘ ਸੇਠੀ ਦੇ ਕਤਲ ਕੇਸ ਤੋਂ ਇਲਾਵਾ ਥਾਣਾ ਸਦਰ ਤੇ ਥਾਣਾ ਫੋਕਲ ਲੁਧਿਆਣਾ ਵਿਖੇ ਵੀ ਅਪਰਾਧਿਕ ਕੇਸ ਦਰਜ਼ ਹਨ।

## ਯੁਗ ਪੁਰਸ਼ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਖੁਸ਼ੀਆਂ ਨਾਲ ਮਨਾਇਆ

ਅਰੰਭੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ । ਕੀਰਤਨ ਦਰਬਾਰ ਦੀ ਆਰੰਭਤਾ ਗੁਰੂ ਘਰ ਵਿਖੇ ਚਲ ਰਹੇ ਖਾਲਸਾ ਸਕੂਲ ਦੇ ਬੱਚਿਆਂ ਨੇ ਗੁਰਬਾਣੀ ਦੇ ਇਲਾਹੀ ਕੀਰਤਨ ਕਰਕੇ ਕੀਤੀ । ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸੁਖਦੇਵ ਸਿੰਘ ਜੀ ਅਤੇ ਭਾਈ ਡਾ ਰਵਿੰਦਰ ਸਿੰਘ ਵਲੋਂ ਭਾਈ ਗੁਰਦਾਸ ਜੀ ਦੁਆਰਾ ਗੁਰੂ ਨਾਨਕ ਦੇਵ ਜੀ ਬਾਰੇ ਉਚਾਰੀਆਂ ਵਾਰਾਂ ਅਤੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਹਾਜ਼ਰ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਯਤਨ ਕੀਤਾ ਗਿਆ। ਗੁਰੂ ਘਰ ਦੇ ਗ੍ਰੰਥੀ ਭਾਈ ਕਮਲਜੀਤ ਸਿੰਘ ਨੇ ਗੁਰੂ ਸਾਹਿਬ ਦੇ ਦਿੱਤੇ ਇਕ ਪ੍ਰਮਾਤਮਾ ਦੇ ਸਿਧਾਂਤ "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ" ਤੇ ਪਹਿਰਾ ਦੇਣ ਦੀ ਤਾਕੀਦ ਸੰਗਤਾਂ ਨੂ ਕੀਤੀ । ਇਸ ਮੋਕੇ ਗੁਰੂ ਘਰ ਦੇ ਅਦਦ ਸੇਵਕ ਭਾਈ ਜਸਵੰਤ ਸਿੰਘ ਹੋਠੀ ਨੇ ਸਿਖ ਸੰਗਤਾਂ ਨੂੰ ਬੇਨਤੀ ਕੀਤੀ ਕਿ ਸਮੇਂ ਰਹਿੰਦਿਆਂ ਸਾਨੂੰ ਜਾਗ ਜਾਣਾ ਚਾਹੀਦਾ ਹੈ ਨਹੀ ਤਾਂ ਸੰਸਾਰ ਨਾਲੋ ਅਸੀਂ ਬਹੁਤ ਪਿੱਛੇ ਰਹਿ ਜਾਵਾਂਗੇ ਤੇ ਆਉਣ ਵਾਲੀਆਂ ਪੀੜੀਆਂ ਸਾਨੂੰ ਕਦੇ ਮੁਆਫ ਨਹੀ ਕਰਨਗੀਆਂ । ਉਨ੍ਹਾਂ ਮੌਜੂਦਾ ਦੇ ਹਾਲਾਤ ਬਾਰੇ ਕਿਹਾ ਕਿ ਪੰਜਾਬ ਦੀ ਧਰਤੀ ਉੱਤੇ ਗੁਰੂ ਨਾਨਕ ਸਾਹਿਬ ਜੀ ਦੇ ਦਿੱਤੇ ਗਏ ਸ਼ਬਦ ਗੁਰੂ ਦੇ ਸਿਧਾਂਤ ਤੇ ਬੜੀ ਚਲਾਕੀ ਨਾਲ ਹਮਲਾ ਹੋ ਰਿਹਾ ਹੈ ਤੇ ਸਮੇ ਦੀਆਂ ਸਰਕਾਰਾਂ ਅਜਿਹੀਆਂ ਪੰਥ ਵਿਰੋਧੀ ਸ਼ਕਤੀਆਂ ਦਾ ਡਟ ਕੇ ਸਾਥ ਦੇ ਰਹੀਆਂ ਹਨ । ਆਓ ਅਸੀਂ ਭੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਤੇ ਪਹਿਰਾ ਦਿੰਦਿਆਂ ਬਾਬਰ ਨੂੰ ਜਾਬਰ ਕਹਿਣ ਦੀ ਹਿੰਮਤ ਕਰਕੇ ਸਮੇ ਦੇ ਚੈਲੰਜ ਨੂੰ ਸਵੀਕਾਰ ਕਰਨ ਦਾ ਹੌਂਸਲਾ ਦਿਖਾਈਏ। ਇਸ ਮੌਕੇ ਗੁਰੂ ਕੇ ਅਤੁਟ ਲੰਗਰ ਵਰਤਾਏ ਗਏ।

## ਕੈਨੇਡਾ 'ਚ ਹੁਣ ਅੰਮ੍ਰਿਤਧਾਰੀ ਸਿੱਖ ਛੋਟੀ ਕਿਰਪਾਨ ਨਾਲ ਕਰ ਸਕਿਆ ਕਰਨਗੇ ਹਵਾਈ ਸਫ਼ਰ

ਪਹਿਲਾਂ ਅਸੀਂ ਟਰਾਂਸਪੋਰਟ ਕੈਨੇਡਾ ਨਾਲ ਛੋਟੀਆ ਕਿਰਪਾਨਾਂ ਦੀ ਮਨਜ਼ੂਰੀ ਬਾਰੇ ਅਪਣੇ ਵਿਚਾਰ ਸਾਂਝੇ ਕੀਤੇ ਸਨ ਅਤੇ ਇਸ ਮਸਲੇ ਦੇ ਸੰਬੰਧ ਵਿੱਚ ਉਨ੍ਹਾਂ ਨਾਲ ਗੱਲਬਾਤ ਜਾਰੀ ਰੱਖੀ ਸੀ। ਇਸ ਫੈਸਲੇ ਨਾਲ ਹੁਣ ਕੈਨੇਡਾ ਦੇ ਅੰਮ੍ਰਿਤਧਾਰੀ ਸਿੱਖ ਯਾਤਰੂ ਛੋਟੀਆਂ ਕਿਰਪਾਨਾਂ, ਜਿਹਨਾਂ ਦੇ ਬਲੇਡ 6 ਸੈਂਟੀਮੀਟਰ ਤੋਂ ਘਟ ਹੋਣਗੇ, ਸੱਜਾ ਕੇ ਸਫਰ ਕਰ ਸਕਣਗੇ। ਇਹ ਧਿਆਨ ਰਖਣਾ ਜ਼ਰੂਰੀ ਹੈ ਕਿ ਆਕਾਰ ਦੀ ਆਗਿਆ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਅੰਮ੍ਰਿਤਧਾਰੀ ਸਿੱਖਾਂ ਨੂੰ ਸਹੀ ਲੰਬਾਈ ਵਾਲੀ ਕਿਰਪਾਨ ਨਾਲ ਹੀ ਸਫਰ ਕਰਨ ਦਿੱਤਾ ਜਾਵੇਗਾ।"

ਵਿਸ਼ਵ ਸਿੱਖ ਸੰਸਥਾ ਇਕ ਗੈਰ-ਮੁਨਾਫ਼ਾ ਸੰਸਥਾ ਹੈ ਜੋ ਕਨੇਡਾ ਦੇ ਸਿੱਖਾਂ ਦੇ ਹਿਤਾਂ ਨੂੰ ਮਹਿਫ਼ੂਜ਼ ਰੱਖਣ ਅਤੇ ਇਨ੍ਹਾਂ ਦੀ ਪ੍ਰੌੜਤਾ ਦੇ ਨਾਲ ਨਾਲ ਸਾਰੇ ਹੀ ਸ਼ਹਿਰੀਆਂ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਯਤਨਸ਼ੀਲ ਹੈ ਭਾਂਵੇਂ ਉਹ ਕਿਸੇ ਵੀ ਨਸਲ, ਧਰਮ, ਲਿੰਗ, ਸੱਭਿਆਚਾਰ, ਸਮਾਜਕ ਜਾਂ ਆਰਥਕ ਪੱਧਰ ਨਾਲ ਸਬੰਧ ਰਖਦੇ ਹੋਣ।

## ਪੰਜਾਬ ਵਿੱਚ ਛੇਤੀ ਹੀ ਸ਼ਰਾਬ ਸਸਤੀ ਕੀਤੀ ਜਾਵੇਗੀ: ਮਨਪ੍ਰੀਤ ਸਿੰਘ ਬਾਦਲ

ਸੂਬਾ ਬਣਾਉਣ ਲਈ ਖਾਕਾ ਤਿਆਰ ਕਰ ਲਿਆ ਹੈ। ਸੂਬੇ ਨੂੰ 33 ਸਾਲ ਦੇ ਵਿੱਤੀ ਘਾਟੇ ਵਿੱਚੋਂ ਕੱਢਣ ਲਈ ਪੰਜਾਬ ਸਰਕਾਰ ਨੇ ਵਿਸ਼ੇਸ਼ ਯੋਜਨਾ ਉਲੀਕੀ ਹੈ, ਜਿਸ ਤਹਿਤ ਸਾਲ 2020 ਤੱਕ ਸੂਬੇ ਨੂੰ ਰੈਵੇਨਿਊ ਸਰਪਲੱਸ ਸੂਬਾ ਬਣਾਉਣ ਦਾ ਟੀਚਾ ਹੈ। ਪੈਟਰੋਲ, ਬਿਜਲੀ ਅਤੇ ਸਟੈਂਪ ਡਿਊਟੀ ਨੂੰ ਜੀ.ਐਸ.ਟੀ. ਅਧੀਨ ਲਿਆਉਣ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਸ ਮੁੱਦੇ ਨੂੰ 10 ਨਵੰਬਰ ਨੂੰ ਗੁਹਾਟੀ ਵਿੱਚ ਹੋਣ ਵਾਲੀ ਸੂਬਿਆਂ ਦੇ ਵਿੱਤ ਮੰਤਰੀਆਂ ਦੀ ਮੀਟਿੰਗ ਵਿੱਚ ਉਠਾਉਣਗੇ। ਉਨ੍ਹਾਂ ਜੀ.ਐਸ.ਟੀ. ਅਤੇ ਨੋਟਬੰਦੀ ਨੂੰ ਕੇਂਦਰ ਸਰਕਾਰ ਦੀਆਂ ਵੱਡੀਆਂ ਗਲਤੀਆਂ ਕਰਾਰ ਦਿੰਦਿਆਂ ਕਿਹਾ ਕਿ ਜੀਐਸਟੀ ਬਹੁਤ ਗੁੰਝਲਦਾਰ ਹੈ ਅਤੇ ਨੋਟਬੰਦੀ ਨੇ ਆਮ ਲੋਕਾਂ ਨੂੰ ਨੁਕਸਾਨ ਤੇ ਮਾਨਸਿਕ ਪ੍ਰੇਸ਼ਾਨੀ ਦਿੱਤੀ ਹੈ। ਸੂਬੇ ਦੀਆਂ ਸਨਅਤਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਸਨਅਤਾਂ ਨੂੰ ਮੁੜ ਪੈਰਾਂ ਸਿਰ ਕਰਨ ਦੇ ਮਕਸਦ ਨਾਲ ਵਨ-ਟਾਈਮ ਸੈਟਲਮੈਂਟ ਯੋਜਨਾ ਲਿਆਂਦੀ ਹੈ, ਜਿਸ ਤਹਿਤ ਸਨਅਤਕਾਰ ਨੂੰ ਕਰਜ਼ੇ ਦੇ ਰੂਪ ਵਿੱਚ ਲਈ ਰਾਸ਼ੀ ਦਾ ਮੂਲ ਹੀ ਮੋੜਨਾ ਪਵੇਗਾ, ਜਦਕਿ ਵਿਆਜ ਮੋੜਨ ਦੀ ਲੋੜ ਨਹੀਂ ਹੈ। ਆਂਗਣਵਾੜੀ ਵਰਕਰਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਬਾਰੇ ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਆਲਮੀ ਰੂਪ ਵਿੱਚ ਅਮਲ ਵਿੱਚ ਆ ਚੁੱਕਿਆ ਹੈ ਕਿ ਇੱਕ ਬੱਚੇ ਦਾ ਸਕੂਲ ਜੀਵਨ ਤਿੰਨ ਸਾਲ ਦੀ ਉਮਰ ਵਿੱਚ ਸ਼ੁਰੂ ਹੋਵੇ, ਜਿਸ ਤੋਂ ਪੰਜਾਬ ਵੱਖ ਨਹੀਂ ਰਹਿ ਸਕਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਿਸੇ ਵੀ ਆਂਗਣਵਾੜੀ ਕਾਮੇ ਨੂੰ ਨੌਕਰੀ ਤੋਂ ਬਰਖ਼ਾਸਤ ਨਹੀਂ ਕੀਤਾ ਜਾਵੇਗਾ।

ਵਿੱਤ ਮੰਤਰੀ ਨੇ ਕਿਹਾ ਕਿ ਔਰਤਾਂ ਦੇ ਸ਼ਕਤੀਕਰਨ ਲਈ ਉਨ੍ਹਾਂ ਦਾ ਆਰਥਿਕ ਤੌਰ 'ਤੇ ਸਮਰੱਥ ਹੋਣਾ ਅਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 'ਘਰ-ਘਰ ਰੁਜ਼ਗਾਰ' ਮੁਹਿੰਮ ਤਹਿਤ ਅਗਲੇ 5 ਸਾਲਾਂ ਵਿੱਚ 25 ਲੱਖ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਲਈ ਵਚਨਬੱਧ ਹੈ। ਇਸ ਮੌਕੇ ਵਿਧਾਇਕ ਸੁਰਿੰਦਰ ਡਾਬਰ, ਭਾਰਤ ਭੂਸ਼ਣ ਆਸ਼ੂ ਆਦਿ ਮੌਜੂਦ ਸਨ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

**Bankruptcy**
- Chapter 7 & 13 Bankruptcy
- Protect Your Assets- Home, Etc..
- Start Fresh- Clear

**Family Law • Divorce**

**Immigration Law**
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸੰਬਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

# ਡਾ. ਗੁਰੂਮੇਲ ਦਾ ਲਘੂ ਕਾਵਿ ਨਾਟਕ 'ਟੈਸਟ ਟਿਊਬ ਬੇਬੀ' ਸਮਾਜਕ ਸਰੋਕਾਰਾਂ ਸਬੰਧੀ ਸ਼ਾਹਕਾਰ ਰਚਨਾ

**ਪ੍ਰੋ.ਫ਼ੈਸਰ ਸੁਹਿੰਦਰ ਬੀਰ**
**ਜਸਬੀਰ ਕੌਰ (ਅਸਿਸਟੈਂਟ ਪ੍ਰੋ.ਫ਼ੈਸਰ)**

ਟੈਸਟ ਟਿਊਬ ਬੇਬੀ ਲਘੂ ਕਾਵਿ ਨਾਟਕ ਪੰਜਾਬੀ ਦੇ ਅਸਲੋਂ ਵਿਲੱਖਣ ਮੁਹਾਵਰੇ ਵਾਲੇ ਆਧੁਨਿਕ ਕਵੀ ਡਾ. ਗੁਰੂਮੇਲ ਦੁਆਰਾ ਸਾਲ



1984 ਵਿਚ ਲਿਖਿਆ ਗਿਆ ਹੈ। ਇਹ ਕਾਵਿ ਨਾਟਕ ਉਸਨੇ ਆਪਣੇ ਕਾਵਿ-ਸੰਗ੍ਰਹਿ ਸਿਫਰ ਸਫ਼ਰ ਵਿਚ ਸ਼ਾਮਿਲ ਕੀਤਾ। ਸਾਲ 2004 ਵਿਚ ਜਦੋਂ ਉਸਨੇ ਆਪਣੀਆਂ ਚੋਣਵੀਆਂ ਕਾਵਿ ਰਚਨਾਵਾਂ ਦਾ ਇਕ ਸੰਗ੍ਰਹਿ ਸ਼ਬਦਾਂ ਦਾ ਸਫ਼ਰ ਪ੍ਰਕਾਸ਼ਿਤ ਕੀਤਾ ਤਾਂ ਇਸ ਲਘੂ ਕਾਵਿ ਨਾਟਕ ਵੀ ਨੂੰ ਉਸ ਵਿਚ ਸ਼ਾਮਲ ਕੀਤਾ।

ਡਾ. ਗੁਰੂਮੇਲ ਦਾ ਜਨਮ 23 ਮਈ 1944 ਨੂੰ ਜ਼ਿਲਾ ਜਲੰਧਰ ਦੇ ਪਿੰਡ ਪਾਸਲਾ ਵਿਖੇ ਹੋਇਆ। ਪੰਜਾਬ ਯੂਨੀਵਰਸਿਟੀ ,ਚੰਡੀਗੜ੍ਹ ਤੋਂ ਸਾਇੰਸ ਵਿਚ ਗਰੈਜੂਏਸ਼ਨ ਕਰਨ ਉਪਰੰਤ ਉਸਨੇ ਸੰਨ 970 ਵਿਚ ਕਨੇਡਾ ਵਿਖੇ ਪਰਵਾਸ ਧਾਰਨ ਕਰ ਲਿਆ। ਕਨੇਡਾ ਦੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਜੈਨੇਟਿਕ ਦੇ ਵਿਸ਼ੇ ਵਿਚ ਉਚੇਰੀਆਂ ਡਿਗਰੀਆਂ (ਐਮ. ਐਸ. ਸੀ. ਅਤੇ ਪੀ-ਐਚ. ਡੀ.) ਪ੍ਰਾਪਤ ਕੀਤੀਆਂ। ਇਥੇ ਕੁੱਝ ਸਮਾਂ ਰਹਿਣ ਤੋਂ ਬਾਅਦ ਸਾਲ 980 ਵਿਚ ਆਪ ਨੇ ਅਮਰੀਕਾ ਵਿਖੇ ਪਰਵਾਸ ਧਾਰਨ ਕਰ ਲਿਆ।

ਦੇਸ਼ ਵਿਚ ਰਹਿੰਦਿਆਂ ਸਾਲ 1966 ਵਿਚ ਡਾ. ਗੁਰੂਮੇਲ ਨੇ ਦੁਬਿਧਾ ਕਾਵਿ-ਸੰਗ੍ਰਹਿ ਦੀ ਪ੍ਰਕਾਸ਼ਨਾ ਕੀਤੀ। ਭਾਰਤ ਵਿਚ ਵੀਹਵੀਂ ਸਦੀ ਦਾ ਸੱਤਵਾਂ ਦਹਾਕਾ ਵੱਖ ਵੱਖ ਵਿਚਾਰਧਰਾਵਾਂ ਦੇ ਕਸ਼ਮਕਸ਼ ਦਾ ਦਹਾਕਾ ਸੀ।

ਸੰਨ 1917 ਦੇ ਪ੍ਰਭਾਵ ਅਧੀਨ ਸਾਲ 1940 ਵਿਚ ਪ੍ਰਗਤੀਵਾਦੀ ਲਹਿਰ ਦਾ ਆਗ਼ਾਜ਼ ਹੋਇਆ ਸੀ। ਸੱਤਵੇਂ ਦਹਾਕੇ ਤੱਕ ਆਉਂਦਿਆ ਇਸ ਲਹਿਰ ਦਾ ਜਲੋਅ ਮੱਠਾ ਪੈ ਚੁੱਕਾ ਸੀ। ਜਿਹੜੇ ਸਾਹਿਤਕਾਰ ਇਸ ਲਹਿਰ ਨਾਲ ਸੰਬੰਧਿਤ ਸਨ ਉਹ ਬਾਹਰੀ ਵਿਚਾਰਧਾਰਾ ਨੂੰ ਆਤਮ ਨਿਹਿਤ ਕਰਕੇ ਸਾਹਿਤ ਦੀ ਸਿਰਜਣਾ ਕਰਦੇ ਸਨ। ਇਸਦੇ ਪ੍ਰਤੀਕਰਮ ਵਜੋਂ ਪ੍ਰਯੋਗਵਾਦੀ ਲਹਿਰ ਦਾ ਆਰੰਭ ਹੋਇਆ ਸੀ। ਜਿਸਦੇ ਵਿਚਾਰਵਾਨਾਂ ਦਾ ਇਹ ਕਹਿਣਾ ਸੀ ਕਿ ਸਾਹਿਤ ਦੀ ਅਸਲ ਕਰਮਭੂਮੀ ਮਨੁੱਖੀ ਮਨ ਦੇ ਅੰਦਰ ਸਮਾਈ ਹੁੰਦੀ ਹੈ ,ਇਸ ਕਰਕੇ ਸਾਹਿਤਕਾਰ ਨੂੰ ਉਹੀ ਕੁਝ ਸਿਰਜਣਾ ਚਾਹੀਦਾ ਹੈ ਜੋ ਉਸ ਦੇ ਜ਼ਿਹਨ ਵਿਚੋ ਉਤਪੰਨ ਹੁੰਦਾ ਹੋਵੇ। ਡਾ. ਗੁਰੂਮੇਲ ਨੇ ਇਸ ਲਹਿਰ ਨੂੰ ਸੁਚੇਤ ਰੂਪ ਵਿਚ ਧਾਰਨ ਕੀਤਾ। ਦੁਬਿਧਾ ਕਾਵਿ ਸੰਗ੍ਰਹਿ ਇਸੇ ਪ੍ਰਭਾਵ ਅਧੀਨ ਉਤਪੰਨ ਹੋਈ ਰਚਨਾ ਹੈ।

ਡਾ. ਗੁਰੂਮੇਲ ਦੀ ਸ਼ਖ਼ਸੀਅਤ ਦਾ ਲੇਖਾ ਜੋਖਾ ਕਰਨਾ ਹੋਵੇ ਤਾਂ ਸੁਖਾਲਾ ਕੰਮ ਨਹੀ ਹੈ। ਉਹ ਇਕ ਪਾਸੇ ਵਿਸ਼ਵ ਦੇ ਜੀਵ ਵਿਗਿਆਨੀਆਂ ਵਿਚ ਗਿਣਿਆ ਜਾਂਦਾ ਹੈ ਅਤੇ ਦੂਸਰੇ ਪਾਸੇ ਕਵਿਤਾ ਦੀ ਰਚਨਾਤਮਕ ਸਾਧਨਾ ਵਿਚ ਲੀਨ ਰਹਿੰਦਾ ਹੈ। ਨਾ ਕੇਵਲ ਕਵਿਤਾ ਦੀ ਸਿਰਜਣਾ ਵਿਚ ਉਸਦਾ ਰੁਝਾਨ ਹੈ ਬਲਕਿ ਸਾਹਿਤ ਦੇ ਕਾਵਿ ਸ਼ਾਸਤਰੀ ਪੱਖਾਂ ਵੱਲ ਵੀ ਉਸਦੀ ਰੁਚੀ ਹੈ। ਇਕ ਸਮੀਖਿਅਕ ਅਤੇ ਵਿਦਵਾਨ ਵਾਂਗ ਉਸਦੀ ਪਾਰਖੂ ਦ੍ਰਿਸ਼ਟੀ ਉਜਾਗਰ ਹੁੰਦੀ ਹੈ। ਅਮਰੀਕਾ ਵਿਚ ਰਹਿੰਦਿਆਂ ਉਸਨੇ ਪਰਵਾਸੀਆਂ ਦੇ ਇਤਿਹਾਸ ਬਾਰੇ ਵੀ ਭਰਪੂਰ ਖੋਜ ਕੀਤੀ ਹੈ। ਉਸਨੂੰ ਹੁਣ ਤੱਕ ਦੇਸ਼-ਵਿਦੇਸ਼ ਵਿਚੋਂ ਅਨੇਕਾਂ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਹੈ। ਡਾ. ਗੁਰੂਮੇਲ ਦੀ ਸਾਹਿਤਕ ਸਾਧਨਾ ਨੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਦੇ ਮਨਾਂ ਉਪਰ ਵੀ ਡੂੰਘੀ ਛਾਪ ਲਗਾਈ ਹੈ।

**ਡਾ. ਗੁਰੂਮੇਲ ਦੀ ਸ਼ਖ਼ਸੀਅਤ ਦਾ ਲੇਖਾ ਜੋਖਾ ਕਰਨਾ ਸੁਖਾਲਾ ਕੰਮ ਨਹੀ ਹੈ। ਉਹ ਇਕ ਪਾਸੇ ਵਿਸ਼ਵ ਦੇ ਜੀਵ ਵਿਗਿਆਨੀਆਂ ਵਿਚ ਗਿਣਿਆ ਜਾਂਦਾ ਹੈ ਅਤੇ ਦੂਸਰੇ ਪਾਸੇ ਕਵਿਤਾ ਦੀ ਰਚਨਾਤਮਕ ਸਾਧਨਾ ਵਿਚ ਲੀਨ ਰਹਿੰਦਾ ਹੈ। ਨਾ ਕੇਵਲ ਕਵਿਤਾ ਦੀ ਸਿਰਜਣਾ ਵਿਚ ਉਸਦਾ ਰੁਝਾਨ ਹੈ ਬਲਕਿ ਸਾਹਿਤ ਦੇ ਕਾਵਿ ਸ਼ਾਸਤਰੀ ਪੱਖਾਂ ਵੱਲ ਵੀ ਉਸਦੀ ਰੁਚੀ ਹੈ। ਇਕ ਸਮੀਖਿਅਕ ਅਤੇ ਵਿਦਵਾਨ ਵਾਂਗ ਉਸਦੀ ਪਾਰਖੂ ਦ੍ਰਿਸ਼ਟੀ ਉਜਾਗਰ ਹੁੰਦੀ ਹੈ। ਅਮਰੀਕਾ ਵਿਚ ਰਹਿੰਦਿਆਂ ਉਸਨੇ ਪਰਵਾਸੀਆਂ ਦੇ ਇਤਿਹਾਸ ਬਾਰੇ ਵੀ ਭਰਪੂਰ ਖੋਜ ਕੀਤੀ ਹੈ। ਉਸਨੂੰ ਹੁਣ ਤੱਕ ਦੇਸ਼-ਵਿਦੇਸ਼ ਵਿਚੋਂ ਅਨੇਕਾਂ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਹੈ। ਡਾ. ਗੁਰੂਮੇਲ ਦੀ ਸਾਹਿਤਕ ਸਾਧਨਾ ਨੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਦੇ ਮਨਾਂ ਉਪਰ ਵੀ ਡੂੰਘੀ ਛਾਪ ਲਗਾਈ ਹੈ।**



ਡਾ. ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਰਵਿੰਦਰ ਰਵੀ ਅਤੇ ਹੋਰ ਅਨੇਕਾਂ ਵਿਦਵਾਨਾਂ ਨੇ ਉਸਦਾ ਸਾਹਿਤਕ ਸਿੱਕਾ ਮੰਨਿਆ ਹੈ।

ਡਾ. ਪ੍ਰੇਮ ਪ੍ਰਕਾਸ਼ ਦਾ ਕਥਨ ਦਰੁੱਸਤ ਹੈ: "ਗੁਰੂਮੇਲ ਬੁਨਿਆਦੀ ਤੌਰ ਤੇ ਸਾਇੰਸਦਾਨ ਹੈ। ਉਸਨੇ ਸਾਇੰਸ ਦੇ ਆਧੁਨਿਕ ਵਿਗਿਆਨਕ ਵਿਸ਼ੇ 'ਜਨੈਟਿਕਸ' ਦੀ ਉੱਚੀ ਤੋ ਉੱਚੀ ਸ਼ਿਕਸ਼ਾ ਹਾਸਲ ਕੀਤੀ ਹੈ। ਵਿਗਿਆਨਕ ਬਿਰਤੀ ਦਾ ਮਾਲਕ ਹੋਣ ਕਰਕੇ ਕਵੀ ਦਾ ਨਜ਼ਰੀਆ ਵੀ ਘੋਖਣ ਪਰਖਣ ਵਾਲਾ ਅਤੇ ਅੰਕਲਮੰਦਾਨਾ ਹੈ। ਇਹੋ ਕਾਰਨ ਹੈ ਕਿ ਉਸਦੀ ਕਾਵਿ ਕਲਪਨਾ ਵਿਚ ਵਿਗਿਆਨਕ ਤਰਤੀਬ ਹਮੇਸ਼ਾ ਹਾਜ਼ਰ ਰਹਿੰਦੀ ਹੈ।"

ਜਿਵੇਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਨੇ ਗੁਰੂਮੇਲ ਬਾਰੇ ਕਿਹਾ ਹੈ ਕਿ ਉਹ ਸੁਘੜ ਵਿਗਿਆਨੀ ਅਤੇ ਗੰਭੀਰ ਕਵੀ ਹੈ। ਇਹ ਕਥਨ ਇਸ ਕਰਕੇ ਦਰੁੱਸਤ ਪ੍ਰਤੀਤ ਹੁੰਦਾ ਹੈ ਕਿ ਇਕ ਵਿਗਿਆਨੀ ਦੀ ਹੈਸੀਅਤ ਵਿਚ ਗੁਰੂਮੇਲ ਦੀ ਜੋ ਸ਼ਖ਼ਸੀਅਤ ਉਜਾਗਰ ਹੋਈ ਹੈ ਉਹ ਆਮ ਸਾਧਾਰਨ ਪੰਜਾਬੀ ਕਵੀਆਂ ਵਾਂਗ ਸਰਲਤਾ ਦੇ ਰੁਖ਼ ਨਹੀਂ ਤੁਰਦੇ ਬਲਕਿ ਉਹ ਜ਼ਿੰਦਗੀ ਨੂੰ ਬਹੁ ਕੋਨਾਂ ਤੋਂ ਅਤੇ ਬਹੁਪਰਤਾਂ ਤੋਂ ਵੇਖਣ ਦਾ ਅਨੁਸਾਰੀ ਹੈ। ਇਸ ਲਈ ਉਸਦੀ ਕਵਿਤਾ ਆਮ ਸਾਧਾਰਨ ਪਾਠਕ ਨੂੰ ਸਮਝ ਵੀ ਨਹੀਂ ਆਉਂਦੀ। ਕਿਤੇ ਕਿਤੇ ਸੰਚਾਰ ਦੀ ਸਮੱਸਿਆ ਵੀ ਸਾਹਮਣੇ ਆ ਜਾਂਦੀ ਹੈ। ਉਸਦਾ ਵਿਗਿਆਨੀ ਮਨ ਉਸਨੂੰ ਜੀਵਨ ਦੇ ਗਹਿਰ-ਗੰਭੀਰ ਸਮਸਿਆਂ ਵੱਲ ਲੈ ਜਾਂਦਾ ਹੈ ਅਤੇ ਪੰਜਾਬੀ ਮਨ ਪੰਜਾਬ ਦੇ ਗੌਰਵਮਈ ਵਿਰਸੇ ਅਤੇ ਸਮਾਜਕ ਸਭਿਆਚਾਰਕ ਪ੍ਰਸੰਗਾਂ ਨਾਲ ਜੋੜ ਦਿੰਦਾ ਹੈ।

ਇੱਥੇ ਸਾਡਾ ਮੂਲ ਮਨੋਰਥ ਡਾ. ਗੁਰੂਮੇਲ ਦੁਆਰਾ ਲਿਖੇ ਲਘੂ ਕਾਵਿ ਨਾਟਕ ਟੈਸਟ ਟਿਊਬ ਬੇਬੀ ਦੇ ਸਮਾਜਿਕ ਅਤੇ ਸਭਿਆਚਾਰਕ ਪ੍ਰਸੰਗਾਂ ਨੂੰ ਬਾਰੀਕੀ ਵਿਚ ਸਮਝਣ ਦਾ ਹੈ। ਇਸ ਲਘੂ ਕਾਵਿ ਨਾਟਕ ਵਿਚ ਜੋ ਵਿਸ਼ਾ ਲਿਆ ਗਿਆ ਹੈ ਉਸਨੂੰ ਕਾਵਿ ਨਾਟਕ ਦੇ ਰੂਪਾਕਾਰ ਰਾਹੀਂ ਨਿਭਾਇਆ ਗਿਆ ਹੈ। ਪੰਜਾਬ ਸਾਹਿਤ ਦੇ ਖੇਤਰ ਵਿਚ ਖ਼ਾਸ ਕਰਕੇ ਕਵਿਤਾ ਅਤੇ ਗਲਪ ਵਿਚ ਭਾਵੇਂ ਬਹੁਤ ਸਾਰੇ ਲੇਖਕਾਂ ਨੇ ਕਲਮ ਅਜ਼ਮਾਈ ਕੀਤੀ ਹੈ ਪਰ ਕਾਵਿ ਨਾਟਕ ਦਾ ਰੂਪਾਕਾਰ ਇਕ ਅਜਿਹਾ ਰੂਪਾਕਾਰ ਹੈ ਜਿਸ ਵਿਚ ਸਾਹਿਤ ਸਾਧਨਾ ਕਰਨ ਤੋਂ ਲੇਖਕਾਂ ਨੇ ਗ਼ੁਰੇਜ਼ ਕੀਤਾ ਹੈ। ਕਾਵਿ ਨਾਟਕ ਦੀ ਆਧੁਨਿਕ ਸਾਹਿਤ ਵਿਚ ਇਕ ਵੱਖਰੀ ਪਹਿਚਾਣ ਹੈ ਭਾਵੇਂ ਕਿ ਭਾਰਤੀ ਸਾਹਿਤ ਪਰੰਪਰਾ ਤੇ ਯੂਨਾਨੀ ਸਾਹਿਤ ਪਰੰਪਰਾ ਵਿਚ ਬੜੇ ਪੁਰਾਣੇ ਸਮੇਂ ਤੋਂ ਕਾਵਿ ਨਾਟਕ ਰਚੇ ਜਾ ਰਹੇ ਹਨ। ਕਲਾਸਕੀ ਰਚਨਾਵਾਂ ਭਾਵੇਂ ਉਹ ਕਿਸੇ ਵੀ ਖਿੱਤੇ ਵਿਚ ਰਚੀਆਂ ਗਈਆਂ ਹੋਣ ਆਮ ਕਰਕੇ ਕਾਵਿ ਨਾਟਕ ਦੇ ਰੂਪ ਵਿਚ ਹੀ ਰਚੀਆਂ ਗਈਆ ਹਨ। ਸੰਸਕ੍ਰਿਤ ਵਿਚ ਕਾਲੀਦਾਸ ਦੇ ਕਾਵਿ ਨਾਟਕਾਂ ਦੀ ਵਿਸ਼ੇਸ਼ ਥਾਂ ਰਹੀ ਹੈ। ਪੁਰਾਤਨ ਯੁੱਗ ਤੋਂ ਲੈ ਕੇ ਨਵੀਨ ਯੁੱਗ ਦੇ ਸਾਹਿਤ ਨੂੰ ਵਾਚਿਆ ਜਾਵੇ ਤਾਂ ਕਾਵਿ ਨਾਟਕ ਦੀ ਪਰੰਪਰਾ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ। ਕਾਵਿ ਨਾਟਕ ਵਿਚ ਕਾਵਿਕ ਤੇ ਨਾਟਕੀ ਜੁਗਤਾਂ ਦਾ ਆਪਸ ਵਿਚ ਸੁਮੇਲ ਹੋਰ ਵੀ ਜ਼ਰੂਰੀ ਹੈ। ਕਾਵਿ ਨਾਟ ਵਿਚ ਨਾਟਕ, ਕਵਿਤਾ, ਸੰਗੀਤ, ਪ੍ਰਗੀਤ ਆਦਿ ਹੋਰ ਕਲਾਵਾਂ ਦਾ ਵਿਸ਼ੇਸ਼ ਅਨੁਪਾਤ ਵਿਚ ਮਿਸ਼ਰਣ ਹੁੰਦਾ ਹੈ। ਡਾ. ਰਜਿੰਦਰ ਕੌਰ ਅਨੁਸਾਰ: "ਸਰਲ ਕਾਵਿ-ਨਾਟ ਲਈ ਪਹਿਲਾ ਕਾਵਿ ਨਾਟਕਕਾਰ ਦਾ ਕਵੀ ਹੋਣਾ ਜ਼ਰੂਰੀ ਹੈ ਕਿਉਕਿ ਸੰਸਾਰ ਦੇ ਪ੍ਰਸਿੱਧ ਕਾਵਿ ਨਾਟਕਕਾਰ ਪਹਿਲਾ ਕਵੀ ਸੀ ਤੇ ਫਿਰ ਨਾਟਕਕਾਰ।"

ਇਸ ਰੂਪਾਕਾਰ ਦੀ ਸਿਰਜਣਾ ਕਰਨ ਲੱਗਿਆਂ ਲੇਖਕਾਂ ਦੀ ਰਚਨਾਤਮਕ ਜੁਗਤਾਂ ਦੀ ਪਰਖ ਵੀ ਹੋ ਜਾਂਦੀ ਹੈ। ਇਹ ਇਕ ਅਜਿਹਾ ਕਾਵਿ ਰੂਪਾਕਾਰ ਹੈ ਜਿਸ ਵਿਚ ਕਵਿਤਾ ਤੇ ਨਾਟਕ ਦੇ ਸਮਤੋਲ ਅਤੇ ਸੰਯੋਗ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਜੇ ਕੋਈ ਲੇਖਕ ਕਵੀ ਹੈ ਤਾਂ ਉਹ ਸ਼ਿਵ ਕੁਮਾਰ ਵਾਂਗ ਕਾਵਿ ਨਾਟਕ ਵਿਚ ਕਾਵਿਕ ਤੱਤਾਂ ਦੀ ਬਹੁਤਾਤ ਲੈ ਆਉਂਦਾ ਹੈ। ਟੀ. ਐਸ. ਏਲੀਅਟ ਦਾ ਕਥਨ ਬਹੁਤ ਹੀ ਦਰੁੱਸਤ ਅਤੇ ਮਿਆਰੀ ਹੈ ਜਿਸ ਵਿਚ ਉਸਨੇ ਕਿਹਾ ਸੀ :

ਕਾਵਿ ਨਾਟਕ ਵਿਚ ਕਾਵਿ ਦੀ ਵਰਤੋਂ ਨਾਟਕ ਦੀ ਸਜਾਵਟ ਵਧਾਉਣ ਲਈ ਨਹੀਂ ਕਰਨੀ ਚਾਹੀਦੀ। ਜੇ ਇਹ ਨਾਟਕ ਦੇਖਣ ਵਾਲੇ ਨੂੰ ਸਿਰਫ਼ ਕਾਵਿਕ ਆਨੰਦ ਹੀ ਦਿੰਦੀ ਹੈ ਤਾਂ ਇਸਦੀ ਹੋਂਦ ਵਿਅਰਥ ਹੈ।

ਕਾਵਿ ਨਾਟਕ ਵਿਚ ਕਵਿਤਾ ਇਕ ਮਾਧਿਅਮ ਦੇ ਤੌਰ ਤੇ ਹੀ ਸਾਹਮਣੇ ਆਉਣੀ ਚਾਹੀਦੀ ਹੈ। ਨਾਟਕ ਦੇ ਸਾਰੇ ਤੱਤ ਕਾਵਿ ਨਾਟਕ ਵਿਚ ਸ਼ਾਮਲ ਹੋਣ ਤਾਂ ਨਾਟਕ ਆਪਣੇ ਮਿਆਰੀਕਰਨ ਨੂੰ ਪਹੁੰਚਦਾ ਹੈ। ਕਿਸੇ ਇਕ ਦੀ ਉਲਾਰਤਾ ਕਾਵਿ ਨਾਟਕ ਦੇ ਮਿਆਰੀਕਰਨ ਨੂੰ ਭੰਗ ਕਰ ਦਿੰਦੀ ਹੈ। ਸੋ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਕਾਵਿ ਨਾਟਕ ਦੀ ਸਿਰਜਣਾ ਲਈ ਇਕਹਿਰੀ ਜੁਗਤ ਵਾਲੇ ਨਹੀਂ ਸਗੋਂ ਵਡੇਰੀ ਜੁਗਤ ਵਾਲੇ ਲੇਖਕਾਂ ਦੀ ਹੀ ਜ਼ਰੂਰਤ ਹੁੰਦੀ ਹੈ।

ਡਾ. ਗੁਰੂਮੇਲ ਨੇ ਟੈਸਟ ਟਿਊਬ ਬੇਬੀ ਕਾਵਿ ਨਾਟ ਵਿਚ ਜਿਸ ਵਿਸ਼ੇ ਨੂੰ ਆਧਾਰ ਬਣਾਇਆ ਹੈ ਉਹ ਅਸਲੋਂ ਵਿਗਿਆਨਕ ਹੈ ਅਤੇ ਲਗਭਗ ਹਰ ਮਨੁੱਖ ਦੇ ਸਮਾਜਕ ਅਤੇ ਸਭਿਆਚਾਰਕ ਸੰਦਰਭਾਂ ਨੂੰ ਚੁਣੌਤੀ ਦੇਣ ਵਾਲਾ ਹੈ।

ਟੈਸਟ ਟਿਊਬ ਬੇਬੀ ਅਜਿਹੀ ਤਕਨੀਕ ਹੈ ਜਿਸ ਦੁਆਰਾ ਬਾਂਝਪਨ ਹੰਢਾ ਰਹੇ ਜੋੜਿਆਂ ਨੂੰ ਮੁਕਤੀ ਦਵਾ ਦਿੱਤੀ ਜਾਂਦੀ ਹੈ ਅਤੇ ਉਹਨਾਂ ਨੂੰ ਸੰਤਾਪਮਈ ਜੀਵਨ ਤੋਂ ਹੁਲਾਸ ਪ੍ਰਾਪਤ ਹੋ ਜਾਂਦਾ ਹੈ। ਬਾਂਝਪਣ ਦੀ ਸਮੱਸਿਆ ਉਹਨਾਂ ਵਿਆਹੁਤਾ ਜੋੜਿਆਂ ਨੂੰ ਹੁੰਦੀ ਹੈ ਜਿਹਨਾਂ ਵਿਚੋਂ ਕੋਈ ਇਕ ਬਾਂਝਪਣ ਜਾਂ ਨਿਪੁੰਸਕਤਾ ਦਾ ਸ਼ਿਕਾਰ ਹੁੰਦਾ ਹੈ। ਜਦੋਂ ਤੋਂ ਮਾਨਵ ਜਾਤੀ ਦੀ ਹੋਂਦ ਕਾਇਮ ਹੋਈ ਤਦੋਂ ਤੋਂ ਹੀ ਮਾਨਵ ਜਾਤੀ ਬਾਂਝਪਣ ਦੇ ਸੰਤਾਪ ਨੂੰ ਵਿਸ਼ਾਦ ਰੂਪ ਵਿਚ ਹੰਢਾਉਂਦੀ ਰਹੀ ਹੈ। ਇਸ ਸੰਕਟ ਤੋਂ ਮੁਕਤੀ ਵਿਸ਼ਵ ਪ੍ਰਸਿਧ ਵਿਗਿਆਨੀ ਡਾਕਟਰ ਰਾਬਰਟ ਜੀ. ਐਡਵਰਡ ਨੇ 21ਵੀ ਸਦੀ ਦੇ ਮੁਢਲੇ ਦਹਾਕਿਆਂ ਵਿਚ ਦਵਾਈ। ਇਸ ਕਾਰਜ ਲਈ ਉਸਨੂੰ ਸਾਲ 2010 ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਹੈ।੫ ਇਸ ਤਕਨੀਕ ਦੇ ਅੰਤਰਗਤ ਵਿਆਹੁਤਾ ਜੋੜਿਆਂ ਦੇ ਸੰਭੋਗ ਦੇ ਵਿਪਰੀਤ ਲੈਬਾਰਟਰੀ ਦੀ ਮਦਦ ਰਾਹੀਂ ਮਾਨਵੀ ਸਪਰਮਾਂ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ। ਮੁੱਢਲੀ ਪ੍ਰਜਨਣ ਪ੍ਰਕ੍ਰਿਆ ਲੈਬਾਰਟਰੀ ਵਿਚ ਰਸਾਇਣਿਕ ਰੂਪ ਵਿਚ ਚਲਦੀ ਹੈ ਅਤੇ ਫਿਰ ਅੰਡੇ ਤੋਂ ਭਰੂਣ ਬਣਨ ਉਪਰੰਤ ਉਸਨੂੰ ਔਰਤ ਦੀ ਬੱਚੇਦਾਨੀ ਵਿਚ ਸਰੁੱਖਿਅਤ ਕਰ ਦਿੱਤਾ ਜਾਂਦਾ ਹੈ। ਮਾਨਵ ਜਾਤੀ ਦੀ ਇਹ ਖੋਜ ਬਹੁਤ ਮਹੱਤਵਪੂਰਨ ਖੋਜ ਹੈ ਜਿਸ ਦੇ ਉਤਪੰਨ ਹੋਣ ਨਾਲ ਮਨੁੱਖ ਦੀ ਪਰੰਪਰਾਗਤ ਵਿਸ਼ਵਾਸਾਂ ਪ੍ਰਤਿ ਸੰਦੇਹਸ਼ੀਲਤਾ ਉਤਪੰਨ ਹੋਈ ਹੈ। ਪਰੰਪਰਾਗਤ ਵਿਹਾਰ ਵਿਚ ਬੱਚੇ ਨੂੰ ਰੱਬ ਦੀ ਦਾਤ ਜਾਂ ਰੱਬ ਦਾ ਭਾਣਾ ਹੀ ਮੰਨ ਲਿਆ ਜਾਂਦਾ ਸੀ ਅਤੇ ਜ਼ਿੰਦਗੀ ਭਰ ਮਨੁੱਖ ਇਸ ਸੰਤਾਪ ਨੂੰ ਹੰਢਾਉਂਦੇ ਹੋਏ ਆਪਣੀ ਉਮਰ ਤੋਂ ਪਹਿਲਾਂ ਹੀ ਆਪਣੀ ਅਉਧ ਨੂੰ ਵਿਹਾ ਜਾਂਦੇ ਸਨ। ਪਰ ਇਸ ਖੋਜ ਨੇ ਸਦੀਆਂ ਤੋ ਚਲੇ ਆ ਰਹੇ ਉਦਾਸ ਮਨੁੱਖ ਦੇ ਚਿਹਰੇ ਤੇ ਅਜਿਹਾ ਖੇੜਾ ਲੈ ਆਂਦਾ ਹੈ ਜੋ ਉਸਦੇ ਭਵਿੱਖ ਨੂੰ ਨਵੀਆਂ ਸੰਭਾਵਨਾਵਾਂ ਵਿਚ ਲੈ ਜਾਂਦਾ ਹੈ।

ਡਾ. ਗੁਰੂਮੇਲ ਨੇ ਬੱਚੇ ਦੇ ਪੈਦਾ ਹੋਣ ਦੀ ਵਿਗਿਆਨਕ ਪ੍ਰਕ੍ਰਿਆ ਨੂੰ ਵਾਸਤਵਿਕ ਰੂਪ ਵਿਚ ਸਮਝ ਕੇ ਦ੍ਰਿਸ਼ਟਾਂਤਕ ਰੂਪ ਵਿਚ ਪੇਸ਼ ਕੀਤਾ ਹੈ। ਇਸ ਦੀ ਪੇਸ਼ਕਾਰੀ ਲਈ ਉਸਨੇ ਚਾਰ ਪਾਤਰਾਂ ਦੀ ਸਿਰਜਣਾ ਕੀਤੀ ਹੈ। ਇਸ ਵਿਚ ਦੋ ਪਾਤਰ ਮਾਨਵੀ ਹੋਂਦ ਵਾਲੇ ਹਨ ਬਾਕੀ ਦੇ ਦੋ ਕਿਰਦਾਰਾਂ ਨੂੰ ਕਵੀ ਨੇ ਬੌਧਿਕ ਰੂਪ ਵਿਚ ਉਜਾਗਰ ਕੀਤਾ ਹੈ। ਕਾਵਿ ਨਾਟਕ ਵਿਚ ਪੇਸ਼ ਹੋਇਆ ਵਿਸ਼ਾ ਵਰਜਨਾ ਵਾਲਾ ਹੈ ਜਿਸਨੂੰ ਖੁਲ੍ਹੇ ਰੂਪ ਵਿਚ ਪੇਸ਼ ਕਰਨ ਨਾਲ ਇਹ ਅਸ਼ਲੀਲਤਾ ਦਾ ਰੂਪ ਅਖ਼ਤਿਆਰ ਕਰ ਸਕਦਾ ਹੈ। ਇਸ ਲਈ ਉਸਨੇ ਇਸਨੂੰ ਸਦਾਚਾਰਕ ਤੇ ਸੰਜਮੀ ਅਤੇ ਨੈਤਿਕਤਾ ਦੇ ਵਿਧੀ ਵਿਧਾਨ ਅਨੁਸਾਰ ਨਾਟਕ ਵਿਚ ਮਿਆਰੀਕਰਨ ਦਾ ਰੂਪ ਪ੍ਰਦਾਨ ਕੀਤਾ ਹੈ। ਉਦਾਹਰਣ ਦੇ ਤੌਰ ਤੇ ਹੇਠ ਲਿਖੀਆਂ ਸਤਰਾਂ ਵਿਚ ਲੇਖਕ ਦੀ ਸਦਾਚਾਰਕ ਯੋਗਤਾ ਨੂੰ ਵੇਖਿਆ ਜਾ ਸਕਦਾ ਹੈ :

ਸਪ੍ਰਮ: ਮੈਂ ਪਿੱਤਰਾਂ ਦੀ
ਨਰ ਵਿਚ ਸਾਂਭੀ
ਅਰਧ ਵਸੀਹਤ।
ਗਰਭ ਬੀਜ: ਮੈਂ ਪਿਤਰਾਂ ਦੀ
ਮਾਂ ਵਿਚ ਦੱਬੀ
ਅਰਧ ਵਸੀਅਤ।
ਸਪ੍ਰਮ ਤੇ ਗਰਭ ਬੀਜ: ਸਾਡੇ ਬਿਣਸ ਜਾਣ ਤੋਂ ਪਹਿਲਾਂ:
ਸਾਡਾ ਮੇਲ ਕਰਾਓ...
ਜੇ ਹੋਵੇ ਪਿਓ ਦੀ ਮਜਬੂਰੀ
ਤਾਂ ਕੋਈ ਸੁੱਤਾ ਕਾਮ ਜਗਾਓ
ਕਿਧਰੇ ਔਂਤਰਿਆਂ ਮਰ ਜਾਈਏ
ਸਾਡਾ ਅੰਕੁਰ ਬੂਟ ਬਣਾਓ।

ਡਾ. ਗੁਰੂਮੇਲ ਦੀ ਸਾਰੀ ਵਿਦਿਆ ਜੀਵ ਵਿਗਿਆਨ ਨਾਲ ਸੰਬੰਧਿਤ ਹੈ। ਉਹ ਖ਼ੁਦ ਇਸ ਵਿਸ਼ੇ ਨਾਲ ਵਿਸ਼ੇਸ਼ਕ ਦੇ ਤੌਰ ਤੇ ਪਿਛਲੇ ਕਈ ਵਰ੍ਹਿਆਂ ਤੋਂ ਜੁੜਿਆ ਹੋਇਆ ਹੈ। ਇਸ ਕਰਕੇ ਜਦੋਂ ਹੀ ਇਸ ਖੇਤਰ ਵਿਚ ਮਹੱਤਵਪੂਰਨ ਖੋਜ ਸਾਹਮਣੇ ਆਈ ਤਾਂ ਉਸਨੇ ਇਸ ਵਿਸ਼ੇ ਨੂੰ ਕਾਵਿਕ ਰੂਪ ਵਿਚ ਢਾਲਣ ਦਾ ਸੁਯਤਨ ਕੀਤਾ ਹੈ। ਇਹ ਜਾਗਰੂਕਤਾ ਡਾ. ਗੁਰੂਮੇਲ ਦੇ ਚਿੰਤਨ ਦਾ ਸਹਿਜ ਅੰਗ ਹੈ। ਕਾਵਿ ਨਾਟਕ ਦੇ ਅਗਲੇ ਹਿੱਸੇ ਵਿਚ ਮਾਂ ਅਤੇ ਬਾਪ ਪਾਤਰਾਂ ਦੇ ਆਪਸੀ ਸੰਵਾਦ ਰਾਹੀ ਮਨੁੱਖੀ ਅਵਚੇਤਨ ਵਿਚ ਸਮਾਈਆਂ ਹੋਈਆਂ ਰੀਝਾਂ, ਸੱਧਰਾਂ ਤੇ ਇੱਛਾਵਾਂ ਆਦਿ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਉਸਦੇ ਦੋਹਰੇ ਰੂਪ ਸਾਹਮਣੇ ਆਉਂਦੇ ਹਨ। ਇਕ ਪਾਸੇ ਬੱਚੇ ਦੀ ਅਣਹੋਂਦ ਨਾਲ ਮਾਨਵੀ ਜੀਵਨ ਦਾ ਅਧੂਰਾਪਨ ਉਜਾਗਰ ਹੁੰਦਾ ਹੈ ਅਤੇ ਦੂਸਰੇ ਪਾਸੇ 'ਹਰਿਆ ਨੀ ਮਾਏ ਹਰਿਆ ਨੀ ਭੈਣੇ, ਹਰਿਆ ਤਾਂ ਭਾਗੀ ਭਰਿਆ' ਦੀ ਆਮਦ ਨਾਲ ਮਨੁੱਖੀ ਜੀਵਨ ਵਿਚ ਸੋਕੇ ਦੀ ਜਗ੍ਹਾ ਹਰਿਆਵਲ ਅਤੇ ਰਮਣੀਕਤਾ ਵਾਲਾ ਮਾਹੌਲ ਸਾਕਾਰ ਹੁੰਦਾ ਹੈ। ਦੁਨੀਆ ਦਾ ਕੋਈ ਵੀ ਮਨੁੱਖ ਆਪਣੇ ਅਧੂਰੇ ਸੁਪਨਿਆਂ ਨੂੰ ਲੈ ਕੇ ਜੀਵਨ ਤੋਂ ਵਿਦਾ ਨਹੀਂ ਹੋਣਾ ਚਾਹੁੰਦਾ। ਹਰ ਹਾਲਤ ਵਿਚ ਮਨੁੱਖ ਆਪਣੇ ਸੁਪਨਿਆਂ ਨੂੰ ਪੂਰੇ ਹੁੰਦਿਆਂ ਵੇਖਣਾ ਚਾਹੁੰਦਾ ਹੈ। ਜਦੋਂ ਤੱਕ ਮਨੁੱਖ ਨੂੰ ਜੀਵਨ ਵਿਚ ਇਸ ਕਾਢ ਦੀ ਲੱਭਤ ਨਹੀਂ ਸੀ ਹੋਈ ਉਹ ਆਪਣੇ ਸੁਪਨਿਆਂ ਨੂੰ ਪੂਰਿਆਂ ਕਰਨ ਲਈ ਵਿਸ਼ਵਾਸ ਦੀਆਂ ਸਾਰੀਆਂ ਸੰਭਾਵਨਾਵਾਂ ਵਿਚ ਵਿਚਰਦਾ ਰਹਿੰਦਾ ਸੀ। ਪੰਜਾਬੀ ਫੋਕਲੋਰ ਵਿਚੋਂ ਇਸਦੇ ਅਨੇਕਾਂ ਹਵਾਲੇ ਪੇਸ਼ ਕੀਤੇ ਜਾ ਸਕਦੇ ਹਨ।

ਇਸ ਕਰਕੇ ਮਨੁੱਖ ਸਦੀਆਂ ਤੋਂ ਧਾਰਮਿਕਤਾ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਰਿਹਾ ਹੈ ੧ ਜਦੋਂ ਹੀ ਮਨੁੱਖ ਨੂੰ ਵਿਗਿਆਂਨਕ ਲੱਭਤ ਹਾਸਲ ਹੁੰਦੀ ਹੈ ਤਾਂ ਉਹ ਧਾਰਮਿਕਤਾ ਦੇ ਖੇਤਰ ਤੋਂ ਨਿਕਲ ਕੇ ਤਰਕ ਅਤੇ ਆਧੁਨਿਕਤਾ ਦੇ ਖੇਤਰ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਵਿਸ਼ਵ ਦੇ ਲਗਭਗ ਹਰ ਖੇਤਰ ਵਿਚ ਘਰ, ਪਰਿਵਾਰ, ਸਮਾਜ ਅਤੇ ਸਭਿਆਚਾਰ ਵਿਚ ਔਰਤ ਦਾ ਮਾਣ-ਸਤਿਕਾਰ ਤਾਂ ਹੀ ਬਣਦਾ ਹੈ ਜੇ ਉਹ ਆਪਣੀ ਵਿਆਹੁਤਾ ਜ਼ਿੰਦਗੀ ਵਿਚ ਸੰਤਾਨ ਪੈਦਾ ਕਰਨ ਦੇ ਯੋਗ ਹੋ ਜਾਂਦੀ ਹੈ। ਜੇਕਰ ਉਹ ਸੰਤਾਨ ਪੈਦਾ ਕਰਨ ਦੇ ਯੋਗ ਨਹੀਂ ਹੁੰਦੀ ਤਾਂ ਉਸਦਾ ਸਮਾਜ ਅਤੇ ਸਭਿਆਚਾਰ ਵਿਚ ਨਿਰਾਦਰ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਆਲੇ-ਦੁਆਲੇ ਵਿਚ ਉਸ ਔਰਤ ਨੂੰ ਅਸਵੀਕਾਰ ਕਰ ਦਿੱਤਾ ਜਾਂਦਾ ਹੈ । ਅਜਿਹੀ ਸਥਿਤੀ ਵਿਚ ਘਿਰੀ ਹੋਈ ਔਰਤ ਧਾਰਮਿਕ ਵਿਸ਼ਵਾਸਾਂ ਅਤੇ ਸਮਾਜਿਕ ਸਭਿਆਚਾਰ ਵਿਚ ਚਲ ਰਹੀਆਂ ਬੱਚਾ ਪ੍ਰਾਪਤ ਕਰਨ ਦੀਆਂ ਰਿਵਾਇਤਾਂ, ਸੁਵਿਧਾਵਾਂ ਨੂੰ ਹਾਸਲ ਕਰਨ ਦਾ ਹਰ ਹੀਲਾ ਵਸੀਲਾ ਕਰਦੀ ਹੈ। ਪਰ ਇਹ ਸਾਰੇ ਹੀਲੇ ਵਸੀਲੇ ਅਜਿਹੇ ਹਨ ਜਿਹਨਾਂ ਨਾਲ ਔਰਤ ਨੂੰ ਸੰਦੇਹਸ਼ੀਲ ਬਿਰਤੀ ਨਾਲ ਦੇਖਿਆ ਜਾਂਦਾ ਹੈ। ਇਸ ਕਰਕੇ ਹਰ ਸੰਤਾਨਹੀਨ ਜੋੜਾ ਪ੍ਰੰਪਰਾਗਤ ਤੌਰ ਤੇ ਸੰਤਾਨ ਪ੍ਰਾਪਤ ਕਰਨ ਦੀਆਂ ਯੋਜਨਾਵਾਂ ਨੂੰ ਅਪਣਾਉਂਦਾ ਹੈ ਤਾਂ ਉਸਦੇ ਨਾਲ ਉਸਦੇ ਨਕਾਰਾਤਮਕ ਪਹਿਲੂ ਸਹਿਜੇ ਹੀ ਸ਼ਾਮਲ ਹੋ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਬਾਹਰੋਂ ਪ੍ਰਾਪਤ ਕੀਤੀ ਹੋਈ ਸੰਤਾਨ ਪਤੀ ਪਤਨੀ ਦੀ ਵਿਆਹੁਤਾ ਜ਼ਿੰਦਗੀ ਦੀ

**ਬਾਕੀ ਸਫ਼ਾ** 33 'ਤੇ

## Classified

### GIRL WANTED

Jat Sikh Virk Boy 34 Years 6', 10+2 passed, Green Card holder, working as truck driver living in Los Angeles wants girl permanently settled or of temprary status. Contact: 909-730-0628

### ਲੜਕੀ ਦੀ ਲੋੜ

ਲਾਸ ਏਂਜਲਸ ਵਿਚ ਰਹਿ ਰਹੇ ਗਰੀਨ ਕਾਰਡ ਹੋਲਡਰ 6 ਫੁੱਟ ਦੇ 34 ਸਾਲਾ ਜੱਟ ਸਿੱਖ ਲੜਕੇ ਗੋਤ ਵਿਰਕ, 10+2 ਪਾਸ, ਟਰੱਕ ਡਰਾਇਵਰ ਲਈ ਕੱਚੀ ਜਾਂ ਪੱਕੀ ਲੜਕੀ ਦੀ ਲੋੜ ਹੈ।
ਸੰਪਰਕ ਕਰੋ : 909-730-0628

### Bride WANTED

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA.
Email - navneetbhandal@gmail.com
Phone - 916-992-4538

**Office for Lease in Union City, CA**



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

**For Classified Contact**
**510.240.5949**

## ਕੰਨ੍ਹੇੜੀ ਚੜ੍ਹੇ ਵਰ੍ਹੇ

ਕਲਕਾਰੀਆਂ ਮਾਰਦੇ, ਨੱਠਦੇ ਟੱਪਦੇ, ਖੜਦੁੰਮ ਮਚਾਉਂਦੇ – ਜੰਗਲਿਆਂ 'ਤੇ ਖੰਭਿਆਂ 'ਤੇ ਰੁੱਖਾਂ 'ਤੇ ਤਾਰਾਂ 'ਤੇ ਚੜ੍ਹਦੇ ਉਤਰਦੇ – ਘੁਰ-ਘੁਰ ਕਰਦੇ, ਘੂਰਦੇ – ਖਊਂ ਖਊਂ ਡਰਾਉਂਦੇ ਡਰਦੇ, ਖੋਂਹਦੇ, ਖਿੱਚਦੇ ਖਾਂਦੇ – ਕਚੀਚੀਆਂ ਵੱਟਦੇ – ਖੌਰੂ ਪਾਉਂਦੇ ਮਿਲ ਜਾਣਗੇ ਤੁਹਾਨੂੰ – ਥਾਂ ਥਾਂ 'ਤੇ, ਜਦ ਵੀ, ਜਿੱਥੇ ਵੀ, ਚਾਹੋਗੇ ਤੁਸੀਂ।

ਖਿੜੀਆਂ ਧੁੱਪਾਂ ਵਿਚ –

ਘਰਾਂ ਬਜ਼ਾਰਾਂ ਦੀਆਂ ਛੱਤਾਂ 'ਤੇ ਇਨ੍ਹਾਂ ਦੀ ਕਹਾਣੀ ਹੀ ਹੋਰ ਹੁੰਦੀ ਹੈ। ਜਿੱਥੇ ਧੁੱਪ ਦਾ ਨਿੱਘ ਮਾਣਦੇ ਹਨ ਇਹ – ਮਜਲਿਸਾਂ ਲਾ ਲਾ – ਕੋਈ ਬੈਠਾ ਹੈ – ਕੋਈ ਲੱਤਾਂ ਬਾਹਾਂ ਵਿਛਾਈ ਲੰਮਾ ਪਿਆ ਹੈ – ਕੋਈ ਕਿਸੀ ਨੂੰ ਮੂਹਰੇ ਬਿਠਾ, ਜੂਆਂ ਹੀ ਕੱਢ ਕੱਢ ਖਾਈ ਜਾ ਰਿਹਾ ਹੈ ਤੇ ਮੂਹਰੇ ਬੈਠਾ ਤਾਂ ਇੰਜ ਲਗਦਾ ਹੈ ਜਿਵੇਂ ਸਵਰਗ ਦੇ ਝੂਟੇ ਲੈ ਰਿਹਾ ਹੋਵੇ। ਕੋਈ ਗਰਦਨ ਘੁਮਾਈ, ਨਿੱਕੀਆਂ ਨਿੱਕੀਆਂ, ਜਾਗਦੀਆਂ ਜਾਗਦੀਆਂ ਅੱਖਾਂ ਨਾਲ ਐਧਰ ਉਧਰ ਬਿਟਰ-ਬਿਟਰ ਝਾਕ ਰਿਹਾ ਹੁੰਦਾ ਹੈ – ਹੁਣ ਜਿਵੇਂ ਇਸੇ ਨੇ ਹੀ ਲਿਖਣਾ ਹੋਵੇ ਹਰ ਆਉਣ ਜਾਣ ਵਾਲੇ ਦਾ 'ਟਿੱਪੜਾ' –

ਐਧਰ ਸਾਡੇ ਵਰਗੇ ਵਿਹਲੜਾਂ ਲਈ ਤਾਂ ਇਹ ਨਜ਼ਾਰਾ ਮਹਿਜ਼ ਇਕ ਖੇਡ ਬਣ ਜਾਂਦੀ ਫੇਰ – ਨਿਰਾ ਮਨੋਰੰਜਨ ਦਾ ਸਾਧਨ – ਮੁਫ਼ਤੋ ਮੁਫ਼ਤੀ – ਫੇਰ ਤਾਂ ਚੰਗੇ ਭਲੇ ਕੰਮ ਕਰਦਿਆਂ ਦੀ ਬਿਰਤੀ ਉੱਖੜ ਜਾਂਦੀ ਹੈ – ਖ਼ਾਮਖ਼ਾਹ, ਖਾਸ ਕਰ ਉਨ੍ਹਾਂ ਬਾਂਦਰੀਆਂ ਨੂੰ ਦੇਖ –

ਜੋ ਆਪਣੇ ਆਪਣੇ ਬੱਚਿਆਂ ਨੂੰ ਛਾਤੀ ਨਾਲ ਲਾਈ, ਧੂ-ਘੜੀਸ ਕਰਦੀਆਂ, ਨੱਠਦੀਆਂ ਭੱਜਦੀਆਂ ਫਿਰਦੀਆਂ ਹਨ – ਖ਼ਬਰਨੀ ਕਿੱਧਰੋਂ ਆ ਰਹੀਆਂ ਹਨ, ਕਿੱਧਰ ਨੂੰ ਜਾ ਰਹੀਆਂ ਹਨ – ਇਹ 'ਰਕਾਨਾਂ'। ਇੰਜ ਲਗਦਾ ਹੈ ਜਿਵੇਂ ਕੁਲ ਜਹਾਨ ਦਾ ਕੰਮ ਹੁਣ ਇਨ੍ਹਾਂ ਦੇ ਹੀ ਸਿਰ ਆ ਪਿਆ ਹੋਵੇ – ਨਿਰੀਆਂ ਬੇਚੈਨ – ਖ਼ਬਰੇ ਇਨ੍ਹਾਂ ਲਈ ਤਾਂ ਜਿਵੇਂ ਕੋਈ ਭੌਜਲ ਮੱਚਿਆ ਪਿਆ ਹੋਵੇ ਕਿਤੇ – ਤੇ ਛਾਤੀਆਂ ਨਾਲ ਚਿੰਬੜੇ ਇਨ੍ਹਾਂ ਦੇ ਨਿਆਣੇ–

ਨਿਆਣੇ ਨਾ ਹੋਣ ਜਿਵੇਂ ਕਿਤੇ ਨਿਰੇ 'ਮਮਤਾ ਦੇ ਡੋਨੇ' ਹੋਣ – ਮੱਖਣਾਂ ਦੇ ਪਾਲੇ – ਉਧਰ ਮਾੜੀ ਜੀ ਕੋਈ ਅੱਗੇ ਪਿੱਛੇ ਹੋਈ ਨੀ – ਫੇਰ ਕੀ – ਫੇਰ ਤਾਂ ਇਹ ਪੂਰੀ ਅਕਲ, ਪੂਰਾ ਤਾਣ, ਪੂਰੀ ਵਾਹ ਨਾਲ, ਨੱਠ ਕੇ, ਜਾਂ ਚਿੰਬੜਦੇ ਹਨ – ਆਪਣੀਆਂ ਆਪਣੀਆਂ ਮਾਵਾਂ ਨੂੰ – ਸੁੰਘੜੇ ਪਛਾਣਗੇ – ਪਲ ਵਿਚ ਹੀ – ਅੱਖ ਝਪਕਣ ਵਾਂਗ – ਚੁੰਬਕ ਸ਼ਕਤੀ ਤੋਂ ਵੀ ਵੱਧ ਖਿੱਚ ਨਾਲ –

ਮੇਰਾ ਨੀ ਖਿਆਲ ਕਦੀ ਕਿਸੀ ਮੇਲੇ (ਕੁੰਭ ਦੇ) ਵਿਚ – ਭੀੜ ਵਿਚ – ਇਨ੍ਹਾਂ ਵਿਚੋਂ ਕਦੀ ਕਿਸੀ ਦਾ ਨਿਆਣਾ ਖੋਇਆ ਹੋਵੇਗਾ ਕਦੇ।

ਇਕ ਦਿਨ ਇਵੇਂ ਹੀ ਬਾਹਰ ਧੁੱਪ ਵਿਚ ਮੰਜੀ ਤੇ ਬੈਠ ਅਸੀਂ ਰੋਟੀ ਖਾ ਰਹੇ ਹਾਂ – ਕਿ ਐਨ ਸਾਡੇ ਸਾਹਮਣੇ ਉਪਰੋਂ, ਦੂਸਰੀ ਮੰਜ਼ਲ ਦੀ ਛੱਤ 'ਤੋਂ, 'ਠੱਪ' ਕਰਕੇ ਹੇਠਾਂ ਇਕ ਬੱਚਾ ਆ ਡਿੱਗਦਾ ਹੈ – ਜੋ ਡਿੱਗਦੇ ਸਾਰ ਹੀ ਨੱਠ ਜਾਂਦਾ ਹੈ ਪਰ੍ਹਾਂ ਨੂੰ – ਮੈਂ ਝੱਟ ਉਪਰ ਦੇਖਦੀ ਹਾਂ ਛੱਤ ਵੱਲ – ਜਿੱਥੇ ਉਪਰੋਂ ਹੁਣ, ਉਹਦੀ ਮਾਂ, ਮੈਨੂੰ ਦੰਦੀਆਂ ਕੱਢ ਕੱਢ, ਕਚੀਚੀਆਂ ਵੱਟ ਰਹੀ ਹੈ– ਜਿਵੇਂ ਇਹ ਕਸੂਰ ਉਸ ਨੇ ਨਹੀਂ ਮੈਂ ਕੀਤਾ ਹੋਵੇ। ਸਾਡਾ ਸਾਰਿਆਂ ਦਾ ਹਾਸਾ ਨਿਕਲ ਜਾਂਦਾ ਹੈ – ਖ਼ਬਰੇ ਉਹ ਤਾਂ ਹੁਣ ਸਾਨੂੰ ਸਾਰਿਆਂ ਨੂੰ ਸਾਵਧਾਨ ਕਰਨਾ ਚਾਹੁੰਦੀ ਹੋਵੇ – ਕਿ ਕਿਸੀ ਦੀ ਕੀ ਮਜ਼ਾਲ ਜੇ ਕੋਈ ਉਹਦੇ ਬੱਚੇ ਦੀ ਹਵਾ ਵੱਲ ਵੀ ਦੇਖ ਜਾਏ – ਤੇ ਅਸੀਂ ਸਾਰੇ ਜਾਣੇ ਅਣਜਾਣੇ ਵਿਚ ਉਹਦੀ ਗੱਲ ਦਾ ਪਾਸ ਰੱਖ ਲੈਂਦੇ ਹਾਂ।

ਉਂਜ ਜਦ ਵੀ ਕਦੀ ਅਸੀਂ ਬਜ਼ਾਰ ਤੋਂ ਕੋਈ ਖਾਣ ਪੀਣ ਦਾ ਸਮਾਨ ਲੈ ਕੇ ਆਉਂਦੇ – ਖਾਸ ਕਰ ਹਲਵਾਈ ਕੋਲੋਂ ਤਾਂ ਰਾਹ ਵਿਚ ਇਨ੍ਹਾਂ ਕੋਲੋਂ ਬਚ ਬਚ ਕੇ ਆਉਣਾ ਹੁੰਦਾ ਸਾਨੂੰ – ਉਦੋਂ ਵੀ ਜਦੋਂ ਕੋਈ ਨਾ ਕੋਈ ਮੋਟਾ ਤਾਜ਼ਾ ਬਾਂਦਰ ਸੱਜੇ ਖੱਬੇ ਜਾਂ ਰਾਹ ਵਿਚ ਬੈਠਾ ਮਿਲ ਜਾਂਦਾ – ਫੇਰ ਅਸੀਂ ਦੂਰ ਖੜ ਕਿੰਨੀ ਕਿੰਨੀ ਦੇਰ ਕਿਸੀ ਆਉਣ ਜਾਣ ਵਾਲੇ ਨੂੰ ਉਡੀਕਣ ਲੱਗ ਜਾਂਦੇ – ਕਿੰਨਾ ਕਿੰਨਾ ਚਿਰ – ਤੇ ਜਦੋਂ ਕੋਈ ਗੱਲ ਬਣਦੀ ਨਾ ਦਿੱਸਦੀ ਸਾਨੂੰ – ਫੇਰ ਅਸੀਂ ਦੂਜੇ ਰਸਤਿਓਂ ਜੋ ਹੇਠਾਂ ਤੋਂ ਘੁੰਮ ਕੇ ਪੌੜੀਆਂ ਚੜ੍ਹ ਸਾਡੇ ਘਰ ਨੂੰ ਆਉਂਦਾ – ਉੱਧਰ ਚਲੇ ਜਾਂਦੇ – ਤੇ ਜਦ ਕਦੀ ਕੋਈ ਉੱਧਰ ਵੀ ਭੁੱਲ ਭਲੇਖੇ ਟੱਕਰ ਜਾਂਦਾ ਸਾਨੂੰ – ਫੇਰ ਕੀ – ਫੇਰ ਤਾਂ ਰੱਬ ਹੀ ਰਾਖਾ ਹੁੰਦਾ – ਐਧਰ ਬਾਂਦਰਾਂ ਦਾ ਡਰ, ਉੱਧਰ ਘਰਦਿਆਂ ਦਾ – ਖ਼ਾਸ ਕਰ ਉਦੋਂ, ਜਦੋਂ ਘਰ ਕੋਈ ਪਰਾਹੁਣਾ ਆਇਆ ਬੈਠਿਆ ਹੁੰਦਾ ਤੇ ਘਰ ਦੇ ਸਾਡੀ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਹੁੰਦੇ।

ਇਕ ਵਾਰ ਇਨ੍ਹਾਂ ਵਿਚੋਂ ਹੀ ਕੋਈ ਮਿਹਰਬਾਨ ਪਤਾ ਨਹੀਂ ਕਿੱਥੋਂ ਲਿਆ ਸਾਡੇ ਘਰ 'ਚੈੱਸ ਦੀਆਂ ਗੋਟੀਆਂ' ਸੁੱਟ ਗਿਆ – ਭਰੀ ਭਰਾਈ ਥੈਲੀ – ਲੱਕੜੀ ਦੀਆਂ ਬਣੀਆਂ, ਕਾਲੀਆਂ ਸਫੇਦ ਗੋਟੀਆਂ – ਉਦੋਂ ਤਾਂ ਸਾਨੂੰ ਇਸ ਖੇਡ ਬਾਰੇ ਵੀ ਕੁਝ ਪਤਾ ਨਹੀਂ ਸੀ। ਨਾਉਂ ਹੀ ਨਹੀਂ ਜਾਣਦੇ ਸਾਂ ਅਸੀਂ ਪਰ ਭਾਪਾ ਜੀ ਦੀ ਸੁਣਾਈ ਉਸ 'ਰਾਜਕੁਮਾਰੀ' ਦੀ ਕਹਾਣੀ ਮੈਨੂੰ ਖੂਬ ਯਾਦ ਆ ਜਾਂਦੀ ਹੈ ਜੋ ਰੋਜ਼ ਉਸ ਬਾਗ ਵਿਚ ਬੈਠ ਕੇ ਪਰੀਆਂ ਨਾਲ 'ਚੌਪਟ' ਖੇਡਦੀ ਹੁੰਦੀ ਸੀ – ਜਿਸ ਦਾ ਰਾਹ ਖੂਹ ਦੀਆਂ ਪੌੜੀਆਂ ਉਤਰ ਕੇ ਜਾਂਦਾ – ਜਿੱਥੇ ਉਸ ਨੂੰ ਕਿਸੇ ਦਿਓ ਨੇ ਕੈਦ ਕਰ ਰਖਿਆ ਹੁੰਦਾ ਹੈ –

– ਤੇ ਇਕ ਦਿਨ ਇਸੇ ਤਰ੍ਹਾਂ ਰੋਟੀ ਟੁੱਕ ਤੋਂ ਵਿਹਲੇ ਹੋ ਬੀਜੀ ਖੁਰੇ ਵਿਚ ਕਪੜੇ ਧੋ ਰਹੇ ਹਨ – ਪਿੱਛੇ ਵਰਾਂਡੇ ਚਿ ਹੀ ਪਿਆ ਹੈ ਸਭ ਕੁਝ – ਬੂਹਾ ਖੁਲ੍ਹਾ ਰਹਿ ਗਿਆ ਹੈ ਕਿਸੇ ਤਰ੍ਹਾਂ – ਪਿੱਛੇ ਖੜਕਾ ਹੁੰਦਾ ਹੈ – ਬੀਜੀ ਦੇਖਦੇ ਹਨ – ਇਕ ਮੋਟਾ ਤਾਜ਼ਾ ਬਾਂਦਰ, ਸਾਰੀਆਂ ਰੋਟੀਆਂ (ਜੋ ਪੌਣੇ ਵਿਚ ਪਈਆਂ ਹਨ) ਛਾਤੀ ਨਾਲ ਲਾਈ ਬੈਠਾ ਹੈ – ਬੀਜੀ ਡਰ ਕੇ ਅੰਦਰ ਚਲੇ ਜਾਂਦੇ ਹਨ ਕਮਰੇ ਵਿਚ – ਤੇ ਗ਼ਲਤੀ ਨਾਲ ਬਾਹਰ ਦਾ ਬੂਹਾ ਵੀ ਬੰਦ ਹੋ ਜਾਂਦਾ ਹੈ, ਉਨ੍ਹਾਂ ਕੋਲੋਂ, ਜੋ ਅੰਦਰ ਵੱਲ ਖੁਲ੍ਹਦਾ ਹੈ – ਹੁਣ ਕੀ ਕਰਨ ਬੀਜੀ – ਅੰਦਰ ਤਾਂ ਦੋਹੇ ਬੰਦ ਹਨ – ਬੀਜੀ ਤੇ ਬਾਂਦਰ।

ਬੀਜੀ ਅੰਦਰੋਂ ਅਵਾਜ਼ਾਂ ਮਾਰ ਰਹੇ ਹਨ ਸ਼ਾਇਦ ਕੋਈ ਬਾਹਰੋਂ ਬੂਹੇ ਨੂੰ ਧੱਕਾ ਮਾਰ ਦਏ – ਪਰ ਧੱਕਾ ਤੇ, ਤਾਂ ਮਾਰੇ ਕੋਈ, ਜੇ ਕੋਈ ਉੱਥੇ ਹੋਵੇ – ਆਖ਼ਿਰ ਕੰਬਲ ਲਪੇਟ ਹੱਥ ਵਿਚ ਡੰਡਾ ਫੜ ਬੀਜੀ ਹੌਸਲਾ ਕਰ ਬਾਹਰ ਆ ਬੂਹਾ ਖੋਹਲਦੇ ਹਨ ਤੇ ਬਾਹਰ ਨਿਕਲ ਜਾਂਦੇ ਹਨ – ਤੇ ਮਗਰੇ ਰੋਟੀਆਂ ਲਈ ਇਹ 'ਚੌਧਰੀ' ਵੀ।

ਇਸ ਤਰ੍ਹਾਂ ਇੱਥੇ ਰੋਜ਼, ਨਿਤ ਨਵੀਂ, ਘਟਨਾ, ਕਹਾਣੀ, ਸੁਨਣ ਵਿਚ ਆ ਜਾਂਦੀ ਸਾਨੂੰ – ਕਦ ਕੀਹਦੇ ਨਾਲ ਕੀ ਵਾਪਰ ਜਾਣਾ ਹੁੰਦਾ, ਕੋਈ ਨਾ ਜਾਣਦਾ – ਤੇ ਇਹ ਆਪ ਵੀ ਨਾ ਸ਼ਾਇਦ –

ਇਕ ਵਾਰ ਪਤਾ ਨਹੀਂ ਕੀ ਹੁੰਦਾ ਹੈ ਤੇ ਕਿਉਂ ਹੁੰਦਾ ਹੈ – ਧੜਾ ਧੜ ਬਾਂਦਰ ਫੜੇ ਜਾ ਰਹੇ ਹਨ – ਜੀਉਂਦੇ, ਮੁਰਦਾ – ਬਹੁਤ ਵੱਡੀ ਤਦਾਦ ਵਿਚ – ਮਾਨੋ ਹੁਣ ਇਨ੍ਹਾਂ ਤੇ ਤਾਂ ਕਹਿਣ ਟੁੱਪ ਪੈਂਦਾ ਹੈ – ਭਗਦੜ ਮੱਚ ਜਾਂਦੀ ਹੈ – ਹੁਣ ਇਹ ਡਰੇ ਡਰੇ ਸਹਿਮੇ ਸਹਿਮੇ, ਪੂਛਾਂ ਤੜਾਉਂਦੇ, ਨੱਠੇ ਭੱਜੇ, ਫਿਰਦੇ, ਨਜ਼ਰੀਂ ਆਉਂਦੇ ਹਨ – ਜਿਹਾ ਸੁਨਣ ਵਿਚ ਆਉਂਦਾ ਹੈ ਇਨ੍ਹਾਂ ਤੋਂ ਹੁਣ ਕੋਈ ਦਵਾਈ ਤਿਆਰ ਕੀਤੀ ਜਾਣੀ ਹੈ, ਖ਼ਬਰੇ ਕਾਹਦੇ ਲਈ – ਸਾਨੂੰ ਨਿਆਣਿਆਂ ਨੂੰ ਤਾਂ ਪਤਾ ਵੀ ਨਹੀਂ ਲੱਗ ਰਿਹਾ – ਪਰ ਕਿੰਨੇ ਹੀ ਦਿਨ ਇਹ ਸਿਲਸਿਲਾ ਚਲਦਾ ਰਹਿੰਦਾ ਹੈ – ਵੱਡੇ ਦੈਂਤ ਦਾ ਰੂਪ ਧਾਰ ਕੇ।

ਤੇ ਫੇਰ ਇਕ ਦਿਨ ਰੱਜ ਪੁੱਜ ਕੇ ਦੈਂਤ ਵੀ ਮੁੜ ਗਿਆ ਜਿੱਧਰੋਂ ਆਇਆ – ਤੇ ਨਾਲ ਹੀ ਉਸਦੇ ਇਹ, ਫੜੋ-ਫੜੀ ਦੀ ਕਹਾਣੀ ਵੀ ਮੁੱਕ ਗਈ।

ਪਰ ਜੋ ਇਥੇ ਨਹੀਂ ਮੁੱਕੀ, ਉਹ ਗਾਥਾ ਹੈ – ਇਹ ਬਾਨਰ ਸੈਨਾਂ ਦੀ – ਜੋ ਅੱਜ ਵੀ ਜਾਰੀ ਹੈ ਤੇ ਸਦਾ ਹੀ ਜਾਰੀ ਰਹੇਗੀ। ਸ਼ਾਇਦ ਜਦ ਤੱਕ ਇਹ ਹਨ – ਸ਼ਿਮਲਾ ਹੈ – ਤੇ ਕਿਤੇ ਅਸੀਂ ਵੀ ਹਾਂ – ਤੇ ਸ਼ਾਇਦ ਰਹਿੰਦੀ ਦੁਨੀਆਂ ਤੱਕ –

***(ਬਾਕੀ ਅਗਲੇ ਹਫ਼ਤੇ)***

## ਰਾਸ਼ਟਰਵਾਦ ਦੇ ਉਭਾਰ ਨੇ ਪੰਜਾਬੀ ਭਾਸ਼ਾ ਲਈ ਖੜ੍ਹੇ ਕੀਤੇ ਨਵੇਂ ਖ਼ਤਰੇ

ਅੰਗਰੇਜਾਂ ਨੇ ਕਾਂਗਰਸ ਤੇ ਮੁਸਲਿਮ ਲੀਗ ਨੂੰ ਰਾਜ ਸੱਤਾ ਸੌਂਪੀ ਤਾਂ ਦੋਨਾਂ ਨੇ ਇਕੋ ਹੀ ਤਰਜ਼ ਤੇ ਅਪਣੇ ਅਪਣੇ "ਰਾਸ਼ਟਰੀ ਨਿਜ਼ਾਮ" ਸਥਾਪਤ ਕਰਨੇ ਸ਼ੁਰੂ ਕਰ ਦਿੱਤੇ।

ਯੋਰਪੀਅਨ ਰਾਜਨੀਤਿਕ ਸਮਝ ਇਹ ਹੈ ਕਿ 'ਮਜ਼ਬੂਤ ਰਾਸ਼ਟਰ' (ਨੇਸ਼ਨ) ਬਣਾਉਣ ਲਈ ਦੇਸ਼ ਵਿੱਚ "ਇੱਕ ਬੋਲੀ-ਭਾਸ਼ਾ ਤੇ ਉਸਤੇ ਆਧਾਰਿਤ ਸਾਂਝਾ ਕਲਚਰ ਦਾ ਨਿਰਮਾਣ ਕਰਨਾ ਜ਼ਰੂਰੀ ਹੁੰਦਾ ਹੈ।ਇਸ ਸਮਝ ਅਧੀਨ ਕਾਂਗਰਸ ਨੇ ਭਾਰਤ ਵਿੱਚ ਹਿੰਦੀ ਨੂੰ 'ਕੌਮੀ ਭਾਸ਼ਾ' (ਹਿੰਦੀ ਅਜੇ ਤੱਕ ਦੇਸ਼ ਦੀ ਸਰਕਾਰੀ ਭਾਸ਼ਾ ਹੈ, ਕੌਮੀ ਭਾਸ਼ਾ ਨਹੀ) ਬਣਾਉਣ ਦਾ ਕਾਜ ਆਰੰਭਿਆ। ਜਦੋਂ ਨਵੀਂ ਦਿੱਲੀ ਦੀ ਕੇਂਦਰੀ ਸਰਕਾਰ ਜਾਂ ਇੰਡੀਅਨ ਸਟੇਟ' ਨੇ 'ਹਿੰਦੀ ਪ੍ਰਾਜੇਕਟ' ਨੂੰ ਲਾਗੂ ਕਰਨਾ ਸ਼ੁਰੂ ਕੀਤਾ ਤਾਂ ਪੰਜਾਬੀ ਭਾਸ਼ਾ ਸਮੇਤ ਸੈਂਕੜੇ ਛੋਟੀ - ਵੱਡੀਆਂ ਭਾਰਤੀ ਭਾਸ਼ਾਵਾਂ ਲਈ ਖਤਰੇ ਦੀ ਘੰਟੀ ਖੜ੍ਹਕ ਗਈ। ਇਸੇ ਹਿੰਦੂਵਾਦੀ ਰਾਸ਼ਟਰੀ ਭਾਵਨਾਵਾਂ ਹੇਠ, ਪੰਜਾਬੀ ਹਿੰਦੂਆਂ ਨੇ ਹਿੰਦੀ ਤਿਆਗੀ। ਉਸ ਸਮੇਂ ਤੋਂ ਸ਼ੁਰੂ ਹੋਏ ਇਸ ਸਿਲਸਿਲੇ ਅਧੀਨ, ਪੰਜਾਬੀ ਭਾਸ਼ਾ ਸਰਕਾਰੀ ਭਾਸ਼ਾ ਬਣ ਕੇ ਵੀ ਆਪਣਾ ਅਧਾਰ ਪੰਜਾਬ ਤੋਂ ਲਗਾਤਾਰ ਖੋਹ ਰਹੀ ਹੈ।

ਹੁਣ ਜਦੋਂ ਪੰਜਾਬ ਵਿੱਚ ਰਾਜ ਸੱਤਾ ਹੀ ਬਾਦਲਕੇ,ਭਾਜਪਾ ਤੇਂ ਕੇਂਦਰੀ ਹਿੰਦੂਵਾਦੀ ਤਾਕਤਾਂ ਤੇ ਰਹਿਮੋ-ਕਰਮ ਉਤੇ ਸੰਭਾਲਦੇ ਆ ਰਹੇ ਹਨ ਤਾਂ ਪੰਜਾਬੀ ਭਾਸ਼ਾ ਦਾ ਭਲਾ ਤੇ ਉਸਦਾ ਵਿਕਾਸ ਕਿਵੇਂ ਸੰਭਵ ਹੋ ਸਕਦਾ ਹੈ? ਕਾਂਗਰਸ ਦੀ ਗੱਲ ਛੱਡੋ ਪੰਜਾਬੀ ਦੇ ਮੁਦਈ ਅਕਾਲੀ ਹੀ ਜਦੋ ਆਪਣੀ ਭਾਸ਼ਾਂ ਤੋ ਮੁੱਖ ਮੋੜ ਗਿਆ ਤਾਂ ਪੰਜਾਬੀ ਬੋਲੀ ਕਿਵੇਂ ਬਚੇਗੀ? ਇਸੇ ਕਰਕੇ ਬਾਦਲ ਸਰਕਾਰ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਨ ਸੰਬੰਧੀ ਬਣਾਏ ਆਪਣੇ ਹੀ ਕਾਨੂੰਨ ਨੂੰ ਲਾਗੂ ਨਹੀਂ ਕਰਵਾ ਸਕੀ।

ਪੰਜਾਬੀ ਦੇ ਵੱਡੇ ਖਿੱਤੇ ਲਹਿੰਦੇ ਪਾਕਿਸਤਾਨੀ ਪੰਜਾਬ ਵਿਚ ਵੀ ਪੰਜਾਬੀ ਭਾਸ਼ਾ ਦੀ ਵੱਡੀ ਦਰਦਸ਼ਾ ਹੋਈ ਹੈ। ਸੱਤਰ ਸਾਲਾਂ ਬਾਅਦ ਤੱਕ ਵੀ ਲਹਿੰਦੇ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਸਕੂਲਾਂ ਦੇ ਨੇੜੇ ਤੱਕ ਨਹੀਂ ਢੁਕਣ ਦਿੱਤਾ, ਜਦੋਂ ਕਿ ਲਾਹੌਰ ਤੇ ਹੋਰ ਸ਼ਹਿਰਾਂ ਵਿਚ ਬਲੋਚੀ, ਸਿੰਧੀ ਅਤੇ ਪਸ਼ਤੋ ਪੜ੍ਹਾਉਣ ਦੇ ਸਕੂਲ ਖੁੱਲ੍ਹ ਗਏ ਹਨ। ਪੰਜਾਬੀ ਵਿਰਾਸਤ ਤੇ ਸੱਭਿਆਚਾਰ ਨੂੰ ਪਿਆਰ ਕਰਨ ਵਾਲਿਆਂ ਨੇ ਪਿਛਲੇ ਹਫਤੇ ਹੀ ਲਾਹੌਰ ਵਿਚ ਧਰਨੇ ਮੁਜ਼ਾਹਰੇ ਕੀਤੇ ਹਨ ਕਿ "ਘੱਟੋ ਘੱਟ ਲਹਿੰਦੇ ਪੰਜਾਬ ਦੀ ਅਸੈਂਬਲੀ ਵਿਚ ਤਾਂ ਪੰਜਾਬੀ ਬੋਲੀ ਵਿਚ ਬਹਿਸ ਕਰਨ ਦੀ ਇਜਾਜ਼ਤ ਦਿੱਤੀ ਜਾਵੇ।"

ਮੁਸਲਿਮ ਲੀਗ ਨੇ ਉਰਦੂ ਭਾਸ਼ਾ ਨੂੰ ਅਧਾਰ ਬਣਾ ਪਾਕਿਸਤਾਨ ਖੜ੍ਹ ਕਰਨ ਦੀ ਲੜਾਈ ਲੜੀ ਸੀ। ਇਸੇ ਕਰਕੇ ਪਾਕਿਸਤਾਨ ਦੀ ਕੌਮੀ ਭਾਸ਼ਾ ਵੀ ਉਰਦੂ ਨੂੰ ਬਣਾ ਲਿਆ, ਭਾਵੇਂ ਉਰਦੂ ਦਿੱਲੀ/ਆਗਰਾ ਦੇ ਇਲਾਕਿਆਂ ਵਿਚ ਇਕ ਹਿੰਦੁਸਤਾਨੀ ਸਾਂਝੀ ਭਾਸ਼ਾ ਦੇ ਤੌਰ ਤੇ ਮੁਗਲਾਂ ਦੇ ਜ਼ਮਾਨੇ ਵਿਚ ਉਭਰਿਆ ਸੀ। ਉਰਦੂ ਨੂੰ ਲਾਗੂ ਕਰਨ ਵਿਚ ਪਾਕਿਸਤਾਨੀ ਹਾਕਮਾਂ ਨੇ ਭਾਰਤੀ ਹਾਕਮਾਂ ਤੋਂ ਵੀ ਵੱਧ ਕੁਰੱਖਤ ਤੇ ਹੈਂਕੜ ਭਰਿਆ ਰਵੱਈਆ ਅਪਣਾਇਆ ਸੀ। ਜਦੋਂ ਜਿੱਨਾਹ ਦੀ ਆਮਦ ਉਤੇ ਢਾਕਾ ਯੂਨਿਵਰਸਿਟੀ ਦੇ ਵਿਦਆਰਥੀਆਂ ਨੇ ਪੂਰਬੀ ਪਾਕਿਸਤਾਨ ਦੀ ਸਰਕਾਰੀ ਬੋਲੀ ਬੰਗਲਾ' ਬਣਾਉਣ ਲਈ ਰੋਸ ਮੁਜ਼ਾਹਰੇ ਕੀਤੇ ਤਾਂ ਜਿੱਨਾਹ ਨੇ ਜ਼ੋਰ ਦੇ ਕੇ ਕਿਹਾ, "ਪਾਕਿਸਤਾਨ ਦੇ ਦੋਨਾਂ ਹਿੱਸਿਆਂ ਦੀ ਬੋਲੀ ਉਰਦੂ ਹੀ ਰਹੇਗੀ।" ਢਾਕਾ ਯੂਨੀਵਰਸਿਟੀ ਵਿਚ ਹਾਲਤ ਇਥੋਂ ਤੱਕ ਵਿਗੜ ਗਏ ਕਿ ਪੁਲਿਸ ਨੂੰ ਗੋਲੀ ਚਲਾਉਣੀ ਪਈ, ਜਿਸ ਵਿਚ ਅੱਧੀ ਦਰਜਨ ਵਿਦਆਰਥੀ ਮਾਰੇ ਗਏ। ਉਰਦੂ ਦੇ ਵਿਰੋਧ ਦੌਰਾਨ ਹੋਈ ਉਹ ਦੁਰਘਟਨਾ ਦੋ ਦਹਾਕੇ ਸੁਲਗਦੀ ਤੇ ਧੁਖਦੀ ਰਹੀ, ਪਰ ਮਾਂ-ਬੋਲੀ ਨਾਲ ਹੋਏ ਵਿਤਕਰੇ ਵਿਰੁੱਧ ਮੁਸਲਮਾਨ ਬੰਗਾਲੀ ਲੜਦੇ ਰਹੇ ਤੇ ਅਖੀਰ ਸੰਨ 1971 ਵਿਚ ਪਾਕਿਸਤਾਨ ਦੇ ਅੱਗੇ ਦੋ ਟੁਕੜੇ ਹੋ ਗਏ ਤੇ ਬੰਗਲਾ ਦੇਸ਼ ਵੱਖਰਾ ਦੇਸ਼ ਬਣ ਗਿਆ।

ਉਰਦੂ ਭਾਸ਼ਾ ਦੁਆਲੇ 'ਨੇਸ਼ਨ' ਸਿਰਜਦੇ ਹੋਏ ਪਾਕਿਸਤਾਨੀ ਹਾਕਮ ਅੱਜ ਤੱਕ ਇਕ ਸੰਯੁਕਤ ਤੇ ਮਜ਼ਬੂਤ ਰਾਸ਼ਟਰ ਨਹੀਂ ਖੜ੍ਹਾ ਕਰ ਸਕੇ। ਪਰ ਉਹਨਾਂ ਨੇ 6/7 ਕਰੋੜ ਮੁਸਲਮਾਨ ਪੰਜਾਬੀਆਂ ਦੀ ਮਾਂ ਬੋਲੀ (ਪੰਜਾਬੀ) ਨੂੰ ਸੰਗਲਾਂ ਵਿਚ ਅੱਜ ਤੱਕ ਜਕੜ ਰੱਖਿਆ ਹੈ। ਦਰਅਸਲ, ਸਾਡੇ ਮਾਰਕਸ਼ਵਾਦੀ ਭਰਾ ਵੀ ਪੰਜਾਬੀ ਭਾਸ਼ਾ ਪਿਛੇ ਕੰਮ ਕਰਦੀ ਰਾਸ਼ਟਰਵਾਦੋ ਸਿਆਸਤ ਦੀ ਭਰਵੀਂ ਨਿਸ਼ਾਨਦੇਹੀ ਤੇ ਵਿਸ਼ਲੇਸ਼ਣ ਨਹੀ ਕਰ ਸਕੇ। ਪਿਛਲੀ ਪੀੜੀ ਦੇ ਵੱਢੇ ਪੰਜਾਬੀ ਸਾਹਿਤਕਾਰ -ਬਾਬਾ ਬੋਹੜ ਦੇ ਨਾਮ ਨਾਲ ਜਾਂਦੇ ਸੰਤ ਸਿੰਘ ਸੇਖੋਂ ਲਿਖਤੀ ਰੂਪ ਵਿੱਚ ਪੰਜਾਬੀਆਂ ਨੂੰ ਮੱਤ ਦਿੰਦੇ ਰਹੇ ਕਿ ਪੰਜਾਬੀ ਭਾਸ਼ਾ ਵਿੱਚੋਂ ਫਾਰਸ਼ੀ, ਅਰਬੀ ਦੇ ਸ਼ਬਦ ਕੱਢ ਕੇ ਉਹਨਾਂ ਦੀ ਥਾਂ ਸੰਸਕ੍ਰਿਤ ਦੇ ਸ਼ਬਦ ਲੈ ਕੇ ਆਓ। ਪੰਜਾਬੀ ਭਾਸ਼ਾ ਦੇ ਹਿੰਦੀ ਕਰਨ ਵਿੱਚ ਸੇਖੋਂ ਤੇ ਉਸ ਦੇ ਸਮਕਾਲੀਆਂ ਨੇ ਚੋਖਾਂ ਹਿੱਸਾ ਪਾਇਆ।

ਵੈਸੇ, ਪ੍ਰਚਲਤ ਸਰਕਾਰੀ ਹਿੰਦੀ ਦੀ ਉਮਰ 2 ਕੁ ਸੌ ਸਾਲ ਦੀ ਹੈ। ਜਦੋਂ ਕਿ ਪੰਜਾਬੇ ਅੱਜ ਦੇ ਸਮਕਾਲੀ ਰੂਪ ਵਿੱਚ 11-12 ਸਦੀ ਵਿੱਚ ਮੌਜੂਦ ਸੀ । ਸਰਕਾਰੀ ਹਿੰਦੀ ਪਹਿਲ਼ਾਂ ਹੀ ਕੇਂਦਰੀ ਭਾਰਤ ਦੀ ਕਈ ਪ੍ਰਚਲਤ ਬੋਲੀਆਂ -ਭੋਜਪੁਰੀ, ਮੈਥਿਲੀ, ਬ੍ਰਿਜ ਭਾਸ਼ਾ ਤੇ ਅਵਧੀ ਵਗੈਰਾ ਨੂੰ ਨਿਗਲ ਚੁੱਕੀ ਹੈ।"ਦੇਵ ਨਾਗਰੀ" ਲਿੱਪੀ ਅਪਣਾ ਕੇ ਡੋਗਰੀ ਭਾਸ਼ਾ ਲੜ-ਖੜਾ ਰਹੀ ਹੈ ਹਰਿਆਣਾ ਤੇ ਰਾਜਸਥਾਨ ਦੀ ਸਥਾਨਕ ਭਾਸ਼ਾਵਾਂ ਨੂੰ ਵੀ ਹਿੰਦੀ ਖਾ ਗਈ ਹੈ।

ਪੰਜਾਬ ਦੇ ਅੱਧੇ ਤੋਂ ਵੱਧ ਸ਼ਹਿਰੀ ਸਕੂਲਾਂ ਵਿੱਚ ਹਿੰਦੀ ਦਾ ਹੀ ਬੋਲ ਬਾਲਾ ਹੋ ਗਿਆ ਹੇ ਤੇ ਪੰਜਾਬੀ ਕਿਤੇ ਲੱਭੀ ਨਹੀਂ ਥਿਆਉਂਦੀ। ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਬੰਧ ਪਹਿਲਾਂ ਹੀ ਦਮ ਤੋੜ ਰਿਹਾ ਹੈ, ਤੇ ਇਹੋ ਹਾਲ ਹੀ ਪੰਜਾਬੀ ਭਾਸ਼ਾ ਦੀ ਪੜਾਈ ਦਾ ਹੈ। ਪੰਜਾਬ ਵਿੱਚ ਹਿੰਦੀ ਭਾਸ਼ਾ ਦੇ ਪ੍ਰਫੁੱਲਤ ਹੋਣ ਨਾਲ ਸੂਬਾ ਦੋ ਭਾਸ਼ੀ ਬਣਦਾ ਜਾ ਰਿਹਾ ਹੈ। ਪੰਜਾਬ ਵਿੱਚੋਂ ਛਪਦੇ ਹਿੰਦੀ ਅਖਬਾਰਾਂ ਦੀ ਗਿਣਤੀ ਅਤੇ ਸਰਕੂਲੇਸ਼ਨ ਪੰਜਾਬੀ ਅਖਬਾਰਾਂ ਨੂੰ ਪਿਛਲੇ ਕਈ ਸਾਲਾਂ ਤੋਂ ਮਾਤ ਦੇ ਰਿਹਾ ਹੈ।ਹਿੰਦੀ ਦੇ ਵਿਕਾਸ ਤੇ ਪ੍ਰਚਲਣ ਨੇ ਪੰਜਾਬ ਵਿੱਚ ਹਿੰਦੂਵਾਦੀ ਭਾਜਪਾ ਪਾਰਟੀ ਦਾ ਅਧਾਰ ਮਜਬੂਤ ਕਰ ਦਿੱਤਾ ਹੈ।

ਅਜਿਹੇ ਹਾਲਾਤ ਵਿੱਚ ਪੰਜਾਬੀ ਸਾਹਿਤਕਾਰਾਂ ਵੱਲੋਂ ਰਸਮੀ ਤੌਰ ਤੇ ਬੋਲੀ ਦੇ ਹੱਕ ਵਿੱਚ ਕੀਤੇ ਰੋਸ ਮੁਜਾਹਰੇ ਕੋਈ ਜਿਆਦਾ ਅਰਥ ਨਹੀਂ ਰੱਖਦੇ। ਉਹਨਾਂ ਨੂੰ ਚਾਹੀਦਾ ਹੈ ਕਿ ਪੰਜਾਬੀ ਬੋਲਣ ਤੇ ਲਿਖਣ ਦੇ ਹੱਕ ਵਿੱਚ ਕੋਈ ਸਾਰਥਕ ਮੁਹਿੰਮ ਵਿੱਢਣ। ਘਰਾਂ ਵਿੱਚ ਪੰਜਾਬੀ ਬੋਲਣ, ਦੁਕਾਨ ਨੁਮਾਂ ਅੰਗਰੇਜੀ ਸਕੂਲਾਂ ਵਿੱਚ ਬੱਚੇ ਨਾਂ ਪੜਾਉਣ ਅਤੇ ਪੰਜਾਬੀ ਦਾ ਸਤਿਕਾਰ ਵਧਾਉਣ ਸਬੰਧੀ ਠੋਸ ਸਿਆਸੀ ਉਪਰਾਲੇ ਕਰਨ।

' ਸ. ਜਸਪਾਲ ਸਿੰਘ ਸਿੱਧੂ ਯੂ. ਐਨ. ਆਈ ਤੋਂ ਸੇਵਾ-ਮੁਕਤ ਸੀਨੀਅਰ ਪੱਤਰਕਾਰ ਹਨ ਤੇ ਉਨ੍ਹਾਂ "ਸੰਤ ਭਿੰਡਰਾਂਵਾਲੇ ਦੇ ਰੂ-ਬ-ਰੂ: ਜੂਨ 84 ਦੀ ਪੱਤਰਕਾਰੀ" ਕਿਤਾਬ ਲਿਖੀ ਹੈ। ਉਨ੍ਹਾਂ ਨਾਲ ਈ-ਮੇਲ ਪਤੇ -jaspal.sdh@gmail.com ਜਾਂ ਫੋਨ +91-75891-23982 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਤਾਗੱਦੀ ਦਿਵਸ ਸਬੰਧੀ ਯੂਬਾਸਿਟੀ ਵਿਚ ਵਿਸ਼ਾਲ ਨਗਰ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਵੱਡੇ ਸ਼ਿੰਗਾਰੇ ਫਲੋਟ ਵਿਚ ਸ਼ਸੋਭਤ ਕਰਕੇ ਤੇ ਕੀਰਤਨ ਕਰਕੇ ਯੂਬਾਸਿਟੀ ਨਗਰ ਵਿਚ ਕੱਢਿਆ ਗਿਆ ਜਿਸ ਨੂੰ ਹਜਾਰਾਂ ਸੰਗਤਾਂ ਨੇ ਨਮਸਕਾਰ ਕੀਤਾ ਤੇ ਜੈਕਾਰਿਆਂ ਨਾਲ ਜਿਵੇਂ ਅਸਮਾਨ ਗੂੰਜ ਉਠਿਆ ਹੋਵੇ। ਇਸ ਨਗਰ ਕੀਰਤਨ ਵਿਚ ਵੱਖ ਵੱਖ ਫਲੋਟਾਂ ਨੇ ਨਗਰ ਕੀਰਤਨ ਦੀ ਸ਼ਾਨ ਨੂੰ ਚਾਰ ਚੰਨ ਲਗਾਏ। ਕੁਝ ਫਲੋਟਾਂ ਦੀ ਅਗਵਾਈ ਕੁਝ ਸਿਆਸੀ ਤੇ ਸਮਾਜਿਕ ਆਗੂ ਕਰ ਰਹੇ ਸਨ।

ਇਸ ਨਗਰ ਕੀਰਤਨ ਵਿਚ ਜਿਥੇ ਹਰ ਵਰਗ ਦਾ ਵਿਅਕਤੀ ਆ ਕੇ ਸਿੱਖ ਭਾਈਚਾਰੇ ਦੀ ਦਿੱਖ ਤੋਂ ਪ੍ਰਭਾਵਿਤ ਹੁੰਦਾ ਹੈ ਉਥੇ ਨਾਲ ਹੀ ਐਨੇ ਵੱਡੇ ਪ੍ਰਬੰਧਾਂ ਤੋਂ ਵੀ ਦੰਗ ਹੋ ਕੇ ਜਾਂਦਾ ਹੈ। ਯੂਬਾਸਿਟੀ ਜਿੱਥੇ ਹਰ ਵਰ੍ਹੇ ਅਜਿਹਾ ਹੀ ਧਾਰਮਿਕ ਇਕੱਠ ਹੁੰਦਾ ਹੈ ਤੇ ਹਰ ਵਰ੍ਹੇ ਵਧਦਾ ਹੈ ਤੇ ਨਵੀਂ ਸੰਗਤ ਜੁੜਦੀ ਹੈ। ਐਤਕਾਂ ਵੀ ਵੱਖ ਪੜਾਵਾਂ ਵਿਚ ਵੱਖ ਵੱਖ ਸਮਾਗਮਾਂ ਤੇ ਖਾਸ ਕਰ ਸੰਗਤਾਂ ਦੀ ਸੇਵਾ ਦੀ ਤਿਆਰੀ ਕਰੀਬ ਇਕ ਮਹੀਨੇ ਤੋਂ ਹੋ ਰਹੀ ਸੀ।

ਨਗਰ ਕੀਰਤਨ ਤੋਂ ਪਹਿਲਾਂ ਆਤਿਸ਼ਬਾਜ਼ੀ ਕੀਤੀ ਗਈ ਜਿਸ ਦਾ ਸਿੱਖ ਭਾਈਚਾਰੇ ਦੇ ਨਾਲ ਨਾਲ ਅਮਰੀਕਨ ਭਾਈਚਾਰੇ ਨੇ ਵੀ ਆਨੰਦ ਮਾਣਿਆ। ਇਨ੍ਹਾਂ ਸਮਾਗਮਾਂ ਦੌਰਾਨ ਅੰਮ੍ਰਿਤ ਸੰਚਾਰ ਹੋਇਆ ਜਿਸ ਦੌਰਾਨ ਕਕਾਰਾਂ ਦੀ ਸੇਵਾ ਗੁਰੂ ਘਰ ਵਜੋਂ ਕੀਤੀ ਗਈ। ਇਨ੍ਹਾਂ ਸਮਾਗਮਾਂ ਦੌਰਾਨ ਹੀ ਦਸ਼ਮੇਸ਼ ਹਾਲ ਵਿਚ ਇਕ ਬਹੁਤ ਅਹਿਮ ਸੈਮੀਨਾਰ ਕਰਵਾਇਆ ਗਿਆ ਜਿਸ ਦੌਰਾਨ ਡਾ. ਹਰਸ਼ਿੰਦਰ ਕੌਰ ਤੇ ਇੰਗਲੈਂਡ ਤੋਂ ਡਾ. ਇਕਤਿਹਾਰ ਕਰਾਮਤ ਚੀਮਾ ਵਿਸ਼ੇਸ਼ ਤੌਰ ਤੇ ਪਹੁੰਚੇ ਜਿਨ੍ਹਾਂ ਨੇ ਸਿੱਖ ਧਰਮ ਦੇ ਬੁਨਿਆਦੀ ਅਸੂਲ ਤੇ ਅੱਜ ਦੇ ਸੰਦਰਭ ਵਿਚੋਂ ਉਨ੍ਹਾਂ ਦੀ ਮਹੱਤਤਾ ਬਾਰੇ ਸ਼ਾਮਿਲ ਸੰਗਤਾਂ ਨੂੰ ਜਾਣੂ ਕਰਵਾਇਆ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾ. ਹਰਸ਼ਿੰਦਰ ਕੌਰ ਨੇ ਸਿੱਖੀ ਨੂੰ ਬਚਾਉਣ ਤੇ ਨਸ਼ੇ ਚ ਗੜੁੱਚ ਹੋਏ ਪੰਜਾਬ ਤੇ ਪੰਜਾਬੀ ਜਵਾਨੀ ਬਾਰੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪ੍ਰਵਾਸੀ ਪੰਜਾਬੀਆਂ ਨੂੰ ਅੱਗੇ ਆਉਣ ਦਾ ਹੋਕਾ ਦਿੱਤਾ।

ਧਾਰਮਿਕ ਸਮਾਗਮਾਂ ਦੌਰਾਨ ਅਰਦਾਸ ਹੋਈ ਤੇ ਅਰਦਾਸ ਵਿਚ ਸੰਗਤਾਂ ਨੇ ਅੰਮ੍ਰਿਤ ਵੇਲੇ ਸ਼ਮੂਲੀਅਤ ਕੀਤੀ। ਰੈਣ ਸੁਬਾਈ ਕੀਰਤਨ ਵਿਚ ਪੰਥ ਦੇ ਮਕਬੂਲ ਰਾਗੀ ਜੱਥਿਆਂ ਨੇ ਆਪਣੀ ਆਪਣੀ ਹਾਜ਼ਰੀ ਭਰ ਤੇ ਜੋ ਗੁਰਬਾਣੀ ਨਾਲ ਸ਼ਾਮ 6:00 ਵਜੇ ਤੋਂ ਸਵੇਰੇ ਇਕ ਵਜੇ ਤੱਕ ਸੰਗਤਾਂ ਨੂੰ ਰੱਬੀ ਬਾਣੀ ਨਾਲ ਜੋੜਦੇ ਰਹੇ ਇਨ੍ਹਾਂ ਮਹਾਨ ਜੱਥਿਆਂ ਵਿਚ ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਦੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਾਲੇ ਤੇ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾਸਿਟੀ ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਰਾਗੀ ਜੱਥੇ ਨੇ ਗੁਰੂ ਘਰ ਹਾਜ਼ਰੀ ਭਰੀ।

ਇਨ੍ਹਾਂ ਸਮਾਗਮਾਂ ਤੋਂ ਬਾਅਦ ਐਤਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਜਿਸ ਤੋਂ ਬਾਅਦ ਕੁਝ ਅਮਰੀਕਨ ਉੱਚ ਅਧਿਕਾਰੀਆਂ ਤੇ ਸਿੱਖ ਆਗੂਆਂ ਵੱਲੋਂ ਆਪਣੇ ਆਪਣੇ ਵਿਚਾਰ ਰੱਖੇ ਗਏ. ਇਨ੍ਹਾਂ ਆਗੂਆਂ ਵਿਚੋਂ ਅਸੈਂਬਲੀਮੈਨ ਸੁਪਰਵਾਈਜਰ ਰੋਲ ਸਲੰਜਰ, ਸੁਪਰਵਾਈਜਰ, ਲੈਰੀ ਮੁੰਗਰ, ਸੁਪਰਵਾਈਜਰ ਜਿਮਵਿਟਕਰ, ਸੁਪਰਵਾਈਜਰ ਡੈਨ ਫਲੋਰਸਨ, ਸੁਪਰਵਾਈਜਰ ਸੈਂਟ ਕੋਨਿੰਟ, ਸੁਪਰਡੈਂਟ ਯੂਬਾਸਿਟੀ ਯੂਨਾਫਾਈਡ ਸਕੂਲ ਡਿਸਟ੍ਰਿਕ ਬਲਜਿੰਦਰ ਕੌਰ ਢਿੱਲੋਂ ਤੇ ਮੇਅਰ ਯੂਬਾਸਿਟੀ ਸਟੀਵ ਕਲੀਵਲੈਂਡ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਤੇ ਸਿੱਖ ਭਾਈਚਾਰੇ ਨੂੰ ਗੁਰਤਾ ਗੱਦੀ ਦਿਵਸ ਤੇ ਨਗਰ ਕੀਰਤਨ ਤੇ ਵਧਾਈ ਦਿੱਤੀ। ਇਸੇ ਤਰ੍ਹਾਂ ਸਿੱਖ ਭਾਈਚਾਰੇ ਦੇ ਆਗੂਆਂ ਵਿਚ ਡਾ. ਅਮਰਜੀਤ ਸਿੰਘ, ਡਾ. ਪ੍ਰਿਤਪਾਲ ਸਿੰਘ, ਡਾ. ਹਰਸ਼ਿੰਦਰ ਕੌਰ, ਡਾ. ਗੁਰਨਾਮ ਸਿੰਘ ਪੰਮਾ, ਡਾ. ਬਖ਼ਸ਼ੀਸ ਸਿੰਘ ਸਿੱਖ ਕੌਂਸਲ ਰੇਸ਼ਮ ਸਿੰਘ, ਬੂਟਾ ਸਿੰਘ ਖੜੌਦ, ਸਿਮਰਨਜੀਤ ਸਿੰਘ ਮਾਨ ਦੇ ਸਪੁੱਤਰ ਮਾਨ ਸਿੰਘ ਮਾਨ, ਪਲਵਿੰਦਰ ਸਿੰਘ ਮਾਹੀ, ਪ੍ਰਮਿੰਦਰ ਸਿੰਘ ਗਰੇਵਾਲ, ਜਸਵੰਤ ਸਿੰਘ ਹੋਠੀ, ਜਸਵਿੰਦਰ ਸਿੰਘ ਜੰਡੀ, ਸੁਖਵਿੰਦਰ ਸਿੰਘ ਥਾਣਾ, ਸੁਖਮਿੰਦਰ ਸਿੰਘ ਹੰਸਰਾ ਸਮੇਤ ਹੋਰਨਾਂ ਨੇ ਆਪਣੇ ਆਪਣੇ ਵਿਚਾਰ ਰੱਖੇ। ਸਟੇਜ ਦੀ ਕਾਰਵਾਈ ਗੁਰਮੇਜ ਸਿੰਘ ਗਿੱਲ ਨੇ ਧਾਰਮਿਕ ਮੁਰਿਯਾਦਾ ਤੇ ਠਰੰਮੇ ਨਾਲ ਨਿਭਾਈ।

ਐਤਕਾਂ ਨਗਰ ਕੀਰਤਨ ਤੇ ਵਿਸ਼ੇਸ਼ ਸੋਵੀਨਰ ਵੀ ਕੱਢਿਆ ਗਿਆ ਜਿਸ ਨੂੰ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਪ੍ਰਬੰਧਕਾਂ ਵਜੋਂ ਦੀਵਾਨ ਹਾਲ ਚ ਰੀਲੀਜ ਕਰਕੇ ਸੰਗਤਾਂ ਨੂੰ ਸਮਰਪਿਤ ਕੀਤਾ ਗਿਆ ਤੇ ਬਾਅਦ ਚ ਹਜ਼ਾਰਾਂ ਦੀ ਤਦਾਦ ਵਿਚ ਸੰਗਤਾਂ ਨੂੰ ਮੁਫ਼ਤ ਵੰਡਿਆ ਗਿਆ।

ਵੱਖ ਵੱਖ ਤਰ੍ਹਾਂ ਦੇ ਪਕਵਾਨਾਂ ਤੇ ਲੰਗਰਾਂ ਦਾ ਸੰਗਤਾਂ ਵਿਚ ਸ਼ਾਮਿਲ ਹਰ ਵਰਗ ਦੇ ਲੋਕਾਂ ਨੇ ਆਨੰਦ ਲਿਆ। ਭਾਈ ਗਿਣਤੀ ਵਿਚ ਲੋਕਾਂ ਨੇ ਗੁਰਦੁਆਰੇ ਅੱਗੇ ਬਣਾਈ ਗਈ ਆਰਜੀ ਮਾਰਕੀਟ ਤੋਂ ਭਾਰੀ ਖਰੀਦੋ ਫਰੋਖਤ ਵੀ ਕੀਤੀ। ਐਤਕਾਂ ਮਾਹੌਲ ਤਲਖੀ ਵਾਲਾ ਹੋਣ ਦੇ ਬਾਵਜੂਦ ਵੀ ਸਭ ਸੁਖਸਾਂਦ ਰਿਹਾ ਇਹ ਪ੍ਰਬੰਧਕਾਂ ਦੀ ਪ੍ਰਾਪਤੀ ਹੀ ਹੈ। ਸੰਗਤਾਂ ਨੂੰ ਪੁਲਿਸ ਵਲੋਂ ਦੂਰੋਂ ਟ੍ਰੈਫਿਕ ਕੰਟਰੋਲ ਕਰਨ ਲਈ ਰੋਕੇ ਜਾਣ ਤੇ ਸੰਗਤਾਂ ਨੂੰ ਗੁਰਦੁਆਰੇ ਤੱਕ ਪਹੁੰਚਣ ਲਈ ਕੁਝ ਦਿਕਤਾਂ ਜ਼ਰੂਰ ਆਈਆਂ। ਐਤਕਾਂ ਵੀ ਹਰ ਵਰਗ ਦਾ ਅਮਰੀਕਨ ਨਗਰ ਕੀਰਤਨ ਦੀ ਸ਼ੋਭਾ ਬਣਿਆ।

## ਯੂਥ ਅਕਾਲੀ ਦਲ ਵੈਸਟ ਕੋਸਟ ਨੇ ਲਗਵਾਈ ਭਰਵੀਂ ਹਾਜ਼ਰੀ

ਗੁਰਦੁਆਰਾ ਸਾਹਿਬ ਟਾਇਰਾ ਬਿਓਨਾ ਯੂਬਾਸਿਟੀ ਵਿਖੇ ਸਜਾਏ 38ਵੇਂ ਮਹਾਨ ਨਗਰ ਕੀਰਤਨ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਵਿੰਗ ਅਕਾਲੀ ਦਲ ਵੈਸਟ ਕੋਸਟ ਨੇ ਕਾਫ਼ਲੇ ਦੇ ਰੂਪ ਵਿੱਚ ਭਰਵੀਂ ਹਾਜ਼ਰੀ ਲਗਵਾਈ। ਇਸ ਮੌਕੇ ਚੀਫ਼ ਕੋਆਰਡੀਨੇਟਰ ਸ਼੍ਰੋਮਣੀ ਅਕਾਲੀ ਦਲ ਅਮਰੀਕਾਅਰਵਿੰਦਰ ਸਿੰਘ ਲਾਖਨ, ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਦੇ ਪ੍ਰਧਾਨ ਰਵਿੰਦਰ ਸਿੰਘ ਬੋਇਲ ਮਕਸੂਦਪੁਰ ਅਤੇ ਸਕੱਤਰ ਜਨਰਲ ਵੈਸਟ ਕੋਸਟ ਪਰਮਿੰਦਰਪਾਲ ਸਿੰਘ ਰਾਠੌਰ ਦੀ ਅਗਵਾਈ 'ਚ ਯੂਥ ਆਗੂ ਜਿੱਥੇ ਗੁਰਦੁਆਰਾ ਸਾਹਿਬ 'ਚ ਨਤਮਸਤਕ ਹੋਏ, ਉਥੇ ਵੱਖ ਵੱਖ ਪਕਵਾਨਾਂ ਦੇ ਲੰਗਰ ਸੰਗਤਾਂ ਨੂੰ ਅਥਾਹ ਸੇਵਾ ਕਰਦਿਆਂ ਛਕਾਏ। ਇਸ ਮੌਕੇ ਦਲਜੀਤ ਸਿੰਘ ਢੰਡਾ, ਸਤਵੀਰ ਸਿੰਘ, ਸ਼ੇਰ ਸਿੰਘ ਚੌਹਾਨ, ਭੁਪਿੰਦਰ ਸਿੰਘ ਜਾੜਲਾ, ਸੁਖਵਿੰਦਰ ਸਿੰਘ ਹੁੰਦਲ, ਗੁਰਪਿੰਦਰ ਤੁੰਗ, ਸੋਨੂੰ ਹੁੰਦਲ, ਜਤਿੰਦਰ ਜੌਹਲ, ਜਾਫ਼ਰ ਮਾਲਵਾ, ਜੱਸਾ, ਚੀਨਾ ਧਾਰੀਵਾਲ, ਗਿੰਦਾ ਬੋਇਲ ਤੋਂ ਇਲਾਵਾ ਸੀਨੀਅਰ ਅਕਾਲੀ ਦਲ ਵਿੱਚ ਸ: ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ, ਨਰਿੰਦਰਪਾਲ ਸਿੰਘ ਹੁੰਦਲ ਨੇ ਵੀ ਹਾਜ਼ਰੀ ਭਰੀ।

## 'ਆਪ' 'ਚ ਆਪਾਧਾਪੀ ਦਾ ਆਲਮ ਉਭਰ ਕੇ ਸਾਹਮਣੇ ਆਇਆ

ਸਮੇਤ ਛੇ ਵਿਧਾਇਕ ਗੈਰ-ਹਾਜ਼ਰ ਰਹੇ, ਜਦਕਿ 14 ਵਿਧਾਇਕ ਸ੍ਰੀ ਖਹਿਰਾ ਦੀ ਹਮਾਇਤ ਵਿਚ ਖੜ੍ਹੇ ਹੋਏ।

ਦੱਸਣਯੋਗ ਹੈ ਕਿ ਸ੍ਰੀ ਖਹਿਰਾ ਨੇ ਆਪਣੇ ਵਿਰੁੱਧ ਫਾਜ਼ਿਲਕਾ ਦੀ ਅਦਾਲਤ ਵੱਲੋਂ ਡਰੱਗ ਮਾਮਲੇ ਵਿਚ ਜਾਰੀ ਕੀਤੇ ਗੈਰ-ਜ਼ਮਾਨਤੀ ਵਾਰੰਟ ਦੇ ਮੁੱਦੇ ਉਪਰ ਪਾਰਟੀ ਦੇ ਵਿਧਾਇਕ ਦਲ ਦੀ ਮੀਟਿੰਗ ਸੱਦੀ ਸੀ। ਮੀਟਿੰਗ ਵਿਚੋਂ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ, ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਪ੍ਰੋਫੈਸਰ ਬਲਜਿੰਦਰ ਕੌਰ, ਅਮਰਜੀਤ ਸਿੰਘ ਸੰਦੋਆ, ਵਿਧਾਇਕ ਐਚਐਸ ਫੂਲਕਾ, ਕੰਵਰ ਸੰਧੂ ਅਤੇ ਪ੍ਰਿੰਸੀਪਲ ਬੁੱਧ ਰਾਮ ਗੈਰਹਾਜ਼ਰ ਰਹੇ। ਮੀਟਿੰਗ ਵਿਚ 14 ਵਿਧਾਇਕਾਂ ਸਮੇਤ ਲੋਕ ਇਨਸਾਫ ਪਾਰਟੀ ਦੇ ਦੋ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਸਮੇਤ ਮੀਟਿੰਗ ਵਿਚੋਂ ਗੈਰ-ਹਾਜ਼ਰ ਸਮੂਹ ਛੇ ਵਿਧਾਇਕਾਂ ਨਾਲ ਉਨ੍ਹਾਂ ਦੀ ਫੋਨ 'ਤੇ ਗੱਲ ਹੋ ਗਈ ਹੈ ਅਤੇ ਉਹ ਹੋਰ ਰੁਝੇਵਿਆਂ ਕਾਰਨ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੁੱਦੇ ਉਪਰ ਮੀਡੀਏ ਵਿਚ ਗਲਤ ਬਿਆਨਬਾਜ਼ੀ ਕਰਨ ਵਾਲੇ ਆਗੂਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਲਈ ਮੀਟਿੰਗ ਵਿਚ ਮੌਜੂਦ ਵਿਧਾਇਕ ਅਤੇ ਪਾਰਟੀ ਦੇ ਸਹਿ ਪ੍ਰਧਾਨ ਅਮਨ ਅਰੋੜਾ ਨੂੰ ਕਹਿ ਦਿੱਤਾ ਗਿਆ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਉਹ ਇਸ ਮੌਕੇ ਸ੍ਰੀ ਖਹਿਰਾ ਨਾਲ ਖੜ੍ਹੇ ਹਨ, ਪਰ ਪਾਰਟੀ ਦੇ ਸਿਧਾਂਤ ਸਭ ਤੋਂ ਉੱਚੇ ਹਨ ਅਤੇ ਪਾਰਟੀ ਦੇ ਸਿਧਾਂਤਾਂ ਅਨੁਸਾਰ ਹੀ ਫੈਸਲੇ ਲਏ ਜਾਣਗੇ।

ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਕਾਂਗਰਸ, ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਉਨ੍ਹਾਂ ਦੀ ਭ੍ਰਿਸ਼ਟਾਚਾਰ ਵਿਰੁੱਧ ਆਵਾਜ਼ ਨੂੰ ਬੰਦ ਕਰਨ ਲਈ ਗਠਜੋੜ ਬਣਾ ਕੇ ਸਾਂਝੇ ਤੌਰ 'ਤੇ ਇਹ ਸਾਜਿਸ਼ ਘੜੀ ਹੈ। ਸਮਾਂ ਆਉਣ 'ਤੇ ਉਹ ਇਸ ਨੂੰ ਬੇਨਕਾਬ ਕਰਨਗੇ। ਮੀਟਿੰਗ ਵਿਚ ਸ੍ਰੀ ਅਰੋੜਾ ਸਮੇਤ ਰੁਪਿੰਦਰ ਰੂਬੀ, ਨਾਜਰ ਸਿੰਘ ਮਾਨਸ਼ਾਹੀਆ, ਕੁਲਵੰਤ ਪੰਡੋਰੀ, ਹਰਪਾਲ ਸਿੰਘ ਚੀਮਾ, ਮੀਤ ਹੇਅਰ, ਜਗਤਾਰ ਸਿੰਘ, ਪਿਰਮਲ ਸਿੰਘ, ਜੈ ਕਿਸ਼ਨ ਸਿੰਘ ਰੋੜੀ, ਜਗਦੇਵ ਸਿੰਘ ਕਮਾਲੂ ਆਦਿ ਮੌਜੂਦ ਸਨ। ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਤੋਂ ਬਾਹਰ ਗਏ ਪਾਣੀਆਂ ਦੀ ਰਾਸ਼ੀ ਰਾਜਸਥਾਨ, ਹਰਿਆਣਾ ਤੇ ਦਿੱਲੀ ਤੋਂ ਵਸੂਲਣ ਲਈ 16 ਨਵੰਬਰ 2016 ਨੂੰ ਪਾਸ ਹੋਏ ਮਤੇ ਉਪਰ ਕੋਈ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਉਹ ਹਰੇਕ ਹਫ਼ਤੇ ਇਕ ਦਿਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਅੱਗੇ ਧਰਨਾ ਮਾਰਨ ਦੀ ਲੜੀ ਚਲਾਉਣਗੇ।

ਖਹਿਰਾ ਵਿਰੁੱਧ ਈਡੀ ਕੋਲ ਸ਼ਿਕਾਇਤ

ਜਲੰਧਰ/ਬਿਊਰੋ ਨਿਊਜ਼: ਸਰਬ ਸੁਖ ਸੇਵਾ ਮਿਸ਼ਨ ਨਾਂ ਦੀ ਜਥੇਬੰਦੀ ਦੇ ਚੇਅਰਮੈਨ ਤੇ ਯੂਥ ਅਕਾਲੀ ਦਲ ਦੇ ਆਗੂ ਅਰਵਿੰਦ ਮਿਸ਼ਰਾ ਨੇ ਸੁਖਪਾਲ ਖਹਿਰਾ ਖ਼ਿਲਾਫ਼ ਐਨਫੋਰਸਮੈਂਟ ਡਾਇਰੈਕਟੋਰੇਟ ਕੋਲ ਸ਼ਿਕਾਇਤ ਦਿੱਤੀ ਹੈ। ਸ਼ਿਕਾਇਤ ਵਿੱਚ ਉਨ੍ਹਾਂ ਕਿਹਾ ਹੈ ਕਿ ਸ੍ਰੀ ਖਹਿਰਾ ਨੇ 2007 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਦਿੱਤੇ ਹਲਫੀਆ ਬਿਆਨ ਵਿੱਚ ਆਪਣੀ ਜਾਇਦਾਦ 2 ਕਰੋੜ ਰੁਪਏ ਦੱਸੀ ਸੀ ਪਰ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਨੇ ਆਪਣੀ ਜਾਇਦਾਦ 66 ਕਰੋੜ ਰੁਪਏ ਦੱਸੀ ਹੈ।

## ਨਸ਼ਿਆਂ ਸਬੰਧੀ ਕੇਸ 'ਚ ਸੁਖਪਾਲ ਖਹਿਰਾ ਨੂੰ ਹਾਈਕੋਰਟ ਨੂੰ ਮਿਲੀ ਆਰਜ਼ੀ ਰਾਹਤ

ਅਕਸ ਕਾਰਨ ਉਹ ਇਸ ਸਮੇਂ ਪੰਜਾਬ 'ਚ ਵਿਰੋਧੀ ਧਿਰ ਦੇ ਨੇਤਾ ਹਨ। 31 ਅਕਤੂਬਰ ਦੇ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਹੁਕਮ ਅਦਾਲਤ ਵੱਲੋਂ ਇਸ ਕੇਸ ਦੇ ਮੁੱਖ ਮੁਲਜ਼ਮਾਂ ਨੂੰ ਸਜ਼ਾ ਸੁਣਾਏ ਜਾਣ ਬਾਅਦ ਜਾਰੀ ਕੀਤੇ ਗਏ ਹਨ। ਸਬੰਧਤ ਹੁਕਮਾਂ ਵਿੱਚੋਂ ਵੀ ਤੱਥ ਸਪੱਸ਼ਟ ਝਲਕਦੇ ਹਨ, ਜਿਸ 'ਚ ਹੇਠਲੀ ਅਦਾਲਤ ਨੇ ਦੇਖਿਆ ਕਿ ਇਕ ਨੂੰ ਛੱਡ ਕੇ ਜਿਹੜੇ ਮੁਲਜ਼ਮਾਂ ਖ਼ਿਲਾਫ਼ ਚਲਾਨ ਪੇਸ਼ ਕੀਤਾ ਗਿਆ ਸੀ, ਉਹ ਦੋਸ਼ੀ ਠਹਿਰਾਏ ਜਾ ਚੁੱਕੇ ਹਨ।

## ਡਾ. ਗੁਰੂਮੇਲ ਦਾ ਲਘੂ ਕਾਵਿ ਨਾਟਕ 'ਟੈਸਟ ਟਿਊਬ ਬੇਬੀ' ਸਮਾਜਕ ਸਰੋਕਾਰਾਂ ਸਬੰਧੀ ਸ਼ਾਹਕਾਰ ਰਚਨਾ

ਪਾਕ ਪਵਿੱਤਰਤਾ ਦੇ ਨਜ਼ਰੀਏ ਤੋਂ ਦਾਗ਼ੀ ਹੋ ਜਾਂਦੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਬੱਚੇ ਦੇ ਜਨਮ ਨਾਲ ਔਰਤ ਦਾ ਪੁਨਰ ਜਨਮ ਹੁੰਦਾ ਹੈ। ਪੁਰਾਤਨ ਸਮਿਆਂ ਵਿਚ ਤਾਂ ਇਹ ਕਥਨ ਕਾਫ਼ੀ ਦਰੁੱਸਤ ਸੀ ਕਿਉਂਕਿ ਅਕਸਰ ਹੀ ਜਣੇਪੇ ਦੀ ਪ੍ਰਕਿਰਿਆ ਨਾਲ ਔਰਤਾਂ ਦਾ ਜੀਵਨ ਖ਼ਤਮ ਹੀ ਹੋ ਜਾਂਦਾ ਸੀ ਪਰ ਅਜੋਕੇ ਯੁੱਗ ਵਿਚ ਵਿਗਿਆਨ ਦੀ ਆਮਦ ਨਾਲ ਜਣੇਪੇ ਦਾ ਕਾਰਜ ਸੁਖਾਲਾ ਤੇ ਸੰਭਵ ਹੋ ਗਿਆ ਹੈ। ਪਰ ਬਾਂਝਪਣ ਔਰਤ ਫਿਰ ਵੀ ਨਹੀਂ ਚਾਹੁੰਦੀ ਕਿ ਉਹ ਪੁਨਰ ਜਨਮ ਨੂੰ ਹੰਢਾਏ ਬਿਨਾਂ ਹੀ ਇਸ ਦੁਨੀਆ ਤੋਂ ਵਿਦਾ ਹੋ ਜਾਵੇ। ਪੰਜਾਬੀ ਮਾਨਸਿਕਤਾ ਵਿਚ ਇਸ ਗੱਲ ਨਾਲ ਵੀ ਵਧੇਰੇ ਸੰਤੁਸ਼ਟੀ ਨਹੀਂ ਹੁੰਦੀ ਜਦੋਂ ਕੋਈ ਸੰਤਾਨਹੀਨ ਜੋੜਾ ਪਰਾਏ ਬੱਚੇ ਨੂੰ ਗੋਦ ਲੈ ਲੈਂਦਾ ਹੈ। ਪੰਜਾਬੀ ਸਭਿਆਚਾਰ ਵਿਚ ਅਜਿਹੇ ਸੰਤਾਨਹੀਣ ਜੋੜਿਆਂ ਦੇ ਮਨਾਂ ਵਿਚ ਇਕ ਅਜਿਹਾ ਵਿਸ਼ਵਾਸ ਬੈਠਾ ਹੋਇਆ ਹੈ ਜਿਸ ਰਾਹੀਂ ਪਰਾਏ ਬੱਚੇ ਨੂੰ ਗੋਦ ਲੈਣ ਨਾਲ ਉਹਨਾਂ ਨੂੰ ਹੁਲਾਸ ਪ੍ਰਾਪਤ ਨਹੀਂ ਹੁੰਦਾ ਕਿਉਂ ਕਿ ਉਹ ਪਰਾਇਆ ਖ਼ੂਨ ਹੁੰਦਾ ਹੈ। ਹਰ ਸੰਤਾਨਹੀਨ ਜੋੜਾ ਆਪਣੇ ਹੀ ਖ਼ੂਨ ਰਾਹੀ ਪੈਦਾ ਕੀਤੇ ਹੋਏ ਬੱਚੇ ਦੀ ਲੋਚਾ ਕਰਦਾ ਹੈ ਤਾਂ ਹੀ ਉਸਨੂੰ ਸਮਾਜ ਤੇ ਸਭਿਆਚਾਰ ਵਿਚ ਮਾਨਤਾ ਹਾਸਲ ਹੁੰਦੀ ਹੈ। ਗੋਦ ਲਿਆ ਹੋਇਆ ਬੱਚਾ ਵੀ ਆਖਰ ਇਕ ਦਿਨ ਸਮਝਣ ਲੱਗ ਪੈਂਦਾ ਹੈ ਕਿ ਇਹ ਮੇਰੇ ਅਸਲੀ ਮਾਤਾ-ਪਿਤਾ ਨਹੀਂ ਹਨ। ਬੱਚਿਆਂ ਅਤੇ ਮਾਪਿਆ ਦੇ ਮਨਾਂ ਵਿਚ ਕਿਤੇ ਨਾ ਕਿਤੇ ਪਿਆਰ-ਸਤਿਕਾਰ ਦੀ ਜਗ੍ਹਾ ਵਿਤਕਰੇ-ਵਖਰੇਵੇਂ ਦੇ ਭਾਵ ਉਤਪੰਨ ਹੋਣੇ ਸ਼ੁਰੂ ਹੋ ਜਾਂਦੇ ਹਨ। ਜਿਸ ਨਾਲ ਅਜਿਹੇ ਪਰਿਵਾਰਾਂ ਦਾ ਜੀਵਨ ਵਿਸ਼ਾਦਮਈ ਬਣ ਜਾਂਦਾ ਹੈ।

ਅੰਤ ਵਿਚ ਆਖਿਆ ਜਾ ਸਕਦਾ ਹੈ ਕਿ ਡਾ. ਗੁਰੂਮੇਲ ਬਹੁਤ ਹੀ ਸੂਝਵਾਨ ਤੇ ਸੂਖ਼ਮ ਬੁੱਧੀ ਦਾ ਮਾਲਕ ਹੈ ਜਿਸਨੇ ਵਿਗਿਆਨ ਦੀਆਂ ਨਵੀਨ ਤਕਨੀਕਾਂ ਰਾਹੀ ਸੰਤਾਨ ਪੈਦਾ ਕਰਨ ਦੀ ਵਿਧੀ ਨੂੰ ਦਰੁੱਸਤ ਠਹਿਰਾਇਆ ਹੈ। ਇਸ ਖੋਜ ਤੋਂ ਪਹਿਲਾ ਭਾਵੇਂ ਸੈਂਕੜੇ ਹੀਲੇ-ਵਸੀਲੇ ਕੀਤੇ ਜਾਂਦੇ ਸਨ ਪਰ ਇਹ ਸਾਰੇ ਸਮਾਜ-ਸਭਿਆਚਾਰ ਵਿਚ ਆਪਣੀ ਹਸਤੀ ਕਾਇਮ ਨਹੀਂ ਕਰ ਸਕੇ। ਵਿਗਿਆਨ ਦੀ ਇਸ ਕਾਢ ਨਾਲ ਸੰਤਾਨਹੀਣੇ ਮਾਪਿਆਂ ਨੂੰ ਸਮਾਜ ਸਭਿਆਚਾਰ ਦੀਆਂ ਦੁਸ਼ਵਾਰੀਆਂ ਤੋਂ ਰਾਹਤ ਮਿਲ ਗਈ ਹੈ ਅਤੇ ਸੰਤਾਨਹੀਣੇ ਜੋੜਿਆਂ ਦਾ ਪੈਦਾ ਹੋਇਆ ਬੱਚਾ ਇਹਨਾਂ ਜੋੜਿਆਂ ਨੂੰ ਅਥਾਹ ਮਾਨਸਿਕ ਸੰਤੁਸ਼ਟੀ ਪ੍ਰਦਾਨ ਕਰਦਾ ਹੈ।

> ਏਦਾਂ ਕੁੱਖੋਂ ਜਣਿਆ ਬੱਚਾ
> ਟੈਸਟ ਟਿਊਬ ਬੇਬੀ ਕਹਿਲਾਵੇ
> ਅੰਗ ਭੋਗ ਸੰਗ ਜਣਿਆ ਵਾਕੁਰ
> ਗੂਠਾ ਚੁੰਘੇ ਹੱਸੇ ਗਾਵੇ।

ਭਾਵੇਂ ਪੰਜਾਬੀ ਸਾਹਿਤ ਵਿਚ ਕਾਵਿ ਨਾਟਕ ਦੀ ਪਰੰਪਰਾ ਬਹੁਤੀ ਬਲਵਾਨ ਨਜ਼ਰ ਨਹੀਂ ਆਉਂਦੀ ਪਰ ਇਸਦੇ ਬਾਵਜੂਦ ਕਵੀ ਨੇ ਲਘੂ ਆਕਾਰ ਰਾਹੀ ਵਿਗਿਆਨਕ ਸਚਾਈ ਨੂੰ ਪੇਸ਼ ਕਰਕੇ ਇਸ ਰੂਪਾਕਾਰ ਦੀ ਯੋਗਤਾ ਵਿਚ ਨਿੱਗਰ ਵਾਧਾ ਕੀਤਾ ਹੈ।

## ਸਿਰਫਿਰੇ ਬੰਦੂਕਧਾਰੀ ਵਲੋਂ ਟੈਕਸਸ ਦੇ ਗਿਰਜਾਘਰ 'ਚ ਗੋਲੀਬਾਰੀ ਨਾਲ ਬੱਚਿਆਂ ਅਤੇ ਬਜ਼ੁਰਗਾਂ ਸਮੇਤ 26 ਲੋਕ ਮਾਰੇ ਗਏ

ਪਰ ਉਸ ਦਾ ਨਾਮ ਨਹੀਂ ਦੱਸਿਆ ਗਿਆ। ਮੀਡੀਆ ਰਿਪੋਰਟਾਂ ਵਿੱਚ ਬੰਦੂਕਧਾਰੀ ਦਾ ਨਾਮ ਡੇਵਿਨ ਪੈਟਰਿਕ ਕੈਲੇ (26 ਸਾਲ) ਦੱਸਿਆ ਗਿਆ। ਪੁਲੀਸ ਨੇ ਕਿਹਾ ਕਿ ਬੰਦੂਕਧਾਰੀ ਨੇ ਆਪਣੇ ਵਾਹਨ ਵਿੱਚ ਸੜਕ ਪਾਰ ਕੀਤੀ ਅਤੇ ਬਾਹਰ ਆ ਕੇ ਰਗਰ ਏ.ਆਰ. ਅਸਾਲਟ ਰਾਈਫਲ ਨਾਲ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਮਗਰੋਂ ਉਹ ਗਿਰਜਾਘਰ ਦੇ ਸੱਜੇ ਪਾਸੇ ਮੁੜਿਆ ਅਤੇ ਗੋਲੀਬਾਰੀ ਕਰਦਿਆਂ ਇਮਾਰਤ ਅੰਦਰ ਦਾਖ਼ਲ ਹੋ ਗਿਆ। ਜਦੋਂ ਹਮਲਾਵਰ ਮੁੜਿਆ ਤਾਂ ਇਕ ਵਿਅਕਤੀ ਨੇ ਉਸ ਦਾ ਮੁਕਾਬਲਾ ਕਰਦਿਆਂ ਬੰਦੂਕ ਖੋਹ ਲਈ। ਇਸ ਵਿਅਕਤੀ ਨੇ ਭੱਜਦੇ ਹਮਲਾਵਰ ਉਤੇ ਗੋਲੀ ਵੀ ਚਲਾਈ। ਇਸ ਵਿਅਕਤੀ ਨੇ ਆਪਣੇ ਵਾਹਨ ਵਿੱਚ ਭੱਜ ਰਹੇ ਹਮਲਾਵਰ ਦਾ ਪਿੱਛਾ ਵੀ ਕੀਤਾ। ਹਮਲਾਵਰ ਬਾਅਦ ਵਿੱਚ ਆਪਣੇ ਵਾਹਨ ਵਿੱਚ ਮ੍ਰਿਤ ਮਿਲਿਆ।

### ਟਰੰਪ ਵੱਲੋਂ ਨਿਖੇਧੀ

ਵਾਸ਼ਿੰਗਟਨ/ਟੋਕੀਓ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਟੈਕਸਸ ਗਿਰਜਾਘਰ ਵਿੱਚ ਹੋਈ ਗੋਲੀਬਾਰੀ ਦੀ ਨਿਖੇਧੀ ਕੀਤੀ ਪਰ ਉਨ੍ਹਾਂ ਬੰਦੂਕ ਸੱਭਿਆਚਾਰ ਉਤੇ ਕਾਬੂ ਪਾਉਣ ਦੀ ਲੋੜ ਨੂੰ ਰੱਦ ਕੀਤਾ। ਜਾਪਾਨ ਦੌਰੇ ਉਤੇ ਗਏ ਟਰੰਪ ਨੇ ਕਿਹਾ ਕਿ "ਅਸੀਂ ਇਸ ਪੀੜ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ। ਇਸ ਹਮਲੇ ਵਿੱਚ ਆਪਣੇ ਪਿਆਰਿਆਂ ਨੂੰ ਗਵਾ ਦੇਣ ਵਾਲਿਆਂ ਦਾ ਦਰਦ ਸਾਡੀ ਸਮਝ ਤੋਂ ਪਰ੍ਹੇ ਹੈ।"

## ਨਵੰਬਰ 1984 ਦੇ ਸਿੱਖ ਨਸਲਘਾਤ ਵਿਚੋਂ ਹੀ ਅਜ਼ਾਦ ਸਿੱਖ ਰਾਜ ਦੀ ਮੰਗ ਪੈਦਾ ਹੋਈ : ਡਾ.ਇਕਤਿਦਾਰ ਚੀਮਾ

ਥਾਂ ਬਣਾ ਰਹੀਆਂ ਹਨ। ਸਾਨੂੰ ਵੀ ਸਹਿਯੋਗ ਕਰਨਾ ਚਾਹੀਦਾ ਹੈ ਕਿ ਇਹ ਅਸਲ ਵਿਚ ਸਾਡੀਆਂ ਮਾਵਾਂ, ਧੀਆਂ, ਭੈਣਾਂ, ਪਤਨੀਆਂ ਤੇ ਦੋਸਤ ਬਣਨ ਵੱਲ ਅੱਗੇ ਵਧਣ। ਆਪਸੀ ਸ਼ਹਿਯੋਗ ਨਾਲ ਹੀ ਸਮਾਜ ਅੱਗੇ ਵਧ ਸਕਦਾ ਹੈ। ਸਿੱਖ ਕੌਮ ਦੇ ਮਸਲੇ ਵਡੇ ਹਨ ਤੇ ਵਡੇ ਦਿਲ ਗੁਰਦੇ ਨਾਲ ਹੀ ਇਹ ਹੱਲ ਹੋਣੇ ਹਨ ਸਾਨੂੰ ਇਨਾਂ ਨੂੰ ਗੁਲਾਮ ਬਣਾਉਣ ਵੱਲ ਨਹੀਂ ਬਲਕਿ ਸੰਗੀ ਸਾਥੀ ਬਣਾ ਕੇ ਅਗੇ ਵਧਣਾ ਚਾਹੀਦਾ ਹੈ।

ਇਸ ਤੋਂ ਬਾਦ ਏ ਜੀ ਪੀ ਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ, ਜੋ ਸਟੇਜ ਸਕੱਤਰ ਦੀ ਭੂਮਿਕਾ ਨਿਭਾ ਰਹੇ ਸਨ, ਨੇ ਡਾਕਟਰ ਕਰਾਮਾਤ ਨੂੰ ਪੇਸ਼ ਕੀਤਾ ਜਿਨ੍ਹਾਂ ਨੇ ਮਿੱਠੀ ਪੰਜਾਬੀ ਵਿਚ ਸਾਰੇ ਵਿਚਾਰ ਰੱਖੇ। ਉਹ ਸਿੱਖ ਨਸਲਘਾਤ ਦੇ ਵਡੇ ਮਸਲੇ ਬਾਰੇ ਬੋਲੇ ਕਿ ਅਸਲ ਵਿਚ ਸੰਸਾਰ ਦੇ ਵਡੇ ਨਸਲਘਾਤਾਂ ਦੀ ਨਕਲ ਭਾਰਤੀ ਹਾਕਮਾਂ ਨੇ ਸੰਨ 1947 ਵਿਚ ਕੀਤੀ ਤੇ ਮੁੜ ਕੇ ਉਦੇ ਤਰਜ਼ ਉਤੇ ਜੂਨ ਤੇ ਨਵੰਬਰ 1984 ਵਿਚ ਸਿੱਖਾਂ ਦਾ ਵਡੇ ਪੈਮਾਨੇ ਉਤੇ ਨਸਲਘਾਤ ਕੀਤਾ ਜਿਸ ਵਿਚ 35 ਹਜ਼ਾਰ ਦੇ ਲਗਪਗ ਸਿੱਖ ਕਤਲ ਕਰ ਦਿਤੇ ਗਏ। ਸੰਯੁਕਤ ਰਾਸ਼ਟਰ ਸੰਘ ਦੀ ਪਰੀਭਾਸ਼ਾ ਅਨੁਸਾਰ ਇਹ ਵੱਡਾ ਕਤਲੇਆਮ ਸੀ ਜਿਸ ਵਿਚ ਭਾਰਤੀ ਸਰਕਾਰ, ਕਾਂਗਰਸ ਤੇ ਆਰ ਐਸ ਐਸ ਆਦਿ ਸ਼ਾਮਲ ਸਨ। ਅਜਿਹਾ ਨਸਲਘਾਤ ਫੇਰ ਵੀ ਵਾਪਰ ਸਕਦਾ ਹੈ ਜੇ ਸਿੱਖ ਕੌਮ ਇਸੇ ਤਰ੍ਹਾਂ ਅਵੇਸਲੀ ਰਹੀ। ਉਨ੍ਹਾਂ ਕਿਹਾ ਕਿ ਇਸੇ ਨਸਲਘਾਤ ਵਿਚੋਂ ਹੀ ਅਜ਼ਾਦੀ ਭਾਵ ਖਾਲਿਸਤਾਨ ਦੀ ਮੰਗ ਪੈਦਾ ਹੁੰਦੀ ਹੈ। ਇਕ ਸੱਚਾ ਮੁਸਲਮਾਨ ਹੋਣ ਕਰਕੇ ਤੇ ਇਤਿਹਾਸਕਾਰ ਹੋਣ ਕਰਕੇ ਇਹ ਉਨਾਂ ਦੀ ਜ਼ਿਮੇਵਾਰੀ ਹੈ ਕਿ ਉਹ ਸੱਚ ਤੇ ਪਹਿਰਾ ਦੇਂਦਿਆਂ ਇਸ ਬਾਰੇ ਅਵਾਜ਼ ਉਠਾਉਣ ਤੇ ਸਿੱਖ ਜਗਤ ਨੂੰ ਹੋਕਾ ਦੇ ਕੇ ਤਾਕਤਵਰ ਬਣਾਉਣ ਤੇ ਭਵਿਖ ਵਿਚ ਹੋਣ ਵਾਲੇ ਖਤਰਿਆ ਤੋਂ ਜਾਗਰਤ ਕਰਨ। ਸਿੱਖ ਕੌਮ ਨੂੰ 1947 ਵਾਲੀ ਗਲਤੀ ਫਿਰ ਕਦੇ ਨਹੀ ਦੁਹਰਾਉਣੀ ਚਾਹੀਦੀ ਤੇ ਸਦਾ ਹੀ ਸਬਕ ਸਿਖਦਿਆਂ ਅਜ਼ਾਦੀ ਵਾਲੇ ਮਾਰਗ ਤੇ ਅੱਗੇ ਵਧਣਾ ਚਾਹੀਦਾ ਹੈ।

ਭਾਈ ਹੋਠੀ ਨੇ ਦੋਵਾਂ ਵਿਦਵਾਨਾਂ ਦਾ ਧੰਨਵਾਦ ਕੀਤਾ ਤੇ ਖਾਲਿਸਤਾਨ ਦੇ ਸ਼ਹੀਦਾਂ ਦੇ ਪਰਿਵਾਰਾਂ ਵਿਚੋਂ ਜਥੇਦਾਰ ਸ਼ਹੀਦ ਭਾਈ ਕਾਉਂਕੇ ਦੀ ਧੀ ਬੀਬੀ ਸਰਬਜੀਤ ਕੌਰ ਤੇ ਸ਼ਹੀਦ ਭਾਈ ਬਲਜੀਤ ਸਿੰਘ ਦੀ ਭੈਣ ਬੀਬੀ ਜਸਵਿੰਦਰ ਕੌਰ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸਤੋਂ ਇਲਾਵਾ ਡਾ: ਹਰਸ਼ਿੰਦਰ ਕੌਰ ਤੇ ਡਾ: ਕਰਾਮਾਤ ਨੂੰ ਵੀ ਉਨਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਇਸ ਸੈਮੀਨਾਰ ਨੂੰ ਸੁਣਨ ਲਈ ਸੰਗਤਾਂ ਵਿਚ ਕਾਫੀ ਉਤਸ਼ਾਹ ਵੇਖਣ ਨੂੰ ਮਿਲਿਆ। ਪੂਰਾ ਹਾਲ ਭਰਿਆਂ ਹੋਇਆ ਸੀ ਜਿਸ ਵਿਚ ਹਰ ਉਮਰ ਦੀਆਂ ਸੰਗਤਾਂ ਸ਼ਾਮਲ ਸਨ।



# PANNU'S
LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY

Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

# Travel for Less Inc.



SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية

BBB IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
ROKU
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com